₹5

ਮਾਸਕ

# ਸੀਸ ਗੰਜ

Vol. 54 - Issue No. 9 SEPTEMBER 2017



ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ

# ਇਸ ਮਹੀਨੇ ਦਾ ਵਿਚਾਰ

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥

### ਅਰਥ:

ਉਮਾਹੜਾ - ਚਸ਼ਮੇ ਵਾਂਙੂ ਆਪਣੇ ਆਪ ਉਛਾਲੇ ਵਿੱਚ ਆਕੇ ਉਮਾਹੂ ਹੋਕੇ ਉਛਲਣ ਵਾਲਾ। ਮਾਇ - ਹੇ ਮਾਈ ! ਹੇ ਪਿਆਰੇ, ਹੇ ਗੁਰੂ, ਹੇ ਭਾਈ, ਹੇ ਸਤਿਸੰਗੀ, ਮਿਤ੍ਰ ਆਦਿ ਅਰਥਾਂ ਵਿੱਚ ਇਹ ਸੰਬੋਧਨ ਵਰਤਿਆ ਜਾਂਦਾ ਹੈ। ਸਹਾਈ ਪ੍ਰੇਮ ਕੇ - ਭਾਵ ਜਿਨ੍ਹਾਂ ਨੂੰ ਪ੍ਰੇਮ ਲੱਗਾ ਹੈ, ਉਨ੍ਹਾਂ ਦੀ ਸਹਾਇਤਾ ਕਰਦੇ ਹਨ। ਜਾਇ - ਜਗ੍ਹਾ, ਥਾਂ।

### ਭਾਵ ਅਰਥ:

ਅੱਸੂ ਦੁਆਰਾ (ਉਪਦੇਸ਼ ਹੈ ਕਿ) ਉਮਾਹੂ ਹੋ ਕੇ ਪ੍ਰੇਮ ਉਮਡਿਆ ਪਿਆ ਹੈ ਕਿ ਕਿਵੇਂ ਵਾਹਿਗੁਰੂ ਜੀ ਨੂੰ ਜਾ ਮਿਲੀਏ। ਹੇ ਮਾਈ! ਮਨ ਅਤੇ ਤਨ ਵਿੱਚ ਦਰਸ਼ਨ ਦੀ ਬਹੁਤ ਪਜਾਸ ਲੱਗ ਰਹੀ ਹੈ, ਕੋਈ ਆ ਕੇ (ਮੈਨੂੰ ਹਰੀ) ਮਿਲਾ ਦੇਵੇ। ਸੰਤ (ਵਾਹਿਗੁਰੂ) ਪ੍ਰੇਮ ਦੇ ਸਹਾਈ (ਕਹੀਦੇ) ਹਨ, ਮੈਂ ਹੁਣ ਉਹਨਾਂ ਦੇ ਚਰਨੀਂ ਜਾ ਲੱਗਾਂ। ਪ੍ਰਭੂ ਤੋਂ ਬਿਨਾਂ ਕਿਵੇਂ ਸੁਖ ਮਿਲ ਸਕਦਾ ਹੈ? (ਜਦ ਕਿ ਪ੍ਰਭੂ ਤੋਂ ਬਿਨਾਂ ਸੁਖਦਾਈ ਕੋਈ) ਦੂਜੀ ਜਗ੍ਹਾ ਹੈ ਹੀ ਨਹੀਂ। ਜਿਨ੍ਹਾਂ ਨੇ (ਵਾਹਿਗੁਰੂ ਜੀ ਦਾ) ਪ੍ਰੇਮ ਰਸ ਚਖਿਆ ਹੈ, ਉਹ ਰੱਜ ਰਹੇ ਤੇ ਤ੍ਰਿਪਤ ਹੋ ਰਹੇ ਹਨ। (ਆਓ ਅਸੀਂ ਬੀ) ਆਪਾ ਭਾਵ ਤਿਆਗ ਕੇ ਬੇਨਤੀ ਕਰੀਏ ਕਿ ਹੇ ਪ੍ਰਭੂ (ਜੀ! ਸਾਨੂੰ ਬੀ) ਲੜ ਲਾ ਲਓ। (ਕਿਉਂਕਿ) ਜੋ ਹਰਿ ਕੰਤ ਨੇ ਮਿਲਾ ਲਈਆਂ, ਓਹ (ਫੇਰ) ਕਦੇ ਬੀ ਵਿਛੜ ਨਹੀਂ ਜਾਂਦੀਆਂ, (ਭਾਵ ਵਾਹਿਗੁਰੂ ਜੀ ਦਾ ਪ੍ਰੇਮ ਅਵਿਨਾਸ਼ੀ ਹੈ) ਹੇ ਨਾਨਕ! ਵਾਹਿਗੁਰੂ ਜੀ ਤੋਂ ਬਿਨਾਂ (ਰਖਜਕ ਤੇ ਸਦਾ ਨਿਭਣ ਵਾਲਾ ਹੋਰ) ਦੂਜਾ ਕੋਈ ਨਹੀਂ, (ਇਸ ਲਈ ਅਸੀਂ) ਹਰੀ ਦੀ ਸ਼ਰਨ ਆਏ ਹਾਂ। ਅੱਸੂ ਵਿੱਚ ਜਿਨ੍ਹਾਂ ਉੱਤੇ ਪ੍ਰਕਾਸ਼ ਰੂਪ ਹਰੀ ਦੀ ਮਿਹਰ ਹੋਵੇ, ਉਹ ਸੁਖੀ ਵੱਸਦੀਆਂ ਹਨ (ਅਥਵਾ ਇਹ) ਅੱਸੂ (ਦ੍ਵਾਰੇ ਉਪਦੇਸ਼ ਹੈ)॥੮॥

ਇਸ ਮਹੀਨੇ ਵਿੱਚ ਫੇਰ ਉਸ ਬਿਰਹਨੀ ਦੁਆਰਾ ਜਗਜਾਸੂ ਦਾ ਜ਼ਿਕਰ ਹੈ, ਜਿਸ ਨੂੰ ਵਿਛੋੜੇ ਦੀ ਕਸਕ ਲੱਗ ਰਹੀ ਹੈ ਤੇ ਦਰਸ਼ਨ ਦੀ ਪਜਾਸ ਪ੍ਰਭੂ ਦੇ ਮੇਲ ਦੀਆਂ ਸੱਧਰਾਂ ਦੇ ਰਹੀ ਹੈ ਤੇ ਯਾਚਨਾ ਹੋ ਰਹੀ ਹੈ ਕਿ ਕੋਈ ਮਿਲਾਪ ਦਾ ਰਾਹ ਦੱਸੇ ਤੇ ਪ੍ਰਭੂ ਨੂੰ ਮਿਲ ਕੇ ਮਿਲਾਪ-ਸੁਖ ਪ੍ਰਾਪਤ ਹੋ ਜਾਵੇ।

ਟੀਕਾਕਾਰ: ਭਾਈ ਸਾਹਿਬ ਭਾਈ ਡਾ. ਵੀਰ ਸਿੰਘ ਜੀ

# ਸੀਸ ਗੰਜ

ਜਿਲਦ - 54, ਨੰਬਰ - 9
ਸਤੰਬਰ - 2017, ਭਾਦੋਂ / ਅੱਸੂ 2074

ਐਡੀਟੋਰੀਅਲ ਬੋਰਡ : ਸ੍ਰ. ਮਨਜੀਤ ਸਿੰਘ ਜੀ.ਕੇ.
ਸ੍ਰ. ਹਰਮੀਤ ਸਿੰਘ ਕਾਲਕਾ
ਸ੍ਰ. ਹਰਮਨਜੀਤ ਸਿੰਘ
ਸ੍ਰ. ਮਨਜਿੰਦਰ ਸਿੰਘ ਸਿਰਸਾ
ਸ੍ਰ. ਅਮਰਜੀਤ ਸਿੰਘ ਫਤਿਹ ਨਗਰ

ਚੀਫ ਐਡੀਟਰ : ਸ੍ਰ. ਮਨਜਿੰਦਰ ਸਿੰਘ ਸਿਰਸਾ

ਐਡੀਟਰ : ਸ੍ਰ. ਪਰਮਜੀਤ ਸਿੰਘ ਰਾਣਾ

ਪ੍ਰਿੰਟਰ ਤੇ ਪਬਲਿਸ਼ਰ : ਸ੍ਰ. ਅਜਮੇਰ ਸਿੰਘ
ਚੀਫ ਐਡਮਨਿਸਟ੍ਰੇਟਰ

ਫੋਟੋ : ਸ੍ਰੀ ਅਨੂਪ ਅਸਥਾਨਾ

'ਸੀਸ ਗੰਜ' ਮਾਸਕ ਵਿਚ ਪ੍ਰਕਾਸ਼ਤ ਲੇਖਾਂ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਅਤੇ ਖੋਜਾਂ ਨਾਲ ਸੰਪਾਦਕ ਅਤੇ ਐਡੀਟੋਰੀਅਲ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਵਿਚਾਰ ਉਨ੍ਹਾਂ ਦੇ ਨਿੱਜੀ ਹਨ।

ਸਭ ਵਾਦ-ਵਿਵਾਦ ਦਿੱਲੀ ਕੋਰਟ ਵਿੱਚ ਹੀ ਨਿਪਟਾਏ ਜਾਣਗੇ।

Printer and Publisher Ajmer Singh – Chief Administrator for Delhi Sikh Gurdwara Management Committee composed and printed at Gurupdesh Printers, Guru Granth Sahib Bhawan, Gurdwara Rakab Ganj Sahib and published from office, Guru Gobind Singh Bhawan, Gurdwara Rakab Ganj Sahib, New Delhi – 110001.

Email : editorsisganj@dsgmc.in
Website : www.dsgmc.in
For Enquiry : 23712580-81-82
23737328-29
104 (Extn.)
Total Pages : 1 to 64 (With Cover)

: ਚੰਦੇ ਦਾ ਵੇਰਵਾ :

| | |
|---|---|
| ਭੇਟਾ ਇੱਕ ਕਾਪੀ | 5/-ਰੁਪਏ |
| ਸਾਲਾਨਾ ਚੰਦਾ ਦੇਸ਼ | 50/-ਰੁਪਏ |
| ਲਾਈਫ਼ ਮੈਂਬਰ ਦੇਸ਼ | 500/-ਰੁਪਏ |
| ਸਾਲਾਨਾ ਚੰਦਾ ਵਿਦੇਸ਼ | 500/-ਰੁਪਏ |
| ਲਾਈਫ਼ ਮੈਂਬਰ ਵਿਦੇਸ਼ | 5000/-ਰੁਪਏ |

: ਚੰਦਾ ਭੇਜਣ ਦਾ ਪਤਾ :

ਜਨਰਲ ਮੈਨੇਜਰ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰੂ ਗੋਬਿੰਦ ਸਿੰਘ ਭਵਨ,
ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1

## ਸੀਸ ਗੰਜ ਦੇ ਇਸ ਅੰਕ 'ਚ

ਸੰਪਾਦਕੀ — 4
(ਸ੍ਰ. ਕੁਲਮੋਹਨ ਸਿੰਘ)

ਸਤੰਬਰ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ — 5

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਮਨੁੱਖੀ ਅਧਿਕਾਰਾਂ..... — 7
(ਡਾ. ਮਦਨਜੀਤ ਕੌਰ)

ਸ੍ਰੀ ਗੁਰੂ ਨਾਨਕ ਦੇਵ ਜੀ — 11
(ਸ੍ਰ. ਸੁਰਿੰਦਰ ਸਿੰਘ ਜੋਹਰ)

ਸ੍ਰੀ ਗੁਰੂ ਅੰਗਦ ਦੇਵ ਜੀ — 14
(ਡਾ. ਕੁਲਦੀਪ ਸਿੰਘ ਧੀਰ)

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ — 18
(ਡਾ. ਸਮਸ਼ੇਰ ਸਿੰਘ)

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ — 22
(ਪ੍ਰੋਫੈਸਰ ਜੋਗਿੰਦਰ ਸਿੰਘ)

ਭਲੇ ਅਮਰਦਾਸ ਗੁਣ ਤੇਰੇ — 26
(ਪ੍ਰੋ. ਕਿਰਪਾਲ ਸਿੰਘ ਬਡੂੰਗਰ)

ਸ੍ਰੀ ਗੁਰੂ ਅਮਰਦਾਸ ਜੀ — 30
(ਡਾ. ਗਿਆਨੀ ਭਜਨ ਸਿੰਘ)

ਸ੍ਰੀ ਗੁਰੂ ਰਾਮਦਾਸ ਜੀ — 35
(ਡਾ. ਪਰਮਜੀਤ ਕੌਰ ਯਮੁਨਾ ਨਗਰ)

ਸੱਚੀ ਬਾਣੀ ਅਤੇ ਕੱਚੀ ਬਾਣੀ — 38
(ਗਿਆਨੀ ਹਰਿਬੰਸ ਸਿੰਘ ਚੰਡੀਗੜ੍ਹ)

ਰਾਗੀ ਭਾਈ ਸਮੁੰਦ ਸਿੰਘ ਜੀ — 43
(ਰਾਗੀ ਭਾਈ ਅਵਤਾਰ ਸਿੰਘ)

ਸਰਗਰਮੀਆਂ (ਦਿੱ. ਸਿੱ. ਗੁ. ਪ੍ਰ. ਕਮੇਟੀ) — 47

ਚਿੱਠਾ ਆਮਦਨ ਖਰਚ — 59

# ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।

ਚਾਰ ਉਦਾਸੀਆਂ ਰਾਹੀਂ, ਦੇਸ਼ ਵਿਦੇਸ਼ ਦੀਆਂ ਲੰਮੀਆਂ ਯਾਤਰਾਵਾਂ ਕਰਨ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰ ਪੁਰ ਆ ਵਸੇ। ਆਪਣਾ ਬਾਕੀ ਦਾ ਸਾਰਾ ਜੀਵਨ ਉਨ੍ਹਾਂ ਨੇ ਕਰਤਾਰ ਪੁਰ ਵਿਖੇ ਹੀ ਗ੍ਰਹਿਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਅਤੇ ਸਿੱਖੀ ਦਾ ਪ੍ਰਚਾਰ ਕਰਦਿਆਂ ਬਿਤਾਇਆ। ਇਸ ਸਥਿਤੀ ਦਾ ਵਰਨਣ ਭਾਈ ਗੁਰਦਾਸ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ :

ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਵਰਤਾਰਾ।

ਭਾਈ ਲਹਿਣਾ ਜੀ ਨੇ ਇਥੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦੇ ਜੀਵਨ ਅਤੇ ਉਪਦੇਸ਼ਾਂ ਤੋਂ ਪ੍ਰਭਾਵਤ ਹੋ ਆਪਣੇ ਆਪ ਨੂੰ ਗੁਰੂ ਸਾਹਿਬ ਦੀ ਸੇਵਾ ਵਿਚ ਹੀ ਸਮਰਪਿਤ ਕਰ ਦਿੱਤਾ। ਸਿੱਖ ਇਤਿਹਾਸ ਅਨੁਸਾਰ ਭਾਈ ਲਹਿਣਾ ਜੀ ਨੇ ਕਰਤਾਰ ਪੁਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ 7 ਵਰ੍ਹੇ ਬਿਤਾਏ। ਇਸ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀ ਪ੍ਰਤਿਭਾ ਅਤੇ ਉਨ੍ਹਾਂ ਦੇ ਅੰਦਰ ਜਗਦੀ ਜੋਤ ਨੂੰ ਪਛਾਣਿਆ। ਇਸ ਸਮੇਂ ਦੌਰਾਨ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਹਿਜ ਸੁਭਾਵ ਭਾਈ ਲਹਿਣਾ ਜੀ ਦੀਆਂ ਪ੍ਰੀਖਿਆਵਾਂ ਵੀ ਲਈਆਂ, ਜਿਨ੍ਹਾਂ ਵਿਚੋਂ ਉਹ ਸਫਲਤਾ ਸਹਿਤ ਪਾਸ ਹੋਏ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਰ ਹੁਕਮ ਦੀ ਪਾਲਨਾ ਬਿਨਾ ਕਿਸੇ ਕਿੰਤੂ ਪ੍ਰੰਤੂ ਦੇ ਕੀਤੀ। ਜੇ ਉਨ੍ਹਾਂ ਨੇ ਕਿਚੜ ਨਾਲ ਭਿਜੇ ਘਾਹ ਦੀ ਪੰਡ ਚੁਕਣ ਲਈ ਕਿਹਾ ਤਾਂ ਉਨ੍ਹਾਂ ਨੇ ਝੱਟ ਉਸ ਨੂੰ ਸਿਰ 'ਤੇ ਉਠਾ ਲਿਆ। ਜੇ ਉਨ੍ਹਾਂ ਨੇ ਗੰਦੇ ਨਾਲੇ ਵਿਚੋਂ ਕਟੋਰਾ ਕੱਢਣ ਲਈ ਕਿਹਾ ਤਾਂ ਉਨ੍ਹਾਂ ਨੇ ਬਿਨਾ ਇਹ ਸੋਚੇ ਕਿ ਉਨ੍ਹਾਂ ਨੇ ਤਾਂ ਸਾਫ ਸੁਥਰੇ ਕਪੜੇ ਪਹਿਨੇ ਹੋਏ ਹਨ, ਗੰਦੇ ਨਾਲੇ ਵਿਚ ਕੁਦ ਪਏ। ਵੇਹੜੇ ਵਿਚ ਪਈ ਹੋਈ ਮਰੀ ਹੋਈ ਚੂਹੀ ਚੁਕ ਕੇ ਬਾਹਰ ਸੁੱਟੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਹਨੇਰੀ ਬਰਸਾਤੀ ਰਾਤ ਵਿਚ ਆਪਣੇ ਕਪੜੇ ਧੋਣ ਲਈ ਰਾਵੀ ਦਰਿਆ 'ਤੇ ਭੇਜਿਆ ਤਾਂ ਉਨ੍ਹਾਂ ਨੇ ਦੇਰ ਨਾ ਲਗਾਈ। ਝੱਟ ਕਪੜੇ ਧੋ ਲਿਆਂਦੇ। ਜੇ ਇਨ੍ਹਾਂ ਸਾਰੀਆਂ ਪਰੀਖਿਆਵਾਂ ਨੂੰ ਗੁਰੂ ਆਸ਼ੇ ਅਨੁਸਾਰ ਵੇਖਿਆ-ਪਰਖਿਆ ਜਾਏ ਤਾਂ ਸਪਸ਼ਟ ਜਾਪਣ ਲਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਜੋ ਪਰੀਖਿਆਵਾਂ ਭਾਈ ਲਹਿਣਾ ਜੀ ਦੀਆਂ ਲਈਆਂ ਉਹ ਸਾਰਿਆਂ ਹੀ ਸਿੱਖੀ ਆਸ਼ੇ ਆਦਰਸ਼ਾਂ ਅਤੇ ਪ੍ਰੰਪਰਾਵਾਂ ਦੇ ਅਨੁਕੂਲ ਹੀ ਸਨ। ਜਿਵੇਂ ਕਿ ਕਿਸੇ ਵੀ ਤਰ੍ਹਾਂ ਦੀ ਕਿਰਤ ਕਰਨ ਤੋਂ ਸੰਕੋਚ ਨਹੀਂ ਕਰਨਾ। ਕੰਮ ਕਿਤਨਾ ਵੀ ਨੀਵਾਂ ਹੋਵੇ, ਨਾ ਉਸ ਨੂੰ ਨਾ ਹੀ ਉਸ ਨੂੰ ਕਰਨ ਵਾਲਿਆ ਨੂੰ ਮਾੜਿਆਂ ਸਮਝਣਾ। ਹਰ ਜ਼ਿੰਮੇਵਾਰੀ ਖਿੜੇ ਮੱਥੇ ਪੂਰਿਆਂ ਕਰਨਾ। ਦੇਰ ਸਵੇਰ ਦਾ ਭੇਦ ਨਹੀਂ ਕਰਨਾ ਆਦਿ।

ਜਦੋਂ ਭਾਈ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਸੋਟੀ 'ਤੇ ਪੂਰੇ ਉਤਰੇ ਤਾਂ ਗੁਰੂ ਸਾਹਿਬ ਨੇ ਆਪਣਾ ਸਮਾਂ ਨੇੜੇ ਆਇਆ ਜਾਣ ਗੁਰਗੱਦੀ ਦੀ ਬਖਸ਼ਿਸ਼ ਭਾਈ ਲਹਿਣਾ ਜੀ ਨੂੰ ਕਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਸਥਾਪਤ ਕਰ ਦਿੱਤਾ। ਅਤੇ ਇਸ ਦੇ ਨਾਲ ਹੀ ਉਦਾਸੀਆਂ ਦੌਰਾਨ ਭਗਤਾਂ, ਪੀਰਾਂ ਆਦਿ ਦੀ ਇਕੱਤਰ ਕੀਤੀ ਬਾਣੀ ਦੇ ਨਾਲ ਹੀ ਆਪਣੇ ਵਲੋਂ ਰਚੀ ਬਾਣੀ ਦੀ ਸੌਂਪਣਾ ਉਨ੍ਹਾਂ ਨੂੰ ਕਰ ਦਿੱਤੀ। ਇਸ ਮੌਕੇ ਦੀ ਗਵਾਹੀ ਭਰਦਿਆਂ ਸਤਾ ਬਲਵੰਡ ਨੇ ਲਿਖਿਆ :

ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥
ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥
ਸਹਿ ਟਿਕਾ ਦਿਤੋਸੁ ਜੀਵਦੈ ॥

ਇਸੇ ਤਰ੍ਹਾਂ ਭਾਈ ਗੁਰਦਾਸ ਜੀ ਨੇ ਇਸ ਸਥਿਤੀ ਦਾ ਵਰਨਣ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ :

ਗੁਰੁ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।
ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।

ਮੁਹਸਨ ਫਾਨੀ ਅਨੁਸਾਰ ਗੁਰੂ ਨਾਨਕ ਕੇਵਲ ਨੂਰ ਹੀ ਸਨ। ਜਦੋਂ ਉਨ੍ਹਾਂ ਨੇ ਸਰੀਰ ਰੂਪੀ ਚੋਲੇ ਨੂੰ ਤਿਆਗਿਆ ਤਾਂ ਆਪਣੇ ਖਾਸ ਸੇਵਕ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚ ਪ੍ਰਵੇਸ਼ ਕਰ ਲਿਆ। ਇਸ ਕਰਕੇ ਗੁਰੂ ਅੰਗਦ ਦੇਵ ਜੀ ਸਾਕਾਰ ਨਾਨਕ ਹੀ ਹਨ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਦਾ ਸਰੂਪ ਬਖਸ਼ ਆਪਣੀ ਜੋਤਿ ਉਨ੍ਹਾਂ ਵਿਚ ਟਿਕਾ ਆਪ ਜੋਤੀ ਜੋਤਿ ਸਮਾ ਗਏ।

– ਕੁਲਮੋਹਨ ਸਿੰਘ
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

# ਸਤੰਬਰ ਮਹੀਨੇ ਦੀਆਂ ਸਿੱਖ ਇਤਿਹਾਸਕ ਘਟਨਾਵਾਂ

1 ਸਤੰਬਰ : * ਭਾਈ ਬਚਿੱਤਰ ਸਿੰਘ ਨੇ ਕਿਲ੍ਹਾ ਲੋਹਗੜ (ਅਨੰਦਪੁਰ ਸਾਹਿਬ) ਬਚਾਉਣ ਲਈ ਖ਼ੂਨੀ ਹਾਥੀ ਨਾਲ ਮੁਕਾਬਲਾ ਕੀਤਾ (1700 ਈ.)
* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਗੰਗਸਰ ਵਿਖੇ ਖੰਡਤ ਹੋਏ ਅਖੰਡ ਪਾਠ ਲਈ 25 ਸਿੰਘਾਂ ਦਾ ਜੱਥਾ ਭੇਜਿਆ (1923 ਈ.)
* 500 ਅਕਾਲੀ ਸਿੰਘਾਂ ਦੇ ਗਿਆਰਵੇਂ ਜੱਥੇ ਨੇ ਜੈਤੋ ਪਹੁੰਚ ਕੇ ਗ੍ਰਿਫ਼ਤਾਰੀ ਦਿੱਤੀ (1924 ਈ.)

2 ਸਤੰਬਰ : * ਬਾਬਾ ਸਿਰੀ ਚੰਦ ਦਾ ਜਨਮ ਹੋਇਆ (1494 ਈ.)
* ਬਾਬਾ ਵਡਭਾਗ ਸਿੰਘ ਦਾ ਜਨਮ ਹੋਇਆ (1702 ਈ.)
* ਰਾਗੀ ਭਾਈ ਹੀਰਾ ਸਿੰਘ ਚਲਾਣਾ ਕਰ ਗਏ (1926 ਈ.)
* ਸਰਬੱਤ ਖਾਲਸਾ ਸੰਮੇਲਨ ਹੋਇਆ (1984 ਈ.)

3 ਸਤੰਬਰ : * ਮਾਧੋ ਦਾਸ ਬੈਰਾਗੀ ਨੇ ਅੰਮ੍ਰਿਤ ਛੱਕਿਆ (1708 ਈ.)
* ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤਸਰ ਦੇ ਸਿੰਘਾਂ ਦਾ ਜੱਥਾ ਜਥੇਦਾਰ ਚੰਨਣ ਸਿੰਘ ਦੀ ਜਥੇਦਾਰੀ ਹੇਠ ਗੁਰੂ ਕਾ ਬਾਗ਼ ਲਈ ਰਵਾਨਾ ਹੋਇਆ (1922 ਈ.)
* ਪਿੰਡ ਤੇੜਾ ਖੁਰਦ ਦੇ ਸ੍ਰ. ਤਾਰਾ ਸਿੰਘ ਅਤੇ ਸ੍ਰ. ਆਸਾ ਸਿੰਘ ਪੁਲਿਸ ਦੀ ਮਾਰ ਕੁਟਾਈ ਨਾਲ ਸ਼ਹੀਦ ਹੋਏ (1922 ਈ.)
* ਪੰਡਤ ਮਦਨ ਮੋਹਨ ਮਾਲਵੀਆ, ਸਰ ਜੋਗਿੰਦਰ ਸਿੰਘ ਅਤੇ ਹੋਰ ਸਰਕਰਦਾ ਅਕਾਲੀ ਆਗੂਆਂ ਨਾਲ ਪੁਲਿਸ ਦੀ ਬਦਸਲੂਕੀ (1923 ਈ.)

4 ਸਤੰਬਰ : * ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਪਹਿਲੀ ਮੀਟਿੰਗ ਟਾਊਨ ਹਾਲ, ਅੰਮ੍ਰਿਤਸਰ ਵਿਚ ਹੋਈ (1926 ਈ.)

5 ਸਤੰਬਰ : * ਜਥੇਦਾਰ ਪ੍ਰਿਥੀਪਾਲ ਸਿੰਘ 101 ਸਿੰਘਾਂ ਦਾ ਜੱਥਾ ਲੈ ਕੇ ਗੁਰੂ ਕਾ ਬਾਗ਼ ਲਈ ਰਵਾਨਾ ਹੋਇਆ (1922 ਈ.)

6 ਸਤੰਬਰ : * ਗਿਆਨੀ ਦਿੱਤ ਸਿੰਘ ਚਲਾਣਾ ਕਰ ਗਏ (1901 ਈ.)
* ਗੁਰਦੁਆਰਾ ਤੇਜਾ ਕਲਾਂ (ਗੁਰਦਾਸਪੁਰ) ਸੰਗਤੀ ਪ੍ਰਬੰਧ ਹੇਠ ਆਇਆ (1922 ਈ.)
* ਜਥੇਦਾਰ ਪ੍ਰਤਾਪ ਸਿੰਘ ਖੁਰਦਪੁਰ ਜਲੰਧਰ ਦੇ 101 ਸਿੰਘਾਂ ਦਾ ਜੱਥਾ ਲੈ ਕੇ ਗੁਰੂ ਕਾ ਬਾਗ਼ ਰਵਾਨਾ ਹੋਏ (1922 ਈ.)

7 ਸਤੰਬਰ : * ਲੱਖਾਂ ਸਿੰਘਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੱਦੇ ਉਤੇ ਦਿੱਲੀ ਵਿਚ ਮੁਜਾਹਰਾ ਕੀਤਾ ਅਤੇ ਮੰਗਾਂ ਦਾ ਚਾਰਟਰ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਸੌਂਪਿਆ (1981 ਈ.)

8 ਸਤੰਬਰ : * ਗੜਗੱਜ ਅਕਾਲੀ ਜੱਥਾ ਜਥੇਦਾਰ ਸੁੰਦਰ ਸਿੰਘ ਚੋਹਲਾ ਸਾਹਿਬ ਦੀ ਅਗਵਾਈ ਹੇਠ ਗੁਰੂ ਕਾ ਬਾਗ਼ ਲਈ ਰਵਾਨਾ ਹੋਇਆ (1922 ਈ.)
* ਸਰਕਾਰ ਨੇ ਗੁਰੂ ਕਾ ਬਾਗ਼ ਜਾਣ ਵਾਲੇ ਜੱਥਿਆਂ ਦੀ ਮਾਰ ਕੁਟਾਈ ਬੰਦ ਕਰਨ ਦਾ ਐਲਾਨ ਕੀਤਾ (1922 ਈ.)

9 ਸਤੰਬਰ : * ਅਕਾਲੀ ਜੱਥਾ ਦੇ 101 ਸਿੰਘਾਂ ਦਾ ਜੱਥਾ ਗੁਰੂ ਕਾ ਬਾਗ਼ ਲਈ ਰਵਾਨਾ ਹੋਇਆ (1922 ਈ.)

10 ਸਤੰਬਰ : * ਗੁਰੂ ਨਾਨਕ ਸਾਹਿਬ ਦਾ ਮਾਤਾ ਸੁਲੱਖਣੀ ਨਾਲ ਵਿਆਹ ਹੋਇਆ (1487 ਈ.)
* ਭਾਈ ਗੁਰਦਾਸ ਜੀ ਚਲਾਣਾ ਕਰ ਗਏ (1637 ਈ.)
* ਸ੍ਰ. ਕਰਮ ਸਿੰਘ ਹਿਸਟੋਰੀਅਨ ਚਲਾਣਾ ਕਰ ਗਏ (1930 ਈ.)

12 ਸਤੰਬਰ : * ਸਾਰਾ ਗੜੀ ਦਾ ਸਾਕਾ ਹੋਇਆ (1897 ਈ.)
* ਇਸਾਈ ਪਾਦਰੀ ਐਂਡਰਿਊਸ ਗੁਰੂ ਕਾ ਬਾਗ਼ ਵਿਖੇ ਹੁੰਦੀ ਮਾਰ ਕੁਟਾਈ ਦੇਖਣ ਅੰਮ੍ਰਿਤਸਰ ਆਇਆ (1922 ਈ.)
* ਧਰਮਯੁੱਧ ਮੋਰਚੇ ਦੇ 34 ਸਿੰਘ ਤਰਨਤਾਰਨ ਨੇੜੇ ਗੱਡੀ ਹੇਠ ਕੁਚਲੇ ਗਏ (1982 ਈ.)

13 ਸਤੰਬਰ : * ਗੁਰੂ ਕਾ ਬਾਗ ਵਿਖੇ ਅਕਾਲੀ ਸਿੰਘਾਂ ਦੀ ਮਾਰ ਕੁਟਾਈ ਬੰਦ ਹੋਈ (1922 ਈ.)

* ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸਥਾਪਨਾ ਪਿਛੋਂ ਪਹਿਲੀ ਚੋਣ ਹੋਈ (1944 ਈ.)

14 ਸਤੰਬਰ : * ਨਵਾਬ ਜ਼ਬੀਤਾ ਖਾਨ ਅੰਮ੍ਰਿਤ ਛੱਕ ਕੇ ਸ੍ਰ. ਧਰਮ ਸਿੰਘ ਬਣਿਆ (1777 ਈ.)
* ਰਾਜਾ ਸ਼ੇਰ ਸਿੰਘ ਅਟਾਰੀ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਐਲਾਨ-ਏ-ਜੰਗ ਕੀਤਾ (1848 ਈ.)

15 ਸਤੰਬਰ : * ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਅਤੇ ਰਾਜਾ ਧਿਆਨ ਸਿੰਘ ਡੋਗਰਾ ਕਤਲ ਕੀਤੇ ਗਏ (1843 ਈ.)
* ਅਕਾਲ ਤਖ਼ਤ ਸਾਹਿਬ ਤੋਂ ਭਾਈ ਰਣਧੀਰ ਸਿੰਘ ਸਨਮਾਨਤ ਕੀਤੇ ਗਏ (1931 ਈ.)

16 ਸਤੰਬਰ : * ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਏ (1574 ਈ.)
* ਗੁਰੂ ਰਾਮਦਾਸ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ (1574 ਈ.)
* ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾਏ (1581 ਈ.)
* ਗੁਰੂ ਅਰਜਨ ਦੇਵ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ (1581 ਈ.)

17 ਸਤੰਬਰ : * ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਲਗਭਗ ਸਾਰੇ ਕੈਦੀ ਰਿਹਾ ਕੀਤੇ ਗਏ (1926 ਈ.)

18 ਸਤੰਬਰ : * ਗੁਰੂ ਅੰਗਦ ਦੇਵ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ (1539 ਈ.)
* ਭੰਗਾਣੀ ਵਿਖੇ ਸਿੱਖਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵਿਚ ਯੁੱਧ ਹੋਇਆ (1686 ਈ.)
* ਮਹਾਰਾਜਾ ਦਲੀਪ ਸਿੰਘ ਨੂੰ ਰਾਜ ਤਿਲਕ ਦਿੱਤਾ ਗਿਆ (1843 ਈ.)
* ਅਕਾਲ ਤਖ਼ਤ ਸਾਹਿਬ ਤੋਂ ਤੇਰਵੇਂ ਸ਼ਹੀਦੀ ਜੱਥੇ ਦੀ ਭਾਈ ਲੱਖਾ ਸਿੰਘ ਦੀ ਅਗਵਾਈ ਵਿਚ ਜੈਤੋ ਲਈ ਰਵਾਨਗੀ ਹੋਈ (1924 ਈ.)

19 ਸਤੰਬਰ : * ਗੁਰੂ ਕਾ ਬਾਗ਼ ਵਿਖੇ ਪੁਲਿਸ ਵਧੀਕੀਆਂ ਦਾ ਸ਼ਿਕਾਰ ਹੋਏ ਸਿੰਘਾਂ ਦੀ ਹਮਾਇਤ ਵਿਚ ਜਲਿਆਂ ਵਾਲਾ ਬਾਗ਼ ਵਿਖੇ ਰੋਸ ਜਲੂਸ ਨਿਕਲਿਆ (1922 ਈ.)

20 ਸਤੰਬਰ * ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਅਬਚਲ ਨਗਰ (ਨੰਦੇੜ) ਦੇ ਪ੍ਰਬੰਧਕੀ ਬੋਰਡ ਦੀ ਸਥਾਪਨਾ ਹੋਈ (1956 ਈ.)
* ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਅੰਮ੍ਰਿਤਸਰ ਵਿਖੇ ਇਤਿਹਾਸਕ ਸਮਾਗਮ ਹੋਇਆ (1983 ਈ.)

21 ਸਤੰਬਰ : * ਰਾਣੀ ਜਿੰਦਾਂ ਦੇ ਭਰਾ ਭਾਈ ਜਵਾਹਰ ਸਿੰਘ ਦਾ ਕਤਲ ਹੋਇਆ (1845 ਈ.)
* ਪੰਜਾਬੀ ਸੂਬੇ ਦੇ ਹੱਕ ਵਿਚ ਨਾਅਰੇ ਮਾਰਦੇ ਬਾਲਕ ਇੰਦਰਜੀਤ ਸਿੰਘ ਦੀ ਕਰਨਾਲ ਵਿਖੇ ਸ਼ਹੀਦੀ ਹੋਈ (1960 ਈ.)

22 ਸਤੰਬਰ : * ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ (1539 ਈ.)
* ਬੁੰਡਾਲਾ (ਜ਼ਿਲਾ ਜਲੰਧਰ) ਵਿਖੇ ਹੋਈ ਅਕਾਲੀ ਕਾਨਫਰੰਸ ਨੇ ਰਾਜਾ ਜੀ ਫਾਰਮੂਲਾ ਰੱਦ ਕੀਤਾ (1944 ਈ.)

23 ਸਤੰਬਰ : * ਪੰਜਾਬ ਦੀਆਂ ਸਮੱਸਿਆਵਾਂ ਉਤੇ ਵਿਚਾਰ ਕਰਨ ਲਈ ਕਾਂਗਰਸ ਨੇ ਤਿੰਨ ਮੈਂਬਰੀ ਕਮੇਟੀ ਕਾਇਮ ਕੀਤੀ। ਇਸ ਕਮੇਟੀ ਵਿਚ ਸ੍ਰੀ ਮਤੀ ਇੰਦਰਾ ਗਾਂਧੀ, ਮਹਾਵੀਰ ਤਿਆਗੀ ਅਤੇ ਵਾਈ. ਬੀ. ਚਵਾਨ ਸ਼ਾਮਿਲ ਕੀਤੇ ਗਏ। ਇਸ ਕਮੇਟੀ ਨੇ ਪੰਜਾਬੀ ਸੂਬਾ ਬਨਾਉਣ ਦੀ ਸਿਫ਼ਾਰਿਸ਼ ਕੀਤੀ (1965 ਈ.)

24 ਸਤੰਬਰ : * ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਦੀ ਮੁੜ ਉਸਾਰੀ ਹੋਈ (1969 ਈ.)

25 ਸਤੰਬਰ : * ਭਾਰਤ ਸਰਕਾਰ ਨੇ ਕ੍ਰਿਪਾਨ 'ਤੇ ਲੱਗੀ ਪਾਬੰਦੀ ਵਾਪਸ ਲਈ (1935 ਈ.)
* ਸਰਬ ਪਾਰਟੀ ਕਾਨਫਰੰਸ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕੀਤੀ (1969 ਈ.)

26 ਸਤੰਬਰ : * ਨਿਰੰਕਾਰੀ ਸਮਾਗਮ ਦਾ ਵਿਰੋਧ ਕਰਦਿਆਂ ਕਾਨਪੁਰ ਵਿਖੇ 10 ਸਿੰਘ ਸ਼ਹੀਦ ਹੋਏ (1978 ਈ.)

27 ਸਤੰਬਰ : * ਗੁਰਦੁਆਰਾ ਚੁਮਾਲਾ ਸਾਹਿਬ ਸੰਗਤੀ ਪ੍ਰਬੰਧ ਹੇਠ ਆਇਆ (1920 ਈ.)

28 ਸਤੰਬਰ : * ਸ਼੍ਰੋਮਣੀ ਅਕਾਲੀ ਦਲ ਨੇ ਕ੍ਰਿਪਾਨ ਅਤੇ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਮਹਾਤਮਾ ਗਾਂਧੀ ਦੇ ਕਥਨਾਂ ਦੀ ਨਿਖੇਧੀ ਕੀਤੀ (1940 ਈਸਵੀ)
* ਅਕਾਲੀ ਕਾਨਫਰੰਸ ਵੱਲੋਂ ਸੂਬਿਆਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਕੀਤੀ ਗਈ (1968 ਈ.)

29 ਸਤੰਬਰ : * ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ ਹੋਇਆ (1690 ਈ.)
* ਬਜਬਜ ਘਾਟ ਵਿਖੇ ਕਾਮਾਗਾਟਾ ਮਾਰੂ ਜਹਾਜ ਦੇ ਮੁਸਾਫ਼ਰਾਂ ਉਤੇ ਪੁਲਿਸ ਜ਼ਬਰ ਹੋਇਆ (1914 ਈ.)
* ਭਾਰਤ ਸਰਕਾਰ ਨੇ ਤੋਸ਼ੇਖਾਨੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਨੂੰ ਮੋੜੀਆਂ (1984 ਈ.)

30 ਸਤੰਬਰ * ਨੀਲਾ ਤਾਰਾ ਆਪਰੇਸ਼ਨ ਦੇ ਵਿਰੋਧ ਵਿਚ ਅਮਰੀਕਾ ਵਿੱਚ ਸਿੱਖਾਂ ਵਿਖਾਵਾ ਕੀਤਾ (1984 ਈ.)



# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਮਨੁੱਖੀ ਅਧਿਕਾਰਾਂ ਦਾ ਸੰਕਲਪ

ਅਧਿਕਾਰ ਉਹ ਹਨ ਜਿਸ ਦੀ ਤਲਬ ਵਿਅਕਤੀ ਸਮਾਜ ਤੋਂ ਕਰਦਾ ਹੈ। ਮਨੁੱਖ ਦੀ ਸ਼ਖ਼ਸੀਅਤ ਦੇ ਵਿਕਾਸ ਲਈ ਇਹ ਜ਼ਰੂਰੀ ਸ਼ਰਤਾਂ ਹਨ। ਪ੍ਰਸਿੱਧ ਰਾਜਨੀਤੀ ਸ਼ਾਸਤ੍ਰ ਦੇ ਵਿਦਵਾਨ ਲਾਸਕੀ ਦਾ ਕਥਨ ਹੈ, 'ਅਸਲ ਵਿਚ ਅਧਿਕਾਰ ਸਮਾਜ ਦੀਆਂ ਉਹ ਪਰਿਸਥਿਤੀਆਂ ਹਨ ਜਿਨ੍ਹਾਂ ਤੋਂ ਬਗੈਰ ਮਨੁੱਖ ਸੰਪੂਰਨ ਨਹੀਂ ਬਣ ਸਕਦਾ।'

ਮਨੁੱਖੀ ਅਧਿਕਾਰਾਂ ਦੀ ਵਿਚਾਰਧਾਰਾ ਦਾ ਢਾਂਚਾ ਉਨੀਂਵੀਂ ਸਦੀ ਦੀ ਪ੍ਰਾਪਤੀ ਹੈ, ਪਰ ਮਨੁੱਖੀ ਹੱਕਾਂ ਦੀ ਚੇਤਨਾ ਮਨੁੱਖੀ ਵਿਚਾਰਧਾਰਾ ਦੇ ਵਿਕਾਸ ਦੀ ਪ੍ਰਗਤੀ ਦਾ ਸਿੱਟਾ ਹੈ। ਇਤਿਹਾਸਕ ਪਰਪੇਖ ਵਿੱਚ ਮਨੁੱਖੀ ਅਧਿਕਾਰਾਂ ਦਾ ਸੰਕਲਪ ਆਧੁਨਿਕ ਕਾਲ ਵਿਚ ਸਮਾਜਿਕ ਪ੍ਰਬੰਧਾਂ ਦੀ ਆਲੋਚਨਾ ਵਜੋਂ ਪੈਦਾ ਹੋਇਆ। ਇਸ ਦਾ ਲਹਿਜਾ ਗਰਮ-ਖਿਆਲੀਆ ਸੀ ਅਤੇ ਮੰਤਵ ਕ੍ਰਾਂਤੀਕਾਰੀ। ਅਮਰੀਕਾ ਦੀ ਕ੍ਰਾਂਤੀ ਅਤੇ ਫਰਾਂਸ ਦੀ ਕ੍ਰਾਂਤੀ ਦਾ ਮਨੁੱਖੀ ਅਧਿਕਾਰਾਂ ਦੇ ਸੰਕਲਪ ਤੇ ਡੂੰਘਾ ਪ੍ਰਭਾਵ ਪਿਆ।

ਦੁਨੀਆਂ ਦੀ ਦੂਸਰੀ ਜੰਗ ਤੋਂ ਉਪਰੰਤ ਯੂਨਾਈਟਿਡ ਨੇਸ਼ਨਜ਼ ਆਰਗੇਨਾਈਜੇਸ਼ਨ ਦੀ ਸਰਪ੍ਰਸਤੀ ਹੇਠ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਸਮੂਹਿਕ ਯਤਨ ਕੀਤੇ ਗਏ ਅਤੇ ਬਾਅਦ ਵਿੱਚ ਅਮਨੈਸਿਟੀ ਇੰਟਰਨੈਸ਼ਨਲ ਦੇ ਸੰਗਠਨ ਹੇਠ ਮਾਨਵੀ ਅਧਿਕਾਰਾਂ ਦੀ ਸੁਰੱਖਿਆ ਲਈ ਵਿਸ਼ਵ-ਵਿਆਪੀ ਪੱਧਰ ਤੇ ਉਪਰਾਲੇ ਹੋ ਰਹੇ ਹਨ ਅਤੇ ਇਹ ਯਤਨ ਵੀ ਕੀਤਾ ਜਾ ਰਿਹਾ ਹੈ ਕਿ ਕਿਤੇ ਕਿਸੇ ਦੇਸ਼ ਦੀ ਹਕੂਮਤ ਜਾਂ ਕਿਸੇ ਰਾਜਨੀਤਿਕ ਪ੍ਰਬੰਧ ਵੱਲੋਂ ਮਨੁੱਖੀ ਅਧਿਕਾਰਾਂ ਦੀ ਅਵਹੇਲਨਾ ਤਾਂ ਨਹੀਂ ਹੋ ਰਹੀ। ਇਸ ਸੰਗਠਨ ਨੇ ਤੀਸਰੀ ਦੁਨੀਆਂ ਦੇ ਮੁਲਕਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਸ਼ਲਾਘਾਯੋਗ ਕੰਮ ਵੀ ਕੀਤਾ ਹੈ।

ਮਨੁੱਖੀ ਅਧਿਕਾਰਾਂ ਦਾ ਵਿਸ਼ੇਸ਼ ਕਰਕੇ ਅਜੋਕੇ ਯੁੱਗ ਦਾ ਪ੍ਰਬਲ ਮਸਲਾ ਹੈ ਅਤੇ ਕਾਨੂੰਨੀ ਪੱਧਰ ਤੇ ਇਸ ਦੀ ਸੁਰੱਖਿਆ ਖੇਤਰੀ ਅਤੇ ਰਾਸ਼ਟਰੀ ਸੀਮਾ ਦੀ ਹੱਦਬੰਦੀ ਤੋਂ ਅੰਤਰ-ਰਾਸ਼ਟਰੀ ਘੇਰੇ ਵਿਚ ਪਹੁੰਚ ਚੁੱਕੀ ਹੈ। ਇਹ ਹੈ ਮਨੁੱਖੀ ਅਧਿਕਾਰਾਂ ਦੇ ਵਿਕਾਸ ਦੀ ਛੋਟੀ ਕਹਾਣੀ। ਏਸੇ ਪਿਠਭੂਮੀ ਦੇ ਪਰਿਪੇਖ ਵਿਚ ਅਸੀਂ ਮਨੁੱਖੀ ਅਧਿਕਾਰਾਂ ਪ੍ਰਤੀ ਪੰਦਰਵੀਂ ਤੇ ਸੋਲ੍ਹਵੀਂ ਸਦੀ ਦੇ ਸਿੱਖ ਚਿੰਤਨ ਦੇ ਮਿਆਰ ਦਾ ਅਧਿਐਨ ਵਿਸ਼ੇਸ਼ ਤੌਰ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸੰਦਰਭ ਵਿਚ ਕਰਾਂਗੇ।

ਅਧਿਐਨ ਅਧੀਨ ਵਿਸ਼ੇਸ਼ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਅਹਿਮ ਨੁਕਤਿਆਂ ਤੇ ਕੇਂਦਰਿਤ ਹੈ, ਜਿਸ ਦਾ ਸਬੰਧ ਮਾਨਵੀ ਹੱਕਾਂ

ਪ੍ਰਤੀ ਗੁਰੂ ਸਾਹਿਬ ਦੇ ਰਵੱਈਏ ਅਤੇ ਉਨ੍ਹਾਂ ਦੇ ਉਪਦੇਸ਼ਾਂ ਨਾਲ ਸੰਬੰਧਿਤ ਸੰਸਾਰਿਕ ਮੁੱਦਿਆਂ ਨਾਲ ਜੁੜਿਆ ਹੋਇਆ ਹੈ। ਬੁਨਿਆਦੀ ਤੌਰ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਧਾਰਮਿਕ ਸਾਹਿਤ ਹੈ, ਪਰ ਉਨ੍ਹਾਂ ਦੇ ਉਪਦੇਸ਼ ਸਰਬਤ ਮਾਨਵਤਾ ਦੀ ਭਲਾਈ ਲਈ ਅਧਿਆਤਮਕ ਅਤੇ ਸੈਕੂਲਰ ਪੱਖਾਂ ਨੂੰ ਜੋੜ ਕੇ ਸੰਪੂਰਨ ਜੀਵਨ ਵਿਵਸਥਾ ਦੀ ਪ੍ਰਣਾਲੀ ਪੇਸ਼ ਕਰਦੇ ਹਨ ਜਿਸਦਾ ਢਾਂਚਾ ਮਨੁੱਖੀ ਆਚਰਣ ਦੇ ਗੁਣਾਂ ਅਤੇ ਕਰਤੱਵ ਪਾਲਣ ਦੀਆਂ ਵਿਸ਼ੇਸ਼ ਸੀਮਾਵਾਂ ਦਾ ਮੁਹਥਾਜ ਨਹੀਂ।

ਗੁਰੂ ਨਾਨਕ ਦੇਵ ਜੀ ਦਾ ਸਮਾਂ (1469-1539) ਭਾਰਤੀ ਇਤਿਹਾਸ ਵਿਚ ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਅਧੋਗਤੀ ਦੀ ਹਾਲਤ ਵਿਚ ਸੀ। ਗੁਰੂ ਸਾਹਿਬ ਦੇ ਸ਼ਬਦਾਂ ਤੋਂ ਸਪਸ਼ੱਟ ਹੈ ਕਿ ਉਨ੍ਹਾਂ ਨੂੰ ਸਮਕਾਲੀ ਇਤਿਹਾਸਕ ਵਾਸਤਵਿਕਤਾ ਦਾ ਪੂਰਾ ਅਹਿਸਾਸ ਸੀ। ਉਨ੍ਹਾਂ ਦੀ ਟਿੱਪਣੀ ਹੈ :

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**

(ਅੰਕ ੧੪੫)

**ਰਾਜੇ ਸੀਹ ਮੁਕਦਮ ਕੁਤੇ ॥**

(ਅੰਕ ੧੨੮੮)

**ਕਾਜੀ ਹੋਇ ਕੈ ਬਹੈ ਨਿਆਇ ॥**
**ਫੇਰੇ ਤਸਬੀ ਕਰੇ ਖੁਦਾਇ ॥**
**ਵਢੀ ਲੈ ਕੈ ਹਕੁ ਗਵਾਏ ॥**

(ਅੰਕ ੯੫੧)

ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸ ਤੱਥ ਦੀ ਪ੍ਰਮਾਣ ਹੈ ਕਿ ਗੁਰੂ ਸਾਹਿਬ ਆਪਣੇ ਸਮੇਂ ਦੀ ਬੇਚੈਨੀ, ਬਦਅਮਨੀ, ਭ੍ਰਿਸ਼ਟਾਚਾਰ, ਜ਼ੁਲਮ ਤੇ ਤਨਾਉ ਦੇ ਮਾਹੌਲ ਤੋਂ ਚਿੰਤਿਤ ਸਨ ਅਤੇ ਉਨ੍ਹਾਂ ਨੂੰ ਦੁੱਖੀ ਪਰਜਾ ਦੇ ਕਲਿਆਣ ਦੀ ਡੂੰਘੀ ਚਿੰਤਾ ਸੀ। ਇਸੇ ਚਿੰਤਾ ਵਿਚੋਂ ਉਨ੍ਹਾਂ ਦੇ ਮਨੁੱਖੀ ਅਧਿਕਾਰ ਦੇ ਸੰਕਲਪ ਦਾ ਨਿਕਾਸ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਮਾਨਵ ਹਿਤਕਾਰੀ ਰਹੱਸਵਾਦ ਨੂੰ ਬਾਣੀ ਰਾਹੀਂ ਪ੍ਰਗਟ ਕਰਕੇ ਲੋਕਾਂ ਨੂੰ ਦੁੱਖਾਂ ਦੇ ਘੇਰੇ ਤੋਂ ਕੱਢਣ ਲਈ ਆਤਮਿਕ ਸ਼ਕਤੀ ਦੀ ਪ੍ਰੇਰਣਾ ਦਾ ਉਪਦੇਸ਼ ਦੇ ਕੇ ਉਨ੍ਹਾਂ ਦੇ ਮਨੋਬਲ ਨੂੰ ਮਜ਼ਬੂਤ ਕਰਨ ਦਾ ਯਤਨ ਕੀਤਾ।

ਅਸਲ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਭਾਰਤੀ ਸਭਿਆਚਾਰ ਦੇ ਖੇਤਰ ਵਿਚ ਇੱਕ ਨਵੀਂ ਨਿਵੇਕਲੀ ਵਿਚਾਰਧਾਰਾ ਦੀ ਬੁਨਿਆਦ ਹੈ, ਜਿਸ ਦੇ ਮਾਨਵ ਹਿਤਕਾਰੀ ਪੱਖ ਦਾ ਵਿਸ਼ਾਲ ਘੇਰਾ ਗੰਭੀਰ ਅਤੇ ਡੂੰਘੇ ਅਧਿਐਨ ਦੀ ਮੰਗ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਅਧਿਕਾਰਾਂ ਦੇ ਜਿਸ ਸੰਕਲਪ ਦੀ ਉਸਾਰੀ ਕੀਤੀ, ਉਸ ਵਿਚ ਮਨੁੱਖੀ ਏਕਤਾ ਤੇ ਸਮਾਨਤਾ ਦੇ ਸਿਧਾਂਤ ਨੂੰ ਇੱਕ ਪਰਮਾਤਮਾ ਦੇ ਸਿਧਾਂਤ ਨਾਲ ਜੋੜ ਕੇ ਦ੍ਰਿੜ੍ਹ ਕਰਾਇਆ ਗਿਆ ਹੈ :

**ਸਭਨਾ ਜੀਆ ਇਕਾ ਛਾਉ ॥**

(ਅੰਕ ੮੩)

**ਸਭ ਮਹਿ ਜੋਤਿ ਜੋਤਿ ਹੈ ਸੋਇ ॥**

(ਅੰਕ ੧੩)

ਗੁਰੂ ਨਾਨਕ ਦੇਵ ਜੀ ਦੇ ਵਿਧਾਨ ਵਿਚ ਸਭ ਮਨੁੱਖ ਸਮਾਨ ਹਨ, ਧਰਮ ਦੇ ਰਸਤੇ ਤੇ ਚਲਣ ਦਾ ਹਰੇਕ ਨੂੰ ਹੱਕ ਹੈ। ਉਨ੍ਹਾਂ ਦਾ ਸੰਦੇਸ਼ ਸਮੁੱਚੀ ਮਾਨਵਤਾ ਲਈ ਹੈ। ਉਥੇ ਕਿਸੇ ਨਸਲੀ, ਜਾਤੀ, ਖੇਤਰੀ, ਰਾਸ਼ਟਰੀ, ਭਾਸ਼ਾਈ ਅਤੇ ਕਿਸੇ ਵਿਸ਼ੇਸ਼ ਰਾਖਵੇਂ ਸਭਿਆਚਾਰ ਤੇ ਊਚ-ਨੀਚ ਦੀ ਹੱਦਬੰਦੀ ਨਹੀਂ। ਗੁਰੂ ਸਾਹਿਬ ਦੀ ਬਾਣੀ ਵਿਚ ਫ਼ਿਰਕਾਪ੍ਰਸਤੀ, ਨਫ਼ਰਤ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਵਿਤਕਰੇ ਅਤੇ ਧਾਰਮਿਕ ਵੰਡੀਆਂ ਪਾਉਣ ਵਾਲੇ ਤੱਤਾਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਸੱਚੇ ਧਰਮ ਨੂੰ ਸਮਝਣ ਲਈ ਲੋਕਾਂ ਨੂੰ ਇੱਕ ਦੂਸਰੇ ਨੂੰ ਬਰਦਾਸ਼ਤ ਕਰਨ ਲਈ ਸਹਿਣਸ਼ੀਲਤਾ ਦੀ ਪ੍ਰੇਰਨਾ ਦਿੱਤੀ ਗਈ ਹੈ। ਸੁਲਤਾਨਪੁਰ ਵਿਖੇ ਵੇਈਂ ਪ੍ਰਵੇਸ਼ ਤੋਂ ਉਪਰੰਤ ਗੁਰੂ ਨਾਨਕ ਦੇਵ ਜੀ ਦੇ ਇਲਹਾਮ ਦਾ ਪੈਗਾਮ ਉਨ੍ਹਾਂ ਦੇ ਵਿਸ਼ਵਾਸ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਮਨੁੱਖ ਤੇ ਮਨੁੱਖ ਵਿਚ ਧਰਮ ਦੇ ਨਾਂ ਹੇਠ ਵੰਡੀਆਂ ਪਾਉਣੀਆਂ ਦੈਵੀ ਵਿਧਾਨ ਦੇ ਵਿਰੁਧ ਹੈ। ਤੁਲਨਾਤਮਿਕ ਪੱਧਰ 'ਤੇ ਜੇ ਅਸੀਂ ਸਮਕਾਲੀ ਭਾਰਤੀ ਧਾਰਮਿਕ ਪਰੰਪਰਾਵਾਂ ਦਾ ਸਰਵੇਖਣ ਕਰੀਏ ਤਾਂ ਵੇਖਦੇ ਹਾਂ ਕਿ ਇਸਲਾਮ ਵਿਚ ਸਮਾਜਿਕ ਸਮਾਨਤਾ ਦਾ ਸੰਕਲਪ ਸਿਧਾਂਤਕ ਪੱਧਰ ਤੇ ਮੌਜੂਦ ਹੈ ਪਰ ਇਹ ਕੇਵਲ ਮੁਸਲਮਾਨਾਂ ਤੱਕ ਹੀ ਰਾਖਵਾਂ ਹੈ।

ਅਸਲ ਵਿਚ ਗੁਰੂ ਸਾਹਿਬ ਨੇ ਧਰਮ ਨੂੰ ਸੰਪ੍ਰਦਾਇਕ ਸੀਮਾਵਾਂ ਤੋਂ ਮੁਕਤ ਕੀਤਾ ਅਤੇ ਮਨੁੱਖੀ ਸਮਾਨਤਾ ਤੇ ਸਵਤੰਤਰਤਾ ਦੇ ਸਿਧਾਂਤ ਰਾਹੀਂ ਮਨੁੱਖੀ ਅਧਿਕਾਰਾਂ ਦਾ ਉਪਦੇਸ਼ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਸਮਾਨਤਾ ਵਾਲੇ ਸਮਾਜਿਕ ਸੰਗਠਨ ਦਾ ਨਿਰਮਾਣ ਲੋਚਦੀ ਹੈ, ਜਿਥੇ ਮਨੁੱਖ-ਇਸਤਰੀ ਅਤੇ ਪੁਰਸ਼ ਬਰਾਬਰ ਹੋਣ। ਜਾਤਪਾਤ, ਵਰਣ, ਊਚ-ਨੀਚ ਅਤੇ ਅਮੀਰ-ਗਰੀਬ ਵਿਚ ਵਿਤਕਰਾ ਨਾ ਕੀਤਾ ਜਾਏ। ਸਮਕਾਲੀ ਭਾਰਤੀ ਸਮਾਜ ਵਿਚ ਔਰਤ ਨੂੰ ਆਤਮਿਕ ਉਨਤੀ ਵਿਚ ਰੁਕਾਵਟ ਸਮਝਿਆ ਜਾਂਦਾ ਸੀ। ਮੁਸਲਿਮ ਸਮਾਜ ਵਿਚ ਵੀ ਔਰਤਾਂ ਦੀ ਹਾਲਤ ਮੰਦੀ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਔਰਤਾਂ ਪ੍ਰਤੀ ਮੰਦੇ ਰਵੱਈਏ ਦੀ ਨਿਖੇਧੀ ਕੀਤੀ ਹੈ ਅਤੇ ਉਸ ਨੂੰ ਮਾਨ-ਸਨਮਾਨ ਦਿੱਤੇ ਜਾਣ ਦਾ ਉਪਦੇਸ਼ ਕੀਤਾ :

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

(ਅੰਕ ੪੭੩)

ਗੁਰੂ ਨਾਨਕ ਦੇਵ ਜੀ ਨੇ ਸੰਗਤ, ਪੰਗਤ ਅਤੇ ਲੰਗਰ ਦੀ ਸੰਸਥਾ ਰਾਹੀਂ ਵਿਹਾਰਕ ਪੱਧਰ ਤੇ ਜਾਤਪਾਤ ਦੇ ਭੇਦ ਭਾਵ ਦਾ ਤਿਰਸਕਾਰ

ਕੀਤਾ ਅਤੇ ਉਚੀਆਂ ਸ਼੍ਰੇਣੀਆਂ ਦੇ ਸ਼ੋਸ਼ਣ ਦਾ ਵਿਰੋਧ ਕਰਕੇ ਮਾਨਵਤਾ ਦੀ ਹਾਮੀ ਭਰੀ ਹੈ। ਗੁਰੂ ਸਾਹਿਬ ਨੇ ਉਚ-ਨੀਚ ਦੇ ਸਮਾਜਿਕ ਵਿਤਕਰੇ ਨੂੰ ਮਨੋਵਿਗਿਆਨਕ ਪੱਧਰ ਤੇ ਵੀ ਦੂਰ ਕਰਨ ਦਾ ਸੰਦੇਸ਼ ਦਿੱਤਾ ਹੈ :

**ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥**

**(ਅੰਕ ੬੨)**

ਗੁਰੂ ਨਾਨਕ ਦੇਵ ਜੀ ਦਾ ਮਨੁੱਖੀ ਅਧਿਕਾਰਾਂ ਪ੍ਰਤੀ ਸਰੋਕਾਰ ਉਨ੍ਹਾਂ ਦੇ ਦੀਨ ਤੇ ਕਿਰਤੀ ਸ਼੍ਰੇਣੀ ਵੱਲੋਂ ਰੁਚਿਤ ਹੋਣ ਤੇ ਵੀ ਪ੍ਰਗਟ ਹੁੰਦਾ ਹੈ। ਆਮ ਲੋਕਾਂ ਨੂੰ ਮਨੁੱਖੀ ਹੱਕਾਂ ਦੇ ਅਹਿਸਾਸ ਨੂੰ ਸਮਝਾਉਣ ਲਈ ਉਨ੍ਹਾਂ ਨੇ ਆਪਣਾ ਹਿਤ ਜਨ ਸਮਾਜ ਨਾਲ ਪ੍ਰਗਟਾਇਆ ਅਤੇ ਪੁਰਜ਼ੋਰ ਸ਼ਬਦਾਂ ਵਿਚ ਫੁਰਮਾਇਆ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**

**(ਅੰਕ ੧੫)**

ਇਨ੍ਹਾਂ ਕਰਾਂਤੀਕਾਰੀ ਵਿਚਾਰਾਂ ਨਾਲ ਗੁਰੂ ਸਾਹਿਬ ਨੇ ਲੋਕਾਂ ਨੂੰ ਹੀਣਤਾ ਦੀ ਭਾਵਨਾ ਤਿਆਗਣ ਤੇ ਬਰਾਬਰ ਹੋ ਕੇ ਸਮਾਜ ਵਿੱਚ ਵਿਚਰਣ ਦੀ ਸਿਖਿਆ ਦਿੱਤੀ। ਗੁਰੂ ਸਾਹਿਬ ਦਾ ਮਨੁੱਖੀ ਅਧਿਕਾਰਾਂ ਨਾਲ ਗੂੜ੍ਹਾ ਸਰੋਕਾਰ ਉਨ੍ਹਾਂ ਦੀ ਬਾਣੀ ਵਿਚ ਲੋਕਾਂ ਦੇ ਦੁੱਖਾਂ ਦੇ ਵਿਰੋਧ, ਉਨ੍ਹਾਂ ਵੱਲੋਂ ਉਠਾਈ ਆਵਾਜ਼ ਅਤੇ ਕਰੁਣਾ ਦੀ ਪੁਕਾਰ ਤੋਂ ਵੀ ਪ੍ਰਗਟ ਹੁੰਦਾ ਹੈ (ਬਾਬਰ ਵਾਣੀ)। ਉਨ੍ਹਾਂ ਪਰਜਾ ਉਪਰ ਰਾਜਿਆਂ ਤੇ ਹਾਕਮਾਂ ਦਾ ਜ਼ੁਲਮ, ਨੌਕਰਸ਼ਾਹੀ ਦੇ ਭ੍ਰਿਸ਼ਟਾਚਾਰ, ਕਾਜ਼ੀਆਂ ਦੀ ਬੇਈਮਾਨੀ, ਰਿਸ਼ਵਤ ਅਤੇ ਵਿਦੇਸ਼ੀ ਹਮਲਾਵਰ ਦੇ ਅਤਿਆਚਾਰ ਦਾ ਖੁੱਲ੍ਹ ਕੇ ਵਿਰੋਧ ਕੀਤਾ। ਮਨੁੱਖੀ ਅਧਿਕਾਰਾਂ ਦੇ ਸੰਕਲਪ ਨੂੰ ਦ੍ਰਿੜ੍ਹ ਕਰਾਉਣ ਦੇ ਨਾਲ ਗੁਰੂ ਸਾਹਿਬ ਨੇ ਸਮਾਜਿਕ ਨਿਆਇ ਦੀ ਸ਼ਰਤ ਵੀ ਲਾਈ। ਉਨ੍ਹਾਂ ਅਤਿਆਚਾਰੀ ਹਕੂਮਤ ਦਾ ਵਿਰੋਧ ਕੀਤਾ। ਇਨਸਾਫ਼ ਦੀ ਮੰਗ ਕੀਤੀ, ਸੱਚੇ ਰਾਜ ਦੀ ਸਥਾਪਨਾ, ਜ਼ੁੰਮੇਵਾਰ ਪ੍ਰਸ਼ਾਸਕੀ ਪ੍ਰਬੰਧ, ਮਾਨਵੀ ਹੱਕਾਂ ਤੇ ਰਾਜਨੀਤਕ ਨਿਆਂ ਲਈ ਸੰਘਰਸ਼ ਅਤੇ ਰਾਜਨੀਤੀ ਵਿਚ ਹਿੱਸਾ ਲੈਣ ਨੂੰ ਧਾਰਮਿਕ ਪ੍ਰਵਾਨਗੀ ਆਦਿ ਮਸਲਿਆਂ ਤੇ ਟਿੱਪਣੀ ਦਿੱਤੀ ਹੈ। ਗੁਰੂ ਸਾਹਿਬ ਆਪਣੇ ਸਮਕਾਲੀ ਦੂਸ਼ਿਤ ਰਾਜਨੀਤਕ ਢਾਂਚੇ ਵਿਚ ਪਰਿਵਰਤਨ ਅਤੇ ਸੁਧਾਰ ਚਾਹੁੰਦੇ ਸਨ। ਉਹ ਇਨਸਾਫ਼ ਦੀ ਮੰਗ ਕਰਦੇ ਹਨ। ਉਨ੍ਹਾਂ ਦਾ ਵਿਚਾਰ ਸੀ ਕਿ ਧਰਮੀ ਮਨੁੱਖ ਚੰਗਾ ਸ਼ਾਸਕ ਬਣ ਸਕਦਾ ਹੈ, ਨਿਆਇ ਕਰ ਸਕਦਾ ਹੈ ਅਤੇ ਦੂਜਿਆਂ ਦੇ ਹੱਕ ਦੀ ਰਖਵਾਲੀ ਕਰ ਸਕਦਾ ਹੈ :

**ਸਚਾ ਸੋ ਸਾਹਿਬੁ ਸਚੁ ਤਪਾਵਸੁ**
**ਸਚੜਾ ਨਿਆਉ ਕਰੇਗੁ ਮਸੋਲਾ ॥**

**(ਅੰਕ ੭੨੩)**

ਮਨੁੱਖੀ ਹੱਕਾਂ ਦੀ ਸੁਰੱਖਿਆ ਲਈ ਨਿਆਇਸ਼ੀਲ ਰਾਜਨੀਤਿਕ ਵਿਵਸਥਾ ਦੀ ਕਾਮਨਾ ਕਰਦੇ ਹੋਏ ਗੁਰੂ ਸਾਹਿਬ ਰਾਜੇ ਤੇ ਸ਼ਰਤ ਲਾਉਂਦੇ ਹੋਏ ਆਦੇਸ਼ ਦਿੰਦੇ ਹਨ :

**ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥**

**(ਅੰਕ ੧੨੪੦)**

ਗੁਰੂ ਨਾਨਕ ਦੇਵ ਜੀ ਦੀ ਬਾਣੀ 'ਆਸਾ ਦੀ ਵਾਰ' ਤੋਂ ਸਪਸ਼ਟ ਹੈ ਕਿ ਰਾਜਨੀਤਕ ਵਿਵਸਥਾ ਪ੍ਰਤਿ ਜਾਗਰੂਕ ਰਹਿਣਾ ਧਰਮੀ ਮਨੁੱਖ ਦਾ ਫ਼ਰਜ਼ ਹੈ ਅਤੇ ਜੇ ਲੋਕ ਭਲਾਈ ਲਈ ਲੋੜ ਪਏ ਤਾਂ ਉਹ ਰਾਜਨੀਤਕ ਖੇਤਰ ਵਿਚ ਹਿੱਸਾ ਲੈ ਸਕਦਾ ਹੈ ਅਤੇ ਦੱਖਲ-ਅੰਦਾਜ਼ੀ ਕਰ ਸਕਦਾ ਹੈ। ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਭਾਰਤੀ ਧਾਰਮਿਕ ਪਰੰਪਰਾਵਾਂ ਵਿਚ ਵਿਲੱਖਣ ਹੈ, ਕਿਉਂਕਿ ਗੁਰੂ ਸਾਹਿਬ ਨੇ ਆਪਣੇ ਅਧਿਆਤਮਵਾਦ ਦੇ ਖੇਤਰ ਵਿਚ ਰਾਜਨੀਤੀ ਦੇ ਪੱਖ ਨੂੰ ਅੱਖੋਂ ਉਹਲੇ ਨਹੀਂ ਕੀਤਾ। ਗੁਰੂ ਸਾਹਿਬ ਦਾ ਟੀਚਾ ਇੱਕ ਇਹੋ ਜਿਹੇ ਸਮਾਜ ਦੀ ਸਥਾਪਨਾ ਕਰਨਾ ਸੀ ਜਿਥੇ ਮਨੁੱਖ ਸੁਤੰਤਰ ਹੋਵੇ, ਕਿਸੇ ਕਿਸਮ ਦਾ ਵਿਤਕਰਾ ਨਾ ਹੋਵੇ ਅਤੇ ਸਾਰਿਆਂ ਨੂੰ ਇੱਜ਼ਤ ਨਾਲ ਜੀਊਣ ਦਾ ਅਵਸਰ ਦਿੱਤਾ ਜਾਵੇ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰੂ ਸਾਹਿਬ ਪਹਿਲੇ ਭਾਰਤੀ ਬਾਣੀਕਾਰ ਹਨ, ਜਿਨ੍ਹਾਂ ਨੇ ਸਵੈਮਾਨ ਦੀ ਭਾਵਨਾ ਦੀ ਅਹਿਮੀਅਤ ਨੂੰ ਆਪਣੀ ਰਚਨਾ ਵਿਚ ਪ੍ਰਗਟ ਕੀਤਾ। ਗੁਰੂ ਸਾਹਿਬ ਦੀ ਬਾਣੀ ਵਿਚ 'ਪੱਤ' ਸ਼ਬਦ ਕਈ ਸੰਦਰਭਾਂ ਵਿਚ ਅਨੇਕਾਂ ਵਾਰ ਵਰਤਿਆ ਗਿਆ ਹੈ। ਗੁਲਾਮੀ ਦੇ ਜੀਵਨ ਦੀ ਨਿਖੇਧੀ ਕਰਦਿਆਂ ਗੁਰੂ ਸਾਹਿਬ ਫੁਰਮਾਂਦੇ ਹਨ :

**ਜੇ ਜੀਵੈ ਪਤਿ ਲਥੀ ਜਾਇ ॥**
**ਸਭੁ ਹਰਾਮੁ ਜੇਤਾ ਕਿਛੁ ਖਾਇ ॥**

**(ਅੰਕ ੧੪੨)**

ਆਧੁਨਿਕ ਸ਼ਬਦਾਵਲੀ ਵਿਚ ਮਨੁੱਖੀ ਹੱਕਾਂ ਦੀ ਸੁਰੱਖਿਆ ਲਈ ਪਰਜਾਤੰਤਰ ਦੇ ਵਿਧਾਨ ਦਾ ਆਧਾਰ ਵਿਅਕਤੀ ਦੇ ਗੌਰਵ ਅਤੇ ਸਨਮਾਨ ਨੂੰ ਮੰਨਿਆ ਜਾਂਦਾ ਹੈ। ਇਹ ਗੱਲ ਬੜੀ ਮਹੱਤਵਪੂਰਨ ਹੈ ਕਿ ਸਿੱਖ ਸਭਿਆਚਾਰ ਵਿਚ ਇਹ ਤੱਤ ਉਹ ਧੁਰਾ ਹੈ ਜਿਸ ਦੇ ਦੁਆਲੇ ਮਨੁੱਖੀ ਅਧਿਕਾਰਾਂ ਦਾ ਸੰਕਲਪ ਉਲੀਕਿਆ ਗਿਆ ਹੈ।

'ਵਾਰ ਮਾਝ' ਵਿਚ ਗੁਰੂ ਸਾਹਿਬ ਨੇ ਵਿਅਕਤੀ ਦੇ ਆਤਮ ਸਨਮਾਨ ਦਾ ਮੁੱਦਾ ਪੇਸ਼ ਕੀਤਾ ਹੈ। ਵਿਅਕਤੀ ਦੀ ਸ੍ਰੇਸ਼ਟਤਾ ਨੂੰ ਦਰਸਾਉਂਦੇ ਗੁਰੂ ਸਾਹਿਬ ਦਾ ਫੁਰਮਾਨ ਹੈ :

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**

**(ਅੰਕ ੧੩)**

ਗੁਰੂ ਸਾਹਿਬ ਨੇ ਪੰਥ ਦੇ ਨਿਰਮਾਣ ਰਾਹੀਂ ਇੱਕ ਆਦਰਸ਼ ਸਮਾਜਿਕ ਸੰਗਠਨ ਦੀ ਸਥਾਪਨਾ ਕੀਤੀ, ਜਿਸ ਦੀਆਂ ਕਦਰਾਂ-ਕੀਮਤਾਂ ਵਿਚ ਮਨੁੱਖੀ ਸਮਾਨਤਾ ਹੋਵੇ ਤੇ ਮਨੁੱਖੀ ਸੁਤੰਤਰਤਾ ਦੇ ਸੋਸ਼ਣ

ਦਾ ਵਿਰੋਧ ਕਰਨ ਦੀ ਸਮਰੱਥਾ ਹੈ। ਇਸ ਜੀਵਨ ਯੁਗਤ ਦਾ ਜਿਹੜਾ ਵਿਧਾਨ ਗੁਰੂ ਸਾਹਿਬ ਦਰਸਾਉਂਦੇ ਹਨ, ਉਸ ਵਿਚ ਮਨੁੱਖ ਨੂੰ ਆਪਣੀਆਂ ਪ੍ਰਸਥਿਤੀਆਂ ਦੀ ਪੂਰੀ ਸੋਝੀ ਹੋਣੀ ਚਾਹੀਦੀ ਹੈ :

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥**

**(ਅੰਕ ੧੨੪੫)**

ਮਾਨਵੀ ਅਧਿਕਾਰਾਂ ਦੀ ਸੁਰੱਖਿਆ ਲਈ ਇਹ ਜ਼ਰੂਰੀ ਹੈ ਕਿ ਲੋਕਾਂ ਨੂੰ ਆਪਣੇ ਹੱਕਾਂ ਦੀ ਚੇਤਨਾ ਹੋਵੇ। ਇਸ ਗਿਆਨ ਤੋਂ ਅਵੇਸਲੇ ਮਨੁੱਖ ਕਲੇਸ਼, ਮੁਸੀਬਤਾਂ, ਜਫਰ ਤੇ ਨੁਕਸਾਨ ਦੇ ਭਾਗੀ ਬਣਦੇ ਹਨ। ਸਮਾਜਿਕ ਯਥਾਰਥ ਦੀ ਇਸ ਸੱਚਾਈ ਤੇ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਟਿੱਪਣੀ ਕਰਦੇ ਹਨ। 'ਰਾਮਕਲੀ ਕੀ ਵਾਰ' ਵਿਚ ਗੁਰੂ ਸਾਹਿਬ ਆਪਣੀ ਸਮਕਾਲੀ ਸਭਿਆਚਾਰਕ ਅਧੋਗਤੀ ਤੇ ਰਾਜਨੀਤਿਕ ਗੁਲਾਮੀ ਤੋਂ ਦੁੱਖ ਪ੍ਰਗਟਾਉਂਦੇ ਹਨ। ਬਾਬਰ ਦੇ ਹਮਲੇ ਵੇਲੇ ਭਾਰਤ ਦੇ ਇਤਿਹਾਸ ਵਿਚ ਕਿਸੇ ਵੀ ਲੋਕ ਨਾਇਕ ਨੇ ਲੋਕਾਂ ਦੇ ਸਭਿਆਚਰਕ ਪਤਨ ਤੇ ਇਹੋ ਜਿਹਾ ਵਰਲਾਪ ਨਹੀਂ ਕੀਤਾ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥**
**ਕਰਤਾ ਤੂੰ ਸਭਨਾ ਕਾ ਸੋਈ ॥**
**ਜੇ ਸਕਤਾ ਸਕਤੇ ਕਉ ਮਾਰੇ**
**ਤਾ ਮਨਿ ਰੋਸੁ ਨ ਹੋਈ ॥ ੧ ॥ ਰਹਾਉ ॥**
**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥**

**(ਅੰਕ ੩੬੦)**

ਉਨ੍ਹਾਂ ਲੋਕਾਂ ਨੂੰ ਗੁਲਾਮੀ ਦੀ ਅਜਿਹੀ ਅਮਾਨਵੀ ਸਥਿਤੀ ਵਿਚੋਂ ਨਿਕਲਣ ਲਈ 'ਭਾਇ ਭਏ ਮੁਰਦਾਰ' ਕਹਿ ਕੇ ਕੁੱਝ ਕਰ ਗੁਜ਼ਰਨ ਦੀ ਸ਼ਰਮ ਦੁਆਈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਨੁੱਖੀ ਅਧਿਕਾਰਾਂ ਦਾ ਸੰਕਲਪ ਬੜਾ ਸਪੱਸ਼ਟ ਹੈ। ਜਿਥੇ ਆਪਣੇ ਹੱਕਾਂ ਬਾਰੇ ਸੋਝੀ ਅਤੇ ਗਿਆਨ ਦੀ ਲੋੜ ਵੱਲ ਸੰਕੇਤ ਕੀਤਾ ਗਿਆ ਹੈ, ਉਸ ਦੇ ਨਾਲ ਹੀ ਦੂਸਰੇ ਦੇ ਹੱਕ ਨੂੰ ਮਾਰਨ ਦੀ ਵੀ ਸਖਤ ਮਨਾਹੀ ਕੀਤੀ ਗਈ ਹੈ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**

**(ਅੰਕ ੧੪੧)**

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੇ ਸੰਸਾਰੀ ਜੀਵਨ ਦੀਆਂ ਆਰਥਿਕ ਲੋੜਾਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਅਤੇ ਉਸ ਨੂੰ ਉਪਦੇਸ਼ ਦਿੱਤਾ ਹੈ ਕਿ ਉਹ ਆਪਣੀ ਉਪਜੀਵਿਕਾ ਲਈ ਕਿਰਤ ਕਰੇ ਅਤੇ ਹੱਕ ਤੇ ਹਲਾਲ ਦੀ ਕਮਾਈ ਕਰੇ। ਸਮਾਜ ਦੀ ਆਰਥਿਕ ਖੁਸ਼ਹਾਲੀ ਲਈ ਗੁਰੂ ਜੀ ਨੇ 'ਵੰਡ ਛਕਣ' ਦੇ ਸਿਧਾਂਤ ਦੀ ਹਿਦਾਇਤ ਕੀਤੀ ਹੈ :

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥ ੧ ॥**

**(ਅੰਕ ੧੨੪੫)**

ਆਧੁਨਿਕ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਸਮਾਜਵਾਦ ਦੇ ਸਿਧਾਂਤ ਤੋਂ ਵੀ ਵਧੇਰੇ ਪ੍ਰਗਤੀਸ਼ੀਲ ਨਮੂਨਾ ਪੇਸ਼ ਕਰਦੀ ਹੈ। ਗੁਰੂ ਸਾਹਿਬ ਮਿਹਨਤਕਸ਼, ਗਰੀਬ, ਦਲਿਤ ਅਤੇ ਵਿਹੂਣੇ ਲੋਕਾਂ ਦੀ ਸਥਿਤੀ ਸੁਧਾਰਨ ਲਈ ਇਹੋ ਜਿਹੀ ਆਦਰਸ਼ ਸਮਾਜਿਕ ਵਿਵਸਥਾ (Social Welfare State) ਦੀ ਸਥਾਪਨਾ ਕਰਨਾ ਚਾਹੁੰਦੇ ਸਨ, ਜਿਥੇ ਸਮਾਜ ਦੇ ਸਾਰੇ ਸਰੋਤ ਸਮੂਹਿਕ ਭਲਾਈ ਲਈ ਵਰਤੇ ਜਾਣ। ਅਸਲ ਵਿਚ ਗੁਰੂ ਜੀ ਨੇ ਜਿਸ ਸਮਾਜਿਕ ਵਿਵਸਥਾ ਦਾ ਸੰਕੇਤ ਦਿੱਤਾ ਹੈ ਉਸ ਵਿਚ ਮੁਕੰਮਲ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਮਨੋਵਿਗਿਆਨਕ ਸਮਾਨਤਾ ਸਥਾਪਿਤ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ, ਕਿਉਂਕਿ ਗੁਰੂ ਸਾਹਿਬ ਦੇ ਵਿਸ਼ਵਾਸ ਮੁਤਾਬਕ ਹਰ ਮਨੁੱਖ ਵਿਚ ਪਰਮਾਤਮਾ ਦਾ ਵਾਸ ਹੈ। ਉਸ ਨੂੰ ਯੋਗ ਸਤਿਕਾਰ ਮਿਲਣਾ ਚਾਹੀਦਾ ਹੈ ਤਾਂ ਜੋ ਉਹ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਨੂੰ ਮਾਣ ਸਕੇ। ਅਧਿਆਤਮਕ ਉਪਦੇਸ਼ਾਂ ਦੇ ਨਾਲ ਗੁਰੂ ਨਾਨਕ ਦੇਵ ਜੀ ਵੱਲੋਂ ਉਲੀਕੇ ਗਏ ਮਨੁੱਖੀ ਅਧਿਕਾਰਾਂ ਦੇ ਸੰਕਲਪ ਦੀ ਅਵਸਥਾ ਦਾ ਵਰਨਣ ਭਗਤ ਰਵਿਦਾਸ ਜੀ ਦੇ ਸ਼ਬਦ :

**ਬੇਗਮ ਪੁਰਾ ਸਹਰ ਕੋ ਨਾਉ ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥**
**ਖਉਫੁ ਨ ਖਤਾ ਨ ਤਰਸੁ ਜਵਾਲੁ ॥ ੧ ॥**

**(ਅੰਕ ੩੪੫)**

ਤੋਂ ਹੋਰ ਵਧੇਰੇ ਸਪਸ਼ਟ ਹੋ ਜਾਂਦਾ ਹੈ। ਇਸ ਸ਼ਬਦ ਦੇ ਭਾਵ ਹਨ, ਉਹ ਪੁਰੀ ਜਾਂ ਵਤਨ ਜਿਥੇ ਲੋਕ ਸੁੱਖੀ ਹਨ, ਕੋਈ ਘਬਰਾਹਟ ਨਹੀਂ, ਕਿਸੇ ਫ਼ਿਕਰ ਜਾਂ ਡਰ ਦੀ ਸੋਚ ਨਹੀਂ। ਜਿਥੇ ਸਭ ਬਰਾਬਰ ਹਨ। ਧਰਮੀ ਤੇ ਗਰੀਬ ਰੱਜੇ ਹੋਏ ਵੱਸਦੇ ਹਨ ਤੇ ਪਰਜਾ ਪ੍ਰਬੰਧਕੀ ਸੰਸਥਾਵਾਂ ਤੋਂ ਵਾਕਫ਼ ਹੈ। ਸਭ ਦੀ ਸੁਣਵਾਈ ਹੈ। ਕਿਸੇ ਨੂੰ ਰੋਕ ਨਹੀਂ ਅਤੇ ਉਹ ਅਚਿੰਤ ਆਪਣੀ ਮਰਜ਼ੀ ਨਾਲ ਵਿਚਰਦੇ ਹਨ। ਇਹੋ ਜਿਹੇ ਸ਼ਹਿਰ ਅਥਵਾ ਵਤਨ ਵਿਚ ਆਜ਼ਾਦ ਹੋ ਕੇ ਵੱਸਣ ਦੀ ਕਲਪਨਾ ਕੀਤੀ ਗਈ ਹੈ।

ਸਮਕਾਲੀ ਪਰਿਪੇਖ ਵਿਚ ਜੇ ਅਸੀਂ ਆਪਣੇ ਮੌਜੂਦਾ ਹਾਲਾਤ ਦੀ ਪੜਚੋਲ ਕਰੀਏ ਤਾਂ ਉਪਰੋਕਤ ਵੇਰਵੇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਆਪਣੇ ਸਭਿਆਚਾਰਕ ਵਿਰਸੇ ਤੋਂ ਪ੍ਰਾਪਤ ਮਨੁੱਖੀ ਅਧਿਕਾਰਾਂ ਦੀ ਚੇਤਨਾ ਦੀ ਸਮਰੱਥਾ ਵਜੋਂ ਹੀ ਅੱਜ ਦੀ ਰਾਜਨੀਤਿਕ ਪਰਿਸਥਿਤੀ ਵਿਚ ਸਿੱਖ ਕੌਮ ਮਨੁੱਖੀ ਅਧਿਕਾਰਾਂ ਦੀ ਅਵਹੇਲਨਾ ਦੇ ਦੁਖਾਂਤ ਦੇ ਤੱਥ ਤੇ ਕਿਉਂ ਚਿੰਤਿਤ ਅਤੇ ਕਾਰਜਸ਼ੀਲ ਹੈ।

– ਡਾ. ਮਦਨਜੀਤ ਕੌਰ

# ਸ੍ਰੀ ਗੁਰੂ ਨਾਨਕ ਦੇਵ ਜੀ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 15 ਅਪ੍ਰੈਲ 1469 ਈਸਵੀ ਨੂੰ ਪੱਛਮੀ ਪੰਜਾਬ ਦੇ ਇੱਕ ਨਿਕੇ ਜਿਹੇ ਪਿੰਡ ਤਲਵੰਡੀ ਵਿਖੇ ਹੋਇਆ ਜਿਸ ਨੂੰ ਮਗਰੋਂ ਸ਼ਰਧਾ ਵਜੋਂ ਨਨਕਾਣਾ ਸਾਹਿਬ ਦਾ ਨਾਂ ਦਿਤਾ ਗਿਆ। ਸੋਲ੍ਹਵੀਂ ਸਦੀ ਦੇ ਮੁੱਢ ਵਿੱਚ ਜਦ ਗੁਰੂ ਜੀ ਆਪਣੀ ਭਰ ਜਵਾਨੀ ਵਿਚ ਸਨ ਅਤੇ ਸੱਚੇ ਧਰਮ ਅਤੇ ਅਕਾਲ ਪੁਰਖ ਦੇ ਨਾਂ ਦਾ ਪ੍ਰਚਾਰ ਕਰ ਰਹੇ ਸਨ ਤਾਂ ਉਸ ਸਮੇਂ ਪੰਜਾਬ ਦਿੱਲੀ ਦੀ ਵਿਸ਼ਾਲ ਸਲਤਨਤ ਦਾ ਇਕ ਭਾਗ ਸੀ। ਸੁਲਤਾਨ ਸਿੰਕਦਰ ਲੋਧੀ ਤਖਤ 'ਤੇ ਬੈਠਾ ਹੋਇਆ ਸੀ।

ਦੇਸ਼ ਵਿਚ ਹਫੜਾ-ਦਫੜੀ ਮਚੀ ਹੋਈ ਸੀ। ਹਰ ਪਾਸੇ ਅਤਿਆਚਾਰਾਂ ਦਾ ਦੌਰ-ਦੌਰਾ ਸੀ। ਖੂਨ ਖਰਾਬਾ ਪੂਰੇ ਸਿਖਰ 'ਤੇ ਸੀ। ਦੇਸ਼ ਸ਼ਕਤੀਹੀਣ ਅਤੇ ਖੇਰੂ-ਖੇਰੂ ਹੋਇਆ ਪਇਆ ਸੀ। ਹਾਕਮ ਨਿਆਂ ਨੂੰ ਉਕਾ ਹੀ ਭੁੱਲ ਚੁੱਕੇ ਸਨ। ਲੋਕ ਦਰਦ ਤੇ ਪੀੜਾ ਨਾਲ ਕਰਾਹ ਰਹੇ ਸਨ। ਕੋਈ ਕਿਸੇ ਦੀ ਸਾਰ ਨਹੀਂ ਸੀ ਲੈਂਦਾ। ਇਸ ਸਥਿਤੀ ਦਾ ਵਰਨਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਕੀਤਾ :

**ਸਲੋਕੁ ਮ: ੧ ॥**
**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**
**ਹਉ ਭਾਲਿ ਵਿਕੁੰਨੀ ਹੋਈ ॥**
**ਆਧੇਰੈ ਰਾਹੁ ਨ ਕੋਈ ॥**
**ਵਿਚਿ ਹਉਮੈ ਕਰਿ ਦੁਖੁ ਰੋਈ ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ੧ ॥**
**(ਅੰਕ ੧੪੫)**

**ਰਾਜੇ ਸੀਹ ਮੁਕਦਮ ਕੁਤੇ ॥**
**ਜਾਇ ਜਗਾਇਨਿ੍ ਬੈਠੇ ਸੁਤੇ ॥**
**(ਅੰਕ ੧੨੮੮)**

ਲੋਕ ਅਨਪੜ੍ਹ, ਅਨਜਾਣ ਅਤੇ ਵਹਿਮਾਂ-ਭਰਮਾਂ ਵਿੱਚ ਖੁਭੇ ਹੋਏ ਸਨ। ਫਜ਼ੂਲ ਦੇ ਰਸਮਾਂ ਰਿਵਾਜ ਪ੍ਰਚਲਤ ਸਨ। ਮਜਬੂਰਨ ਕਈ ਪ੍ਰਕਾਰ ਦੀਆਂ ਰਸਮਾਂ ਪੂਰੀਆਂ ਕੀਤੀਆਂ ਜਾਂਦੀਆਂ ਸਨ। ਮਰਯਾਦਾ ਵਿੱਚ ਬਨ੍ਹਿਆਂ ਹੋਇਆ ਚਾਰ-ਚੁਫੇਰੇ ਪਖੰਡ ਦਾ ਵਾਤਾਵਰਣ ਸੀ।

ਹਿੰਦੂ ਅਤੇ ਮੁਸਲਮਾਨ ਦੋਵੇਂ ਆਪੋ-ਆਪਣੇ ਧਰਮਾਂ ਦੇ ਮੂਲ ਸਿਧਾਂਤ ਵਾਧੂ ਰੀਤਾਂ-ਰਿਵਾਜਾਂ ਦੇ ਭਾਰ ਥੱਲੇ ਦਬੇ ਹੋਏ ਸਨ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ :

**ਕਲਿਜੁਗਿ ਬੋਧੁ ਅਉਤਾਰੁ ਹੈ**
**ਬੋਧੁ ਅਬੋਧੁ ਨ ਦ੍ਰਿਸਟੀ ਆਵੈ।**
**ਕੋਇ ਨ ਕਿਸੈ ਵਰਜਈ**
**ਸੋਈ ਕਰੇ ਜੋਈ ਮਨਿ ਭਾਵੈ।**
**ਕਿਸੇ ਪੁਜਾਈ ਸਿਲਾ ਸੁੰਨਿ**
**ਕੋਈ ਗੋਰੀ ਮੜ੍ਹੀ ਪੁਜਾਵੈ।.....**
**ਆਪੋ ਧਾਪੀ ਹੋਇ ਕੈ**
**ਨਿਆਰੇ ਨਿਆਰੇ ਧਰਮ ਚਲਾਵੈ।.....**
**ਪਾਉਣੁ ਪਾਣੀ ਬੈਸੰਤਰੋ**
**ਧਰਮ ਰਾਜ ਕੋਈ ਤ੍ਰਿਪਤਾਵੈ।**
**ਫੋਕਟਿ ਧਰਮੀ ਭਰਮਿ ਭੁਲਾਵੈ॥**

ਭਾਰਤੀ ਸਮਾਜ ਪੂਰੀ ਤਰ੍ਹਾਂ ਜਾਤਪਾਤ ਵਿੱਚ ਵੰਡਿਆ ਹੋਇਆ ਸੀ। ਜਾਤ ਦਾ ਆਧਾਰ ਜੰਮਣ ਤੇ ਮਿਥਿਆ ਜਾਂਦਾ ਸੀ। ਅਖੌਤੀ ਨੀਵੀਂ ਜਾਤ ਵਿੱਚ ਜੰਮਣ ਨਾਲ ਦੁਰਵਿਹਾਰ ਕੀਤਾ ਜਾਂਦਾ। ਉਸਨੂੰ ਸਮਾਜ ਵਿਚ ਸਨਮਾਨ ਨਾ ਦਿੱਤਾ ਜਾਂਦਾ, ਭਾਵੇਂ ਉਹ ਕਿਤਨਾ ਹੀ ਯੋਗ ਕਿਉਂ ਨਾ ਹੁੰਦਾ। ਮਨੁੱਖੀ ਮਾਣ ਤੇ ਸਤਿਕਾਰ ਜ਼ਾਤੀਆਂ ਦੇ ਆਧਾਰ ਤੇ ਕੀਤਾ ਜਾਂਦਾ ਸੀ। ਇਹੋ ਜਿਹੀ ਸਥਿਤੀ ਵਿਚ ਮਨੁੱਖ ਦਾ ਸਮਾਜਕ ਵਿਕਾਸ ਅਸੰਭਵ ਸੀ। ਜੀਵਨ ਦੇ ਅਸਲੀ ਸੋਮੇ ਸੁੱਕ ਚੁੱਕੇ ਸਨ ਅਤੇ ਮਨੁੱਖ ਭੇਖੀ ਬਣ ਕੇ ਰਹਿ ਗਿਆ ਸੀ।

ਲੋਕ ਇਹ ਸਮਝਣ ਲੱਗ ਪਏ ਸਨ ਕਿ ਉਹ ਭਾਵੇਂ ਕਿੰਨ੍ਹੇ ਹੀ ਪਾਪ ਕਿਉਂ ਨਾ ਕਰਦੇ ਰਹਿਣ, ਉਨ੍ਹਾਂ ਦੇ ਪਾਪ ਇਕੋ ਵਾਰੀ ਤੀਰਥ ਯਾਤਰਾ ਕਰਨ ਤੇ ਉਥੇ ਜਾ ਕੇ ਇਸ਼ਨਾਨ ਕਰਨ ਨਾਲ ਧੁਲ ਜਾਣਗੇ, ਮਾਫ ਹੋ ਜਾਣਗੇ। ਬੇਈਮਾਨੀ ਤੇ ਪਾਪ ਰਾਹੀਂ ਕਮਾਏ ਧਨ ਨੂੰ ਮਾੜਾ ਨਹੀਂ ਸੀ ਸਮਝਿਆ ਜਾਂਦਾ।

ਮੁਸਲਮਾਨ ਭਾਵੇਂ ਰਾਜ ਭਾਗ ਦੇ ਮਾਲਕ ਸਨ, ਪਰ ਸਮਾਜਕ ਰੂਪ ਵਿੱਚ ਉਨ੍ਹਾਂ ਦੀ ਸਥਿਤੀ ਵੀ ਕਾਫੀ ਮਾੜੀ ਸੀ। ਉਹ ਆਪਣੇ ਧਰਮ ਤੋਂ ਅਨਜਾਣ ਸਨ। ਕਾਜ਼ੀ ਅਤੇ ਮੁਲਾਣੇ ਭਾਵੇਂ ਇਹ ਪ੍ਰਭਾਵ ਦਿੰਦੇ ਸਨ ਕਿ ਉਹ ਇਸਲਾਮ ਦੀ ਸੇਵਾ ਕਰ ਰਹੇ ਸਨ ਪਰ ਅਸਲ ਵਿਚ ਉਹ ਸਵਾਰਥ ਨਾਲ ਲਿਬੜੇ ਹੋਏ ਸਨ। ਹਿੰਦੂਆਂ ਨੂੰ ਕਾਫਰ ਸਮਝਿਆ ਜਾਂਦਾ ਤੇ ਉਹਨਾਂ ਦੇ ਨਾਲ ਆਮ ਤੌਰ ਤੇ ਗੁਲਾਮਾਂ ਵਾਲਾ ਵਿਹਾਰ ਕੀਤਾ ਜਾਂਦਾ।

ਸਮੁੱਚੇ ਤੌਰ ਤੇ ਲੋਕ ਉਚ-ਨੀਚ ਦੇ ਜਾਲ ਵਿਚ ਅਤੇ ਵਹਿਮਾਂ

ਭਰਮਾਂ ਵਿਚ ਫਸੇ ਹੋਏ ਸਨ। ਉਨ੍ਹਾਂ ਦਾ ਸਵੈ-ਮਾਣ ਚੂਰ ਹੋ ਚੁੱਕਿਆ ਸੀ। ਹਾਕਮ ਉਨ੍ਹਾਂ ਨਾਲ ਮਾੜਾ ਵਰਤਾਉ ਕਰਦੇ ਸਨ ਪਰ ਇਸਦਾ ਲੋਕਾਂ ਦੇ ਮਨਾਂ ਤੇ ਕੋਈ ਪ੍ਰਭਾਵ ਨਹੀ ਸੀ ਪੈਂਦਾ ਕਿਉਂਕਿ ਉਹ ਲਗਾਤਾਰ ਜ਼ੁਲਮ ਸਹਿੰਦੇ ਸਹਿੰਦੇ ਉਸਦੇ ਆਦੀ ਹੋ ਚੁੱਕੇ ਸਨ। ਧਰਮ ਦੀ ਪਵਿੱਤ੍ਰਤਾ ਖੋਹ ਚੁੱਕੀ ਸੀ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਪਤਨ ਹੋ ਚੁੱਕਾ ਸੀ। ਰਾਜਨੀਤਕ ਅਸਥਿਰਤਾ, ਸਮਾਜਕ ਉਥਲ-ਪੁਥਲ ਅਤੇ ਧਾਰਮਿਕ ਅਧੀਨਤਾ ਦਾ ਦੌਰ ਸੀ।

ਇਸਤਰੀ ਜਾਤੀ ਦੀ ਦਸ਼ਾ ਅਪਮਾਨ ਜਨਕ ਸੀ। ਉਹਦਾ ਸਮਾਜ ਵਿਚ ਕੋਈ ਸਥਾਨ ਨਹੀਂ ਸੀ। ਘਰ ਵਿਚ ਲੜਕੀ ਦੇ ਜਨਮ ਨੂੰ ਮੰਦੇ ਭਾਗਾਂ ਨਾਲ ਜੋੜਿਆ ਜਾਂਦਾ ਸੀ। ਇਸਤਰੀ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਮਨੁੱਖ ਦੇ ਸਮਾਨ ਸਥਾਨ ਪ੍ਰਾਪਤੀ ਬਾਰੇ ਸੋਚਣਾ ਵੀ ਇਸਤ੍ਰੀ ਲਈ ਬੜੀ ਦੂਰ ਦੀ ਗੱਲ ਸੀ। ਇਸਤਰੀਆਂ ਪਰਦੇ ਵਿਚ ਰਹਿੰਦੀਆਂ ਸਨ। ਉਚ ਜਾਤੀ ਦੀਆਂ ਇਸਤਰੀਆਂ ਵੀ ਪਰਦੇ ਵਿਚ ਤੇ ਪਾਲਕੀ ਵਿਚ ਹੀ ਬਾਹਰ ਨਿਕਲਦੀਆਂ ਸਨ। ਉਨ੍ਹਾਂ ਨਾਲ ਕੋਈ ਨਾ ਕੋਈ ਪੁਰਖ ਅਰਦਲੀ ਦੇ ਰੂਪ ਵਿਚ ਜ਼ਰੂਰ ਹੁੰਦਾ ਸੀ। ਇਸਤਰੀਆਂ ਦਾ ਵਿਆਹ ਛੋਟੀ ਉਮਰ ਵਿੱਚ ਹੀ ਕਰ ਦਿੱਤਾ ਜਾਂਦਾ ਸੀ। ਸਤੀ ਦੀ ਰਸਮ ਪ੍ਰਚਲਤ ਸੀ। ਵਿਧਵਾ ਵਿਆਹ ਵਰਜਿਤ ਸੀ।

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਤਾਂ ਇਹੋ ਜਿਹੀ ਹੀ ਸਥਿਤੀ ਦੇਸ਼ ਦੀ ਸੀ।

ਗੁਰੂ ਜੀ ਦੇ ਪ੍ਰਕਾਸ਼ ਦੇ ਨਾਲ ਸੰਸਾਰ ਵਿਚੋਂ ਝੂਠ ਅਤੇ ਅਨਿਆਇ ਦਾ ਅੰਧਕਾਰ ਮਿਟਿਆ ਅਤੇ ਸੱਚ ਤੇ ਨਿਆਂ ਦਾ ਸੂਰਜ ਚੜ੍ਹਿਆ। ਉਨ੍ਹਾਂ ਲੋਕਾਈ ਨੂੰ ਸਮਾਨਤਾ ਦਾ ਰਾਹ ਵਿਖਾਇਆ ਅਤੇ ਉਹਦੇ ਮਨ ਵਿਚ ਪਿਆਰ ਤੇ ਸਦਭਾਵਨਾ ਦੀ ਜੋਤ ਜਗਾਈ। ਮਨੁੱਖਤਾ ਵਿਚ ਪਰਸਪਰ ਪਿਆਰ ਅਤੇ ਭਾਈਚਾਰੇ ਦੀ ਨੀਂਹ ਰੱਖੀ ਗਈ। ਉਨ੍ਹਾਂ ਨੇ ਸਭ ਧਰਮਾਂ ਦੀ ਸਮਾਨਤਾ ਦਾ ਪ੍ਰਚਾਰ ਕੀਤਾ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ :

**ਸਤਿਗੁਰੁ ਨਾਨਕੁ ਪ੍ਰਗਟਿਆ**
**ਮਿਟੀ ਧੁੰਧੁ ਜਗਿ ਚਾਨਣੁ ਹੋਆ।**
**ਜਿਉ ਕਰਿ ਸੂਰਜੁ ਨਿਕਲਿਆ**
**ਤਾਰੇ ਛਪਿ ਅੰਧੇਰੁ ਪਲੋਆ।**

ਬਾਲ ਅਵਸਥਾ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਸਤਕ ਲਿਸ਼ ਲਿਸ਼ ਕਰਦਾ ਸੀ। ਉਨ੍ਹਾਂ ਦੀਆਂ ਅੱਖਾਂ ਵਿਚ ਰੂਹਾਨੀ ਨੂਰ ਸੀ। ਗਿਆਨ ਅਤੇ ਯੋਗਤਾ ਦਾ ਪ੍ਰਭਾਵ ਪੈਂਦਾ ਸੀ।

1497 ਈਸਵੀ ਵਿੱਚ ਰੋਜ਼ ਵਾਂਗ ਹੀ ਇੱਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਲਈ ਗਏ। ਵੇਈਂ ਨਦੀ ਵਿਚ ਡੁਬਕੀ ਮਾਰਨ ਮਗਰੋਂ ਗੁਰੂ ਸਾਹਿਬ ਜੀ ਕਿੰਨਾ ਹੀ ਚਿਰ ਬਾਹਰ ਨਾ ਨਿਕਲੇ। ਭਾਲ ਕੀਤੀ ਗਈ ਪਰ ਸਭ ਵਿਅਰਥ।



ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਵੇਈ ਨਦੀ ਵਿੱਚੋਂ ਬਾਹਰ ਆਏ ਤਾਂ ਉਨ੍ਹਾਂ ਨੇ ਲੋਕਾਈ ਨੂੰ ਦਰਸ਼ਨ ਦਿੱਤੇ ਤਾਂ ਉਨ੍ਹਾਂ ਦਾ ਸਭ ਤੋਂ ਪਹਿਲਾਂ ਫਰਮਾਣ ਸੀ "ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ"।

ਇਹਦੇ ਨਾਲ ਹੱਲ-ਚੱਲ ਮੱਚ ਗਈ। ਵਕਤ ਦੇ ਹਾਕਮ ਮੁਸਲਮਾਨ ਇਹ ਗੱਲ ਪ੍ਰਵਾਨ ਨਹੀਂ ਸਨ ਕਰ ਸਕਦੇ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਨ੍ਹਾਂ ਸ਼ਬਦਾਂ ਤੋਂ ਇਹ ਭਾਵ ਨਹੀਂ ਕਿ ਕੋਈ ਹਿੰਦੂ-ਮੁਸਲਮਾਨ ਨਹੀਂ ਸਗੋਂ ਇਹ ਸੀ ਕਿ ਘਿਰਣਾ, ਵੰਡ ਅਤੇ ਉਚ-ਨੀਚ ਧਰਮ ਤੇ ਅਧਾਰਤ ਹੋਣ ਤਾਂ ਪ੍ਰਵਾਨ ਨਹੀਂ। ਬੁਰਾਈ ਤੋਂ ਅਪਰਾਧ ਦਾ ਜਨਮ ਹੁੰਦਾ ਹੈ। ਧਾਰਮਿਕ ਝਗੜੇ ਸਭ ਨਿਰਮੂਲ ਹਨ। ਇਸ ਸਚਾਈ ਤੇ ਹੀ ਗੁਰੂ ਜੀ ਦਾ ਮੂਲ ਸਿਧਾਂਤ ਅਧਾਰਤ ਸੀ।

ਇਸੇ ਸਿਧਾਂਤ ਨੂੰ ਉਨ੍ਹਾਂ ਤੇ ਉਨ੍ਹਾਂ ਦੇ ਵਾਰਿਸ ਗੁਰੂ ਸਾਹਿਬਾਨ ਨੇ

ਪ੍ਰਚਾਰਿਆ। ਸਬਰ, ਸੰਤੋਖ ਤੇ ਸਿਦਕ ਸੱਚੇ ਧਰਮ ਦੇ ਮੂਲ ਸੋਮੇ ਹਨ। ਮਨੁੱਖ ਜਾਤੀ ਭੇਦਭਾਵ ਤੋਂ ਉਪਰ ਉਠ ਕੇ ਹੀ ਮਨੁੱਖ ਅਖਵਾ ਸਕਦਾ ਹੈ। ਮਨੁੱਖ ਸੱਚੇ ਅਕਾਲ ਪੁਰਖ ਦਾ ਨਾਮ ਜਪ ਕੇ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਅਕਾਲ ਪੁਰਖ ਨੂੰ ਕੋਈ ਰੂਪ ਨਾ ਦਿਓ। ਅਕਾਲ ਪੁਰਖ ਦੀ ਮਹਿਮਾ ਗਾਓ। ਉਹੋ ਹੀ ਸਿਰਜਣਹਾਰ ਹੈ। ਉਸੇ ਇਕੋ ਦੀ ਭਗਤੀ ਕਰਕੇ ਮਨੁੱਖ ਆਪਣਾ ਜੀਵਨ ਸਫਲਾ ਬਣਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਕਾਲ ਪੁਰਖ ਬਾਰੇ ਸਿਧਾਂਤ ਮੂਲਮੰਤਰ ਵਿੱਚ ਸਪਸ਼ਟ ਹੈ।

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

**(ਅੰਕ ੧)**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਸੰਸਾਰ ਦਾ ਵਿਸ਼ਾਲ ਰੂਪ ਸੀ। ਉਹ ਸਾਰੀ ਮਨੁੱਖਤਾ ਦਾ ਭਲਾ ਸੋਚਦੇ ਸਨ। ਉਹ ਕਿਸੇ ਮਨੁੱਖ ਨੂੰ ਜਾਤੀ, ਧਰਮ ਜਾਂ ਸ਼੍ਰੇਣੀ ਦੇ ਆਧਾਰ ਤੇ ਕੋਈ ਮਹਾਨਤਾ ਨਹੀ ਸਨ ਦਿੰਦੇ। ਉਨ੍ਹਾਂ ਦੇ ਹਿਰਦੇ ਵਿਚ ਸਭਨਾ ਲਈ ਪਿਆਰ ਤੇ ਸਦਭਾਵਨਾ ਸੀ। ਜਦ ਬਾਬਰ ਨੇ ਹਿੰਦੁਸਤਾਨ ਦੀ ਪਵਿੱਤਰ ਧਰਤੀ ਤੇ ਹਮਲਾ ਕੀਤਾ ਤਾਂ ਉਨ੍ਹਾਂ ਦੀ ਆਤਮਾ ਤੜਪ ਉਠੀ। ਉਹ ਲੋਕਾਂ ਤੇ ਕੀਤੇ ਗਏ ਅਤਿਆਚਾਰ, ਉਨ੍ਹਾਂ ਨੂੰ ਦਿਤੇ ਗਏ ਤਸੀਹੇ ਨਹੀਂ ਸਹਾਰ ਸਕੇ। ਉਨ੍ਹਾਂ ਦੀ ਪੁਕਾਰ ਸੀ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥੧॥**
**ਕਰਤਾ ਤੂੰ ਸਭਨਾ ਕਾ ਸੋਈ ॥**
**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ੧ ॥**

**(ਅੰਕ ੩੬੦)**

ਗੁਰੂ ਜੀ ਨੇ ਲੋਕਾਂ ਦੀਆਂ ਅੱਖਾਂ ਵਿਚ ਅਥਰੂ ਤਰਦੇ ਵੇਖੇ। ਉਹ ਦੁੱਖ ਤੇ ਦਰਦ ਵਿਚ ਤੜਪ ਰਹੇ ਸਨ। ਗੁਰੂ ਸਾਹਿਬ ਦੀ ਆਤਮਾ ਦੁਖੀਆਂ ਦਰਦੀਆਂ ਲਈ ਕੁਰਲਾ ਰਹੀ ਸੀ। ਉਨ੍ਹਾਂ ਸਿਰਜਣਹਾਰ ਨੂੰ ਸ਼ਿਕਵਾ ਕੀਤਾ ਕਿ ਉਸਨੂੰ ਦੁਖੀਆਂ ਤੇ ਦਇਆ ਕਿਉਂ ਨਹੀਂ ਆ ਰਹੀ। ਉਹ ਤਾਂ ਸਭਨਾਂ ਦਾ ਸਾਂਝਾ ਹੈ।

ਗੁਰੂ ਜੀ ਨੇ ਪ੍ਰਚਲਤ ਜਾਤ ਪ੍ਰਣਾਲੀ ਦੀ ਭਰਪੂਰ ਨਿਖੇਧੀ ਕੀਤੀ। ਉਹ ਜਾਤੀ ਭੇਦ ਭਾਵ ਨੂੰ ਨਹੀਂ ਸਨ ਮੰਨਦੇ। ਉਨ੍ਹਾਂ ਲਈ ਸਭ ਮਨੁੱਖ ਸਮਾਨ ਸਨ।

**ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥**
**ਮਹੁਰਾ ਹੋਵੈ ਹਥਿ ਮਰੀਐ ਚਖੀਐ ॥**

**(ਅੰਕ ੧੪੨)**

ਭਾਈਚਾਰਕ ਸਾਂਝ ਹੀ ਉਨ੍ਹਾਂ ਦਾ ਮੂਲ ਸਿਧਾਂਤ ਸੀ।

ਉਹ ਇੱਕ ਜਾਤ-ਰਹਿਤ ਅਤੇ ਉਚ-ਨੀਚ ਰਹਿਤ ਸਮਾਜ ਦੀ ਸਿਰਜਣਾ ਚਾਹੁੰਦੇ ਸਨ। ਉਨ੍ਹਾਂ ਨਿਤਾਣਿਆਂ ਤੇ ਨਿਮਾਣਿਆਂ ਦਾ ਪੱਖ ਪੂਰਿਆ। ਉਹ ਸੰਸਾਰ ਵਿਚ ਵਿਚਰਦੇ ਲੋਕਾਂ ਦੇ ਦੁੱਖ ਸੁੱਖ ਦੇ ਭਾਈਵਾਲ ਬਣੇ। ਉਨ੍ਹਾਂ ਮਿਹਨਤ, ਕਿਰਤ ਅਤੇ ਸੱਚੀ ਸੁੱਚੀ ਕਮਾਈ ਦੀ ਸਰਾਹਣਾ ਕੀਤੀ।

ਗੁਰੂ ਕਾ ਲੰਗਰ, ਪੰਗਤ ਵਿਚ ਲੋਕਾਂ ਨੂੰ ਭੋਜਨ ਛਕਾਉਣਾ ਇੱਕ ਕ੍ਰਾਂਤੀਕਾਰੀ ਕਦਮ ਸੀ। ਪੰਗਤ ਵਿਚ ਬੈਠ ਕੇ ਸਭ ਜਾਤੀਆਂ, ਸਭ ਧਰਮਾਂ ਅਤੇ ਸਭ ਸ਼੍ਰੇਣੀਆਂ ਦੇ ਲੋਕ ਬੈਠ ਕੇ ਪ੍ਰਸ਼ਾਦ ਛਕਦੇ ਸਨ। ਰਾਜੇ ਤੋਂ ਲੈ ਕੇ ਰੰਕ ਤੱਕ ਪੰਗਤ ਵਿਚ ਬੈਠ ਕੇ ਜਾਤਪਾਤ ਦੇ ਭੇਦ-ਭਾਵ ਭੁਲ ਜਾਂਦੇ ਸਨ। ਇਕ ਨਵੇਂ ਸਮਾਜ ਦੀ ਸਿਰਜਨਾ ਕਰਨ ਦੀ ਆਰੰਭਤਾ ਕੀਤੀ ਗਈ। ਸਦੀਆਂ ਪੁਰਾਣੇ ਜ਼ਾਤਪਾਤ ਦੇ ਬੰਧਨ ਤੋੜੇ ਜਾਣੇ ਆਰੰਭ ਹੋ ਗਏ। ਸਨ। ਤਿਆਗ, ਸੇਵਾ ਅਤੇ ਭਰਾਤਰੀ ਭਾਵ ਦੀ ਭਾਵਨਾ ਉਤਪੰਨ ਹੋ ਰਹੀ ਸੀ। ਗੁਰੂ ਕਾ ਲੰਗਰ ਸਮਾਨਤਾ ਦਾ ਚਿੰਨ੍ਹ ਬਣ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਜਾਤੀ ਨੂੰ ਵਿਸ਼ੇਸ਼ ਮਹਾਨਤਾ ਦਿੱਤੀ। ਇਸਤ੍ਰੀ ਨੂੰ ਪੁਰਖ ਨਾਲ ਬਰਾਬਰ ਦਾ ਸਥਾਨ ਦਿੱਤਾ। ਉਨ੍ਹਾਂ ਸਤੀ ਦਾ ਜੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ। ਇਸਤ੍ਰੀ ਸਬੰਧੀ ਉਨ੍ਹਾਂ ਦੇ ਵਿਚਾਰ ਸਨ :

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

**(ਅੰਕ ੪੭੩)**

ਸ੍ਰੀ ਗੁਰੂ ਨਾਨਕ ਦੇਵ ਜੀ 1539 ਈਸਵੀ ਵਿਚ ਜੋਤੀ ਜੋਤ ਸਮਾਏ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਅੰਤਿਮ ਸੰਸਕਾਰ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ। ਮੁਸਲਮਾਨ ਅਤੇ ਹਿੰਦੂ ਆਪੋ-ਆਪਣੀਆਂ ਮਾਨਤਾਵਾਂ ਅਨੁਸਾਰ ਉਨ੍ਹਾਂ ਦੇ ਸਰੀਰ ਦਾ ਅੰਤਿਮ ਸੰਸਕਾਰ ਕਰਨਾ ਚਾਹੁੰਦੇ ਸਨ।

ਅਖੀਰ ਅੱਧੀ ਅੱਧੀ ਚਾਦਰ ਹਿੰਦੂਆਂ ਅਤੇ ਮੁਸਲਮਾਨਾਂ ਨੇ ਆਪਣੇ ਵਿਚਕਾਰ ਵੰਡ ਲਈ ਅਤੇ ਆਪੋ-ਆਪਣੀ ਮਾਨਤਾ ਅਨੁਸਾਰ ਉਸਦਾ ਅੰਤਿਮ ਸੰਸਕਾਰ ਕੀਤਾ। ਇਸੇ ਲਈ ਕਿਹਾ ਜਾਂਦਾ ਹੈ :

ਨਾਨਕ ਸ਼ਾਹ ਫਕੀਰ
ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ।

ਗੁਰੂ ਸਾਹਿਬ ਸਾਰੀ ਮਨੁੱਖਤਾ ਦੇ ਸਾਂਝੇ ਸਨ। ਉਨ੍ਹਾਂ ਅਕਾਲ ਪੁਰਖ ਦੇ ਸੰਦੇਸ਼-ਸੱਚ ਤੇ ਨਿਆਂ ਦਾ ਪ੍ਰਚਾਰ ਕੀਤਾ। ਮਨੁੱਖਤਾ ਦਾ ਚਾਨਣ ਮੁਨਾਰਾ ਦਿਖਾਇਆ ਅਤੇ ਉਨ੍ਹਾਂ ਭਟਕ ਰਹੇ ਲੋਕਾਂ ਨੂੰ ਨਵਾਂ ਰਾਹ ਵਿਖਾਇਆ, ਜਿਸ ਉਤੇ ਟੁਰ ਕੇ ਉਹ ਮੁਕਤੀ ਪ੍ਰਾਪਤ ਕਰ ਸਕਦੇ ਸਨ।

– ਸੁਰਿੰਦਰ ਸਿੰਘ ਜੌਹਰ



# ਸ੍ਰੀ ਗੁਰੂ ਅੰਗਦ ਦੇਵ ਜੀ

ਸੜਕ ਰਾਹੀਂ ਮੁਕਤਸਰ ਤੋਂ ਕੋਟਕਪੂਰੇ ਵੱਲ ਜਾਂਦਿਆਂ 16 ਕਿਲੋਮੀਟਰ ਦੂਰ ਪਿੰਡ ਸਰਾਏ ਨਾਗਾ, ਗੁਰੂ ਨਾਨਕ ਦੇਵ ਜੀ ਦੀ ਦੂਜੀ ਜੋਤ ਦੀ ਪਾਵਨ ਪ੍ਰਕਾਸ਼ ਭੂਮੀ ਹੈ। ਇਸ ਪਿੰਡ ਦਾ ਪੁਰਾਣਾ ਨਾਮ ਮੱਤੇ ਦੀ ਸਰਾਂ ਸੀ। ਇਸੇ ਪਿੰਡ ਵਿਚ 1504 ਈ. ਵਿਚ ਬਾਬਾ ਫੇਰੂ ਮੱਲ ਜੀ ਦੇ ਘਰ ਜਿਸ ਬਾਲਕ ਨੇ ਜਨਮ ਲਿਆ, ਉਨ੍ਹਾਂ ਨੂੰ ਹੀ ਗੁਰੂ ਨਾਨਕ ਦੇਵ ਜੀ ਨੇ ਜੋਤੀ ਜੋਤਿ ਸਮਾਉਣ ਉਪਰੰਤ ਆਪਣੇ ਆਰੰਭੇ ਮਿਸ਼ਨ ਨੂੰ ਅੱਗੇ ਤੋਰਨ ਦੀ ਜ਼ਿੰਮੇਵਾਰੀ ਸੌਂਪੀ। ਪ੍ਰਕਾਸ਼ ਸਮੇਂ ਇਸ ਬਾਲਕ ਦਾ ਨਾਮ ਮਾਤਾ ਪਿਤਾ ਨੇ ਲਹਿਣਾ ਜੀ ਰੱਖਿਆ ਸੀ ਤੇ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ ਆਪਣਾ ਅੰਗ ਮੰਨ ਕੇ 'ਲਹਿਣੇ' ਤੋਂ ਅੰਗਦ ਜੀ ਬਣਾ ਦਿੱਤਾ।

ਪੰਜ ਸਦੀਆਂ ਪਹਿਲਾਂ ਦੇ ਮਾਲਵੇ ਵਿਚ ਦੇਵੀ ਪੂਜਾ ਦਾ ਆਮ ਰਿਵਾਜ ਸੀ। ਭਾਈ ਲਹਿਣਾ ਜੀ ਵੀ ਆਪਣੇ ਮਾਤਾ ਪਿਤਾ ਵਾਂਗ ਦੇਵੀ ਪੂਜ ਸਨ ਤੇ ਹਰ ਸਾਲ ਜਵਾਲਾ ਦੇਵੀ ਦੀ ਯਾਤਰਾ ਕਰਨ ਵਾਲੀ ਟੋਲੀ ਦੀ ਅਗਵਾਈ ਕਰਦੇ ਸਨ। ਉਸ ਸਮੇਂ ਦੇ ਰੀਤੀ ਰਿਵਾਜ ਅਨੁਸਾਰ 16 ਸਾਲ ਦੀ ਉਮਰ ਵਿਚ ਲਹਿਣਾ ਜੀ ਦੀ ਸ਼ਾਦੀ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੰਘੜ ਦੀ ਬੀਬੀ ਖੀਵੀ ਜੀ ਨਾਲ ਹੋਈ। ਕਾਰੋਬਾਰ ਦੇ ਸਿਲਸਿਲੇ ਵਿਚ ਬਾਬਾ ਫੇਰੂ ਜੀ ਤੇ ਭਾਈ ਲਹਿਣਾ ਜੀ ਨੇ ਸੰਘੜ ਵਿਚ ਹੀ ਟਿਕਾਣਾ ਕਰ ਲਿਆ।

ਸੰਘੜ ਨਾਮ ਦਾ ਇਹ ਪਿੰਡ ਖਡੂਰ ਸਾਹਿਬ ਦੇ ਨੇੜੇ ਹੈ। ਇਸੇ ਖਡੂਰ ਸਾਹਿਬ ਵਿਚ ਭਾਈ ਜੋਧਾ ਨਾਮ ਦੇ ਇੱਕ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਸਿੱਖ ਸਨ, ਜੋ ਅੰਮ੍ਰਿਤ ਵੇਲੇ ਉਠ ਕੇ ਬੁਲੰਦ ਆਵਾਜ਼ ਵਿਚ ਪ੍ਰੇਮ ਨਾਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਦੇ ਸਨ। ਇੱਕ ਦਿਨ ਭਾਈ ਜੋਧਾ ਜੀ ਦੁਆਰਾ ਪ੍ਰੇਮ ਨਾਲ ਗਾਈ ਬਾਣੀ ਦੇ ਸਰਲ ਤੇ ਉਚ ਵਿਚਾਰ ਨੇੜਿਉਂ ਲੰਘਦੇ ਭਾਈ ਲਹਿਣਾ ਜੀ ਦੇ ਕੰਨੀ ਪਏ :

**ਪਉੜੀ ॥**
**ਜਿਤੁ ਸੇਵਿਐ ਸੁਖੁ ਪਾਈਐ**
**ਸੋ ਸਾਹਿਬੁ ਸਦਾ ਸਮ੍ਹਾਲੀਐ ॥**
**ਜਿਤੁ ਕੀਤਾ ਪਾਈਐ ਆਪਣਾ**
**ਸਾ ਘਾਲ ਬੁਰੀ ਕਿਉ ਘਾਲੀਐ ॥**
**ਮੰਦਾ ਮੂਲਿ ਨ ਕੀਚਈ**
**ਦੇ ਲੰਮੀ ਨਦਰਿ ਨਿਹਾਲੀਐ ॥**
**ਜਿਉ ਸਾਹਿਬ ਨਾਲਿ ਨ ਹਾਰੀਐ**
**ਤੇਵੇਹਾ ਪਾਸਾ ਢਾਲੀਐ ॥**
**ਕਿਛੁ ਲਾਹੇ ਉਪਰਿ ਘਾਲੀਐ ॥ ੨੧ ॥**

**(ਅੰਕ ੪੭੪)**

ਆਮ ਲੋਕਾਂ ਦੀ ਬੋਲੀ ਵਿਚ ਜ਼ਿੰਦਗੀ ਨੂੰ ਸਾਰਥਕ ਬਣਾਉਣ

ਵਾਲੇ ਬੋਲ। "ਜਿਸ ਪ੍ਰਭੂ ਨੂੰ ਯਾਦ ਕਰਦੇ ਸੁੱਖ ਮਿਲਦਾ ਹੈ, ਉਸ ਨੂੰ ਸਦਾ ਯਾਦ ਰੱਖੀਏ। ਹਰ ਕੰਮ ਦਾ ਫਲ ਭੋਗਣਾ ਪੈਣਾ ਹੈ ਤਾਂ ਫਿਰ ਮਾੜਾ ਕੰਮ ਕਿਉਂ ਕਰੀਏ। ਕੰਮ ਉਹ ਕਰੀਏ ਜਿਸ ਵਿਚ ਲਾਭ ਹੈ। ਉਹ ਕਰੀਏ ਜਿਸ ਨਾਲ ਪ੍ਰਭੂ ਅੱਗੇ ਸ਼ਰਮਿੰਦਾ ਨਾ ਹੋਣਾ ਪਵੇ। ਕਿਸੇ ਦਾ ਮੰਦਾ ਨਾ ਸੋਚੀਏ। ਹਰ ਕਿਸੇ ਪ੍ਰਤਿ ਉਦਾਰ ਦ੍ਰਿਸ਼ਟੀ ਅਪਣਾਈਏ।" ਭਾਈ ਲਹਿਣਾ ਜੀ ਨੇ ਭਾਈ ਜੋਧਾ ਜੀ ਨਾਲ ਇਨ੍ਹਾਂ ਰਸਮਈ ਤੇ ਉਦਾਰ ਵਿਚਾਰਾਂ ਬਾਰੇ ਚਰਚਾ ਕੀਤੀ ਤਾਂ ਪਤਾ ਲੱਗਾ ਕਿ ਇਹ ਬੋਲ ਕਰਤਾਰਪੁਰ ਵਿਚ ਟਿਕੀ ਹੋਈ ਇਲਾਹੀ ਜੋਤਿ ਬਾਬਾ ਨਾਨਕ ਜੀ ਦੇ ਹਨ। ਭਾਈ ਲਹਿਣਾ ਜੀ ਦੇ ਦਿਲ ਨੇ ਕਿਹਾ ਕਿ ਜਿਸ ਦੇ ਇਹ ਬੋਲ ਇੰਨੇ ਮਿੱਠੇ ਤੇ ਪ੍ਰਭਾਵਸ਼ਾਲੀ ਹਨ, ਉਹ ਆਪ ਕਿੰਨਾ ਮਿੱਠਾ ਹੋਵੇਗਾ। ਉਸ ਦੇ ਮਿੱਠੇ ਬੋਲ ਕਿਉਂ ਨਾ ਸੁਣੇ ਜਾਣ। ਉਸ ਦੀ ਮਿਠਾਸ ਦਾ ਨਿੱਘ ਨੇੜਿਉਂ ਕਿਉਂ ਨਾ ਮਾਣਿਆ ਜਾਵੇ। ਹਰ ਰੋਜ਼ ਤਾਂ ਦੂਰ ਦੁਰਾਡੇ ਜਾਣ ਦੇ ਅਵਸਰ ਉਨ੍ਹਾਂ ਦਿਨਾਂ ਵਿਚ ਸਨ ਨਹੀਂ। ਇਸ ਲਈ ਲਹਿਣਾ ਜੀ ਨੇ ਦੇਵੀ ਦਰਸ਼ਨ ਨੂੰ ਜਾਣ ਸਮੇਂ ਹੀ ਆਉਂਦੇ ਜਾਂਦੇ ਕਿਸੇ ਵੇਲੇ ਇਹ ਕਾਰਜ ਕਰਨ ਦਾ ਫੈਸਲਾ ਕੀਤਾ। ਉਹ ਅਵਸਰ ਆਇਆ ਤਾਂ ਲਹਿਣਾ ਜੀ ਨੇ ਆਪਣੇ ਸਾਥੀਆਂ ਨਾਲ ਇਸ ਬਾਰੇ ਗੱਲ ਕੀਤੀ।

ਉਨ੍ਹਾਂ ਨੂੰ ਆਪਣੇ ਆਗੂ ਦੀ ਇਹ ਸੋਚ ਚੰਗੀ ਨਾ ਲੱਗੀ। ਕਿਸੇ ਨੇ ਵੀ ਹਾਮੀ ਨਾ ਭਰੀ ਤੇ ਇਕ ਦਿਨ ਬਿਨਾਂ ਕਿਸੇ ਨੂੰ ਕੁੱਝ ਦੱਸੇ ਭਾਈ ਲਹਿਣਾ ਜੀ ਸਾਥੀਆਂ ਨੂੰ ਛੱਡ ਕੇ ਇਕੱਲੇ ਹੀ ਘੋੜੇ ਉਤੇ ਸਵਾਰ ਹੋ ਕਰਤਾਰਪੁਰ ਨੂੰ ਤੁਰ ਪਏ।

ਕਰਤਾਰਪੁਰ ਦੀ ਜੂਹ ਵਿਚ ਪਹੁੰਚ ਕੇ ਉਹ ਗੁਰੂ ਨਾਨਕ ਦੇਵ ਜੀ ਦੇ ਟਿਕਾਣੇ ਬਾਰੇ ਪੁੱਛਦੇ ਹੋਏ ਅੱਗੇ ਵੱਧ ਰਹੇ ਸਨ। ਇਸ ਦੌਰਾਨ ਹੀ ਉਨ੍ਹਾਂ ਜਿਸ ਮਹਾਂਪੁਰਖ ਤੋਂ ਗੁਰੂ ਬਾਬੇ ਦੇ ਟਿਕਾਣੇ ਬਾਰੇ ਪੁੱਛਿਆ, ਉਹ ਹਜ਼ੂਰ ਆਪ ਹੀ ਸਨ। ਉਨ੍ਹਾਂ ਲਹਿਣਾ ਜੀ ਦੇ ਘੋੜੇ ਦੀ ਵਾਗ ਫੜ ਲਈ ਤੇ ਅੱਗੇ ਲੱਗ ਤੁਰੇ। ਭਾਈ ਸਾਹਿਬ ਘੋੜੇ ਉਤੇ ਅਤੇ ਹਜ਼ੂਰ ਪੈਦਲ। ਟਿਕਾਣੇ ਉਤੇ ਜਾ ਕੇ ਹੀ ਪਤਾ ਲੱਗਾ ਕਿ ਇਹ ਕੀ ਕੌਤਕ ਵਾਪਰਿਆ ਹੈ। ਨਿਮਰਤਾ ਦੇ ਪੁੰਜ ਬਾਬਾ ਨਾਨਕ ਜੀ ਦੇ ਵਿਹਾਰ ਨਾਲ ਭਾਈ ਸਾਹਿਬ ਦੇ ਮਨ ਉਤੇ ਅਜਿਹਾ ਪ੍ਰਭਾਵ ਉਕਰ ਗਿਆ ਕਿ ਉਹ ਬਾਬੇ ਨਾਨਕ ਜੀ ਦੇ ਹੀ ਹੋ ਕੇ ਰਹਿ ਗਏ।

ਦੇਵੀ ਪੂਜਾ ਵਾਲੀਆਂ ਘੰਟੀਆਂ ਟੱਲੀਆਂ ਤੇ ਹੋਰ ਸਾਮਾਨ ਉਨ੍ਹਾਂ ਪਾਸੇ ਕਰ ਦਿੱਤਾ ਤੇ ਦਿਲੋਂ ਮਨੋਂ ਗੁਰੂ ਘਰ ਦੀ ਸੇਵਾ ਸ਼ੁਰੂ ਕਰ ਦਿੱਤੀ। ਬਾਣੀ ਦਾ ਪਾਠ ਤੇ ਸ਼ਬਦ ਕੀਰਤਨ ਪੜ੍ਹਨਾ ਸੁਣਨਾ ਸ਼ੁਰੂ ਕਰ ਦਿੱਤਾ। ਘਰ ਦੀਆਂ ਜ਼ਿੰਮੇਵਾਰੀਆਂ ਤੇ ਹੋਰ ਕਾਰ ਵਿਹਾਰ ਆਪਣੀ ਪਤਨੀ ਤੇ ਭਾਣਜੇ ਨੂੰ ਸੌਂਪ ਕੇ ਕਰਤਾਰਪੁਰ ਵਿਚ ਹੀ ਟਿਕ ਗਏ। ਇਹ ਗੱਲ 1532 ਈਸਵੀ ਦੀ ਹੈ।

ਸੱਤ ਸਾਲ ਪੂਰੇ ਸਿਦਕ ਤੇ ਪ੍ਰੇਮ ਨਾਲ ਆਪ ਨੇ ਜਿਸ ਪ੍ਰਕਾਰ ਦਾ ਜੀਵਨ ਜੀਵਿਆ, ਜਿਸ ਪ੍ਰਕਾਰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਉਤੇ ਸੰਪੂਰਨ ਕਾਬੂ ਹੋਣ ਦਾ ਪ੍ਰਮਾਣ ਦਿੱਤਾ। ਸੇਵਾ, ਸਿਮਰਨ, ਤਿਆਗ, ਧੀਰਜ ਤੇ ਜ਼ਿੰਮੇਵਾਰੀ ਸੰਭਾਲਣ ਦੀ ਯੋਗਤਾ ਦਾ ਸਬੂਤ ਦਿੱਤਾ। ਉਸ ਦੀਆਂ ਦੰਤ ਕਥਾਵਾਂ ਬਣਨ ਲੱਗੀਆਂ। ਜਿਉਂਦੇ ਜੀਅ ਹੀ ਉਨ੍ਹਾਂ ਦੁਆਲੇ ਮਿਥਾਂ ਜੁੜਨ ਲੱਗੀਆਂ।

ਜਨਮ ਸਾਖੀਆਂ, ਪੰਥ ਪ੍ਰਕਾਸ਼, ਮਹਿਮਾ ਪ੍ਰਕਾਸ਼, ਨਾਨਕ ਪ੍ਰਕਾਸ਼ ਆਦਿ ਹਰ ਗ੍ਰੰਥ ਇਸ ਦੇ ਪ੍ਰਮਾਣ ਸੰਭਾਲੀ ਬੈਠਾ ਹੈ। ਇਸ ਸਾਰੇ ਘਟਨਾਕ੍ਰਮ ਦਾ ਸਿਖਰ 2 ਸਤੰਬਰ 1539 ਨੂੰ ਦੇਖਣ ਨੂੰ ਮਿਲਿਆ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸੱਤੇ ਬਲਵੰਡ ਦੀ ਵਾਰ ਨੇ ਇਸ ਦਾ ਜ਼ਿਕਰ "ਸਹਿ ਟਿਕਾ ਦਿਤੋਸੁ ਜੀਵਦੈ॥" ਕਹਿ ਕੇ ਕੀਤਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਜਿਉਂਦੇ ਜੀਅ ਆਪਣੇ ਹੱਥੀਂ ਲਹਿਣਾ ਜੀ ਨੂੰ ਗੁਰੂ ਅੰਗਦ ਜੀ ਦਾ ਨਾਮ ਦੇ ਕੇ ਗੁਰਗੱਦੀ ਦੀ ਬਖਸ਼ਿਸ਼ ਕੀਤੀ ਅਤੇ ਆਪਣੇ ਵਲੋਂ ਆਰੰਭੇ ਮਿਸ਼ਨ ਨੂੰ ਅੱਗੇ ਤੋਰਨ ਦਾ ਕਾਰਜ ਸੌਂਪਿਆ।

ਗੁਰੂ ਨਾਨਕ ਪਾਤਸ਼ਾਹ ਦੇ ਜੋਤੀ ਜੋਤਿ ਸਮਾਉਣ ਉਪਰੰਤ ਗੁਰੂ ਅੰਗਦ ਸਾਹਿਬ ਖਡੂਰ ਸਾਹਿਬ ਆ ਟਿਕੇ। ਕੁੱਝ ਮਹੀਨੇ ਵੈਰਾਗ ਤੇ ਚਿੰਤਨ ਦੀ ਗੰਭੀਰ ਅਵਸਥਾ ਵਿਚ ਲੰਘੇ। ਇਸ ਦੌਰਾਨ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਲਈ ਛੋਟੇ ਤੇ ਲੰਬੇ ਸਮੇਂ ਦੇ ਪ੍ਰੋਗਰਾਮ ਉਲੀਕੇ। ਇਸ ਨੂੰ ਸੰਸਥਾਗਤ ਰੂਪ ਦੇਣ ਲਈ ਸੰਗਤ ਨੂੰ ਸੰਗਠਿਤ ਅਤੇ ਮਜ਼ਬੂਤ ਕਰਨ ਦੇ ਉਦਮ ਆਰੰਭੇ।

ਪੰਥ ਪ੍ਰਕਾਸ਼ ਦੇ ਕਰਤਾ ਅਨੁਸਾਰ ਸੰਗਤ ਦੇਸ਼ ਬਿਦੇਸ਼ ਤੋਂ ਆਵਨ ਲੱਗੀ ਖਡੂਰ। ਗੁਰਬਾਣੀ ਤੇ ਗੁਰ ਉਪਦੇਸ਼ਾਂ ਦੀ ਵਿਆਖਿਆ ਦੁਆਰਾ ਗੁਰੂ ਅੰਗਦ ਦੇਵ ਜੀ ਉਨ੍ਹਾਂ ਨੂੰ ਸਮਾਜਿਕ ਤੇ ਧਾਰਮਿਕ ਜੀਵਨ ਦੇ ਨਵੇਂ ਮਾਰਗ ਨਾਲ ਜੋੜਦੇ। ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਉਸ ਸਮੇਂ ਅਲਪ ਵਿਕਸਿਤ ਪਰੰਤੂ ਆਮ ਲੋਕਾਂ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਪੱਟੀ ਦੇ ਰੂਪ ਵਿਚ ਪੇਸ਼ ਲਿਪੀ ਵਿਚ ਲਿਖੇ ਜਾਣ ਨੂੰ ਉਤਸ਼ਾਹਿਤ ਕਰਦੇ। ਇਸ ਨਾਲ ਇਹ ਲਿਪੀ ਗੁਰਮੁਖੀ ਲਿਪੀ ਵਜੋਂ ਪ੍ਰਸਿੱਧ ਹੋਈ। ਆਪ ਅੰਮ੍ਰਿਤ ਵੇਲੇ ਸੰਗਤਾਂ ਨੂੰ ਗੁਰਬਾਣੀ ਦੇ ਪਾਠ ਤੇ ਕੀਰਤਨ ਨਾਲ ਜੋੜਦੇ। ਆਸ ਪਾਸ ਦੇ ਸਮਾਜ ਵਿਚ ਫੈਲੀ ਜ਼ਾਤ ਪਾਤ ਤੇ ਉਚ-ਨੀਚ ਦੇ ਭੇਦਭਾਵ ਨੂੰ ਤੋੜਨ ਲਈ ਆਪ ਨੇ ਸੰਗਤਾਂ ਵਿਚ ਲੰਗਰ ਦੀ ਪ੍ਰਥਾ ਨੂੰ ਮਜ਼ਬੂਤ ਕੀਤਾ।

ਆਪ ਦੀ ਪਤਨੀ (ਮਾਤਾ ਖੀਵੀ ਜੀ) ਆਪ ਖੀਰ ਨਾਲ ਲੰਗਰ ਵਿਚ ਸੰਗਤਾਂ ਦੀ ਸੇਵਾ ਕਰਦੇ। ਸੱਤੇ ਅਤੇ ਬਲਵੰਡ ਨੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਆਪਣੀ ਵਾਰ ਵਿਚ ਇਸ ਤੱਥ ਵੱਲ ਇਉਂ ਸੰਕੇਤ ਕੀਤਾ ਹੈ :

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥**
**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥**
**(ਅੰਕ ੯੬੭)**

ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਵਿਰਾਟ ਬਿੰਬ ਨਾਲ ਜੋੜਨ ਦਾ ਉੱਦਮ ਗੁਰੂ ਅੰਗਦ ਦੇਵ ਜੀ ਨੇ ਸ਼ੁਰੂ ਕੀਤਾ। ਗੁਰੂ ਨਾਨਕ ਦੇਵ ਜੀ, ਉਨ੍ਹਾਂ ਦੀ ਬਾਣੀ ਅਤੇ ਉਪਦੇਸ਼ ਨਾਲ ਜੋੜਨ ਦਾ ਉਦਮ ਸੀ ਇਹ। ਆਪ ਸੰਗਤਾਂ ਨੂੰ ਕਹਿੰਦੇ :

**ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥**

**(ਅੰਕ ੧੫੦)**

ਗੁਰੂ ਦੀ ਲੋੜ ਅਤੇ ਮਹੱਤਵ ਬਾਰੇ ਆਪ ਦੱਸਦੇ ਕਿ ਭਾਵੇਂ ਸੈਂਕੜੇ ਚੰਨ ਚੜ੍ਹ ਜਾਣ ਅਤੇ ਭਾਵੇਂ ਹਜ਼ਾਰਾਂ ਸੂਰਜ ਉਦੈ ਹੋ ਜਾਣ, ਅਗਿਆਨ ਦਾ ਹਨੇਰਾ ਤਾਂ ਗੁਰੂ ਹੀ ਦੂਰ ਕਰ ਸਕਦਾ ਹੈ :

**ਮਹਲਾ ੨ ॥**
**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ੨ ॥**

**(ਅੰਕ ੪੬੩)**

ਜੋ ਵੀ ਗੁਰੂ ਨਾਨਕ ਦੇਵ ਜੀ ਦਾ ਨਾਮ ਲੇਵਾ ਬਜ਼ੁਰਗ ਮਾਈ ਭਾਈ ਆਪ ਦੇ ਦਰਸ਼ਨਾਂ ਨੂੰ ਆਉਂਦਾ, ਆਪ ਉਸ ਤੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਕੌਤਕਾਂ ਬਾਰੇ ਚਰਚਾ ਸੁਣਦੇ। ਇਸ ਸਿਲਸਿਲੇ ਵਿਚ ਲੰਬੀ ਵਿਚਾਰ ਚਰਚਾ ਉਪਰੰਤ ਆਪ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਨੂੰ ਭਾਈ ਪੈੜੇ ਮੋਖੇ ਤੋਂ ਲਿਖਵਾਇਆ ਅਤੇ ਇੰਜ ਗੁਰੂ ਨਾਨਕ ਸਾਹਿਬ ਦਾ ਪਹਿਲਾ ਜੀਵਨ ਬਿਰਤਾਂਤ ਸਿੱਖ ਸੰਗਤਾਂ ਵਿਚ ਪ੍ਰਚਲਿਤ ਹੋਇਆ।

ਇਸ ਬਿਰਤਾਂਤ ਨੇ ਗੁਰੂ ਨਾਨਕ ਦੇਵ ਜੀ ਦਾ ਅਜਿਹਾ ਬਿੰਬ ਪੰਜਾਬ ਦੇ ਘਰ ਘਰ ਵਿਚ ਸਥਾਪਤ ਕਰ ਦਿੱਤਾ ਕਿ ਸਮੇਂ ਦੇ ਬੀਤਣ ਨਾਲ ਇਹ ਬਿੰਬ ਨਿਰੰਤਰ ਆਭਾ ਭਰਪੂਰ ਤੇ ਨਿੱਤ ਨਵੇਂ ਗੌਰਵ ਦਾ ਧਾਰਨੀ ਬਣਦਾ ਗਿਆ। ਸਿੱਟੇ ਵਜੋਂ ਪੰਜਾਬੀ ਵਿਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਜਨਮ ਸਾਖੀਆਂ ਦੀ ਇੱਕ ਲੰਬੀ ਪਰੰਪਰਾ ਸ਼ੁਰੂ ਹੋ ਗਈ ਜਿਸ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਇਤਿਹਾਸ, ਮਿਥਿਹਾਸ, ਧਰਮ ਤੇ ਸਮਾਜ ਦੇ ਅਨੇਕਾਂ ਵੇਰਵੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਲਏ। ਇਸ ਉਦਮ ਨੇ ਸਿੱਖ ਧਰਮ ਨੂੰ ਨਿਵੇਕਲੇ ਤੇ ਮਜ਼ਬੂਤ ਆਧਾਰ ਵਾਲਾ ਸੰਸਥਾਗਤ ਸਰੂਪ ਦੇਣ ਵਿਚ ਬੜਾ ਨਿਗਰ ਹਿੱਸਾ ਪਾਇਆ। ਇਸ ਨਾਲ ਲੋਕ ਪਰੰਪਰਾਗਤ ਧਾਰਮਿਕ ਕਰਮਕਾਂਡ ਨੂੰ ਛੱਡ ਕੇ ਗੁਰੂ ਨਾਨਕ ਦੇਵ ਜੀ ਦੇ ਨਵੇਂ ਮਾਰਗ ਨਾਲ ਜੁੜਨ ਵਿਚ ਗੌਰਵ ਤੇ ਆਕਰਸ਼ਣ ਅਨੁਭਵ ਕਰਦੇ।

ਗੁਰੂ ਅੰਗਦ ਦੇਵ ਜੀ ਨੇ ਸੰਗਤਾਂ ਨੂੰ ਵਿੱਦਿਆ ਦੇ ਚਾਨਣ ਨਾਲ ਜੋੜਨ ਲਈ ਉਨ੍ਹਾਂ ਨੂੰ ਲਿਪੀ ਦੇ ਗਿਆਨ ਅਤੇ ਲਿਖਣ ਪੜ੍ਹਨ ਨਾਲ ਸੁਚੇਤ ਰੂਪ ਵਿਚ ਜੋੜਿਆ। ਬੱਚਿਆਂ ਨੂੰ ਲਿਪੀ ਦੇ ਬੋਧ ਲਈ ਕਾਇਦੇ ਤੇ ਮੁਹਾਰਣੀ ਜਿਹੇ ਸੰਦ ਵਰਤਣ ਦੀ ਵਿਧੀ ਸਿੱਖ ਪਰੰਪਰਾ ਵਿਚ ਆਪ ਨਾਲ ਜੁੜੀ ਮਿਲਦੀ ਹੈ।

ਸਵੱਛ ਮਨ ਲਈ ਸਿਹਤਮੰਦ ਸਰੀਰ ਦੀ ਆਵਸ਼ਕਤਾ ਨੂੰ ਪਛਾਣਦੇ ਹੋਏ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਚ ਬਾਕਾਇਦਾ ਮੱਲ ਅਖਾੜੇ ਤੇ ਕੁਸ਼ਤੀ ਦੀ ਪਰੰਪਰਾ ਤੋਰੀ। ਆਪ ਨੇ ਸੰਗਤਾਂ ਨੂੰ ਨਿਡਰ ਤੇ ਨਿਰਭਉ ਜੀਵਨ ਜੀਣ ਲਈ ਹੌਂਸਲਾ ਦਿੱਤਾ। ਇਸ ਵਾਸਤੇ ਆਪ ਨੇ ਕੇਵਲ ਉਪਦੇਸ਼ ਨਹੀਂ ਦਿੱਤਾ, ਸਗੋਂ ਆਪਣੀ ਜੀਵਨ ਸ਼ੈਲੀ ਰਾਹੀਂ ਉੱਚੇ ਪ੍ਰਤਿਮਾਨ ਸਿਰਜੇ।

ਬਾਬਰ ਦਾ ਬੇਟਾ ਸ਼ਹਿਨਸ਼ਾਹ ਹਮਾਯੂੰ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਨੱਸਿਆ ਤਾਂ ਉਸ ਨੇ ਲਾਹੌਰ ਵੱਲ ਮੂੰਹ ਕੀਤਾ। ਰਾਹ ਵਿਚ ਖਡੂਰ ਸਾਹਿਬ ਵਿਚ ਗੁਰੂ ਅੰਗਦ ਦੇਵ ਜੀ ਦੀ ਦਰਵੇਸ਼ੀ ਸੋਭਾ ਸੁਣ ਕੇ ਉਹ ਆਪ ਦੇ ਟਿਕਾਣੇ ਜਾ ਪੁੱਜਾ।

ਤਵਾਰੀਖ਼ ਗੁਰੂ ਖਾਲਸਾ, ਪੰਥ ਪ੍ਰਕਾਸ਼ ਤੇ ਮਹਿਮਾ ਪ੍ਰਕਾਸ਼ ਆਦਿ ਗ੍ਰੰਥ ਇਸ ਇਤਿਹਾਸਕ ਘਟਨਾ ਦਾ ਜ਼ਿਕਰ ਕਰਦੇ ਹਨ। ਸਾਰੇ ਹੀ ਇੱਕ ਗੱਲ ਉਤੇ ਸਹਿਮਤ ਹਨ ਕਿ ਨਿਰਭੈ ਤੇ ਬੇਪ੍ਰਵਾਹ ਗੁਰੂ ਅੰਗਦ ਦੇਵ ਜੀ ਨੇ 'ਦੋ ਘੜੀਆਂ' ਬਾਦਸ਼ਾਹ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਹਮਾਯੂੰ ਨੇ ਗੁੱਸੇ ਵਿਚ ਤਲਵਾਰ ਕੱਢ ਲਈ। ਗੁਰੂ ਅੰਗਦ ਦੇਵ ਜੀ ਨੇ ਮੁਸਕਰਾ ਕੇ ਕਿਹਾ – ਤੇਰੀ ਤਲਵਾਰ ਬਲਵਾਨ ਦੁਸ਼ਮਣ (ਸ਼ੇਰ ਸ਼ਾਹ ਸੂਰੀ) ਵੇਲੇ ਕਿਥੇ ਗਈ ਸੀ? ਕੀ ਇਹ ਫਕੀਰਾਂ ਉਤੇ ਚਲਾਣ ਲਈ ਹੀ ਹੈ? ਬਾਦਸ਼ਾਹ ਨੇ ਆਪਣੀ ਗਲਤੀ ਮੰਨ ਕੇ ਖਿਮਾ ਮੰਗੀ ਤੇ ਗੁਰੂ ਸਾਹਿਬ ਨੇ ਉਸ ਨੂੰ ਖਿਮਾ ਕਰ ਦਿੱਤਾ। ਇਸ ਬਿਰਤਾਂਤ ਦੇ ਇਤਿਹਾਸਕ ਸੰਕੇਤ ਵੇਖਣ ਯੋਗ ਹਨ :

(ੳ)
ਗੁਜਰੀ ਦੋਇ ਘੜੀ ਸਤਗੁਰ ਨਹੀਂ ਦੇਖਾ।
ਕੀਆ ਬਾਦਸ਼ਾਹ ਮਨ ਕੋਪ ਬਿਸੇਖਾ।

(ਮਹਿਮਾ ਪ੍ਰਕਾਸ਼)

(ਅ)
ਸ਼ੇਰ ਸ਼ਾਹ ਕੇ ਸਾਮਣੇ ਬਲ ਗਇਓ ਕਿਥਾਏਂ।
ਪੀਰ ਫਕੀਰਨ ਪਰ ਚਹੈਂ ਤੂੰ ਖੜਗ ਚਲਾਏ।
ਆਵਤ ਲਾਜ ਨਾ ਤੋਹਿ ਕੋ ਪਿਤ ਦਿਖਰ ਆਇਓ।
ਬਚਨ ਗੁਰੂ ਕੇ ਸੁਨਤ ਹੀ ਚਰਨੀ ਲਪਟਾਇਓ।

(ਪੰਥ ਪ੍ਰਕਾਸ਼)

(ੲ)
ਬਿਨਤੀ ਧਾਰ ਹਮਾਯੂੰ ਕਹਿਓ।
ਬੜੀ ਚੂਕ ਹਮ ਤੈ ਇਹ ਭਇਓ।

(ਮਹਿਮਾ ਪ੍ਰਕਾਸ਼)

ਆਪ ਪੂਰੇ 13 ਸਾਲ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਦੂਰਦ੍ਰਿਸ਼ਟੀ ਨਾਲ ਸੰਗਠਿਤ ਕਰਕੇ ਪ੍ਰਚਾਰਦੇ-ਪ੍ਰਸਾਰਦੇ ਰਹੇ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਚਾਰ-ਪ੍ਰਸਾਰ ਤੇ ਵਿਆਖਿਆ ਉਨ੍ਹਾਂ

ਦਾ ਮੂਲ ਉਦੇਸ਼ ਸੀ। ਇਸ ਲਈ ਉਨ੍ਹਾਂ ਆਪ ਕੇਵਲ ਸਲੋਕ ਹੀ ਉਚਾਰੇ ਜਿਨ੍ਹਾਂ ਵਿਚ ਆਪ ਨੇ ਸੰਖੇਪ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਨੂੰ ਸੂਤਰਕ ਰੂਪ ਵਿਚ, ਸਾਰ ਰੂਪ ਵਿਚ ਸੰਗਤਾਂ ਦੇ ਸਾਹਮਣੇ ਰੱਖਿਆ ਤੇ ਕੁੱਝ ਬੁਨਿਆਦੀ ਨੁਕਤਿਆਂ ਦੀ ਹੀ ਵਿਆਖਿਆ ਆਪਣੀ ਬਾਣੀ ਵਿਚ ਕੀਤੀ।

ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਭੱਟ ਬਾਣੀ ਵਿਚ ਭੱਟਾਂ ਨੇ ਗੁਰੂ ਅੰਗਦ ਪਾਤਸ਼ਾਹ ਨੂੰ ਅਗਿਆਨ ਹਨੇਰਾ ਦੂਰ ਕਰਨ ਵਾਲਾ ਤੇ ਪਾਪਾਂ ਨੂੰ ਸਾੜ ਕੇ ਨਾਸ ਕਰਨ ਵਾਲਾ ਕਿਹਾ ਹੈ। ਆਪ ਦੇ ਬਚਨਾਂ ਨੂੰ ਅੰਮ੍ਰਿਤ ਦਾ ਪ੍ਰਵਾਹ ਕਿਹਾ ਹੈ। ਆਪ ਨੂੰ ਰਾਜ ਜੋਗੀ ਕਿਹਾ ਹੈ। ਸੱਤੇ ਤੇ ਬਲਵੰਡ ਨੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੀ ਜੋਤਿ ਤੇ ਸੱਚਾ ਪਾਤਸ਼ਾਹ ਆਖਿਆ ਹੈ :

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**

**(ਅੰਕ ੯੬੬)**

ਨਿਮਰਤਾ, ਤਿਆਗ ਤੇ ਨਿਡਰਤਾ ਵਾਲਾ ਉੱਚਾ ਸੁੱਚਾ ਜੀਵਨ ਜੀ ਕੇ ਗੁਰੂ ਅੰਗਦ ਦੇਵ ਜੀ ਨੇ ਸੰਗਤ ਨੂੰ ਹਉਮੈਂ ਦੇ ਮਾਰੂ ਰੋਗ ਤੋਂ ਬਚਾਣ ਲਈ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਸਿਦਕ ਨਾਲ ਧਾਰਨ ਕਰਨ ਲਈ ਆਖਿਆ। ਆਪ ਜੀ ਦਾ ਫੁਰਮਾਨ ਸੀ ਕਿ ਮਨੁੱਖੀ ਸ਼ਖਸੀਅਤ ਦਾ ਸਭ ਤੋਂ ਵੱਡਾ ਦੁਸ਼ਮਣ ਹਉਮੈ ਤੇ ਹੰਕਾਰ ਹੈ। ਇਸ ਤੱਥ ਨੂੰ ਪਛਾਣ ਲੈਣਾ ਹੀ ਕਿ ਹਉਮੈਂ ਰੋਗ ਹੈ – ਪਹਿਲੀ ਜ਼ਰੂਰਤ ਹੈ। ਇਸ ਪਛਾਣ ਵਿਚ ਹੀ ਇਸ ਦੇ ਇਲਾਜ ਦੀ ਸ਼ੁਰੂਆਤ ਹੈ। ਇਸ ਦਾ ਪੂਰਾ ਇਲਾਜ ਗੁਰੂ ਜੀ ਦੇ ਦੱਸੇ ਉਪਦੇਸ਼ਾਂ ਨੂੰ ਜੀਵਨ ਵਿਚ ਢਾਲਣਾ ਹੈ। ਇਸ ਸਿਲਸਿਲੇ ਵਿਚ ਆਪ ਦਾ ਫੁਰਮਾਨ ਹੈ :

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥**
**ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥**
**ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥**

(ਅੰਕ ੪੬੬)

ਗੁਰੂ ਅੰਗਦ ਦੇਵ ਜੀ ਨੇ 7 ਸਾਲ ਜਿਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਦੇ ਹਰ ਪ੍ਰਕਾਰ ਨਾਲ ਆਗਿਆਕਾਰੀ ਹੋਣ ਦਾ ਆਦਰਸ਼ ਸਥਾਪਤ ਕੀਤਾ, ਉਹ ਸਿੱਖ ਸੰਗਤਾਂ ਲਈ ਮਾਰਗ ਦਰਸ਼ਕ ਬਣਿਆ। ਉਨ੍ਹਾਂ ਨੇ ਸੇਵਾ ਦੇ ਉੱਚੇ ਪ੍ਰਤਿਮਾਨ ਹਰ ਪ੍ਰਕਾਰ ਦੀ ਹੱਥੀਂ ਸੇਵਾ ਕਰਕੇ ਸਿਰਜੇ। ਆਪ ਨੇ ਬਾਣੀ ਵਿਚ ਵੀ ਬਿਨਾਂ ਕਿਸੇ ਹੀਲ ਹੁਜਤ ਜਾਂ ਸਵਾਲ ਜਵਾਬ ਦੇ ਸੇਵਾ ਕਰਨ ਲਈ ਉਪਦੇਸ਼ ਕੀਤਾ :

**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥**

(ਅੰਕ ੪੭੪)

**ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥**
**ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥ ੨ ॥**

(ਅੰਕ ੪੭੪)

ਆਪ ਨੇ ਦੁਨੀਆਂ ਦੀ ਹਰ ਉਹ ਵਡਿਆਈ ਤੇ ਉਹ ਗਤੀਵਿਧੀ ਜੋ ਪ੍ਰਭੂ ਤੋਂ ਤੋੜਦੀ ਹੈ, ਨੂੰ ਤਿਆਗਣ ਲਈ ਕਿਹਾ।

**ਨਾਨਕ ਦੁਨੀਆ ਕੀਆਂ ਵਡਿਆਈਆਂ**
**ਅਗੀ ਸੇਤੀ ਜਾਲਿ ॥**
**ਏਨੀ ਜਲੀਈਂ ਨਾਮੁ ਵਿਸਾਰਿਆ**
**ਇਕ ਨ ਚਲੀਆ ਨਾਲਿ ॥ ੨ ॥**

**(ਅੰਕ ੧੨੯੦)**

ਆਪ ਨੇ ਪ੍ਰਭੂ ਦੇ ਹੁਕਮ ਦੀ ਪਛਾਣ ਵਾਲਾ ਜੀਵਨ ਜੀਣ ਉਤੇ ਵਿਸ਼ੇਸ਼ ਬਲ ਦਿੱਤਾ।

**ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥**

**(ਅੰਕ ੧੩੯)**

ਸੰਗਤਾਂ ਵਿਚ ਗੁਰੂ ਨਾਨਕ ਮਾਰਗ ਦੀ ਸਪੱਸ਼ਟ ਸਰਲ ਵਿਆਖਿਆ ਦਾ ਸੰਚਾਰ ਹੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਮੂਲ ਉਦੇਸ਼ ਸੀ। ਕਾਵਿ, ਰਾਗ ਜਾਂ ਰੂਪਾਕਾਰ ਦੇ ਬੰਧਨ ਉਨ੍ਹਾਂ ਲਈ ਕੋਈ ਮਹੱਤਵ ਨਹੀਂ ਸਨ ਰੱਖਦੇ। ਸਲੋਕਾਂ ਵਿਚ ਉਨ੍ਹਾਂ ਸੰਖੇਪ ਰੂਪ ਵਿਚ ਆਪਣੀ ਗੱਲ ਕਹੀ, ਪਰੰਤੂ ਇਸ ਪੱਖੋਂ ਉਨ੍ਹਾਂ ਦੇ ਸਲੋਕ ਦੋ ਤੁਕਾਂ ਦੇ ਪਰੰਪਰਾਗਤ ਰੂਪ ਤੱਕ ਸੀਮਿਤ ਨਹੀਂ। ਲੋੜ ਪੈਣ ਉਤੇ ਇਹ ਬਾਰਾਂ ਤੁੱਕਾਂ ਤੱਕ ਫੈਲਦੇ ਦਿਸਦੇ ਹਨ। ਉਨ੍ਹਾਂ ਲਈ ਕਲਾ ਮਾਧਿਅਮ ਹੈ, ਉਦੇਸ਼ ਨਹੀਂ।

– ਡਾ. ਕੁਲਦੀਪ ਸਿੰਘ ਧੀਰ

## ਲੇਖਕਾਂ ਪ੍ਰਤੀ ਬੇਨਤੀ

**ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸੀਸ ਗੰਜ ਪੱਤ੍ਰਿਕਾ ਲਈ ਆਪ ਲੇਖ ਸਮੱਗਰੀ ਕਮੇਟੀ ਦੀ ਈਮੇਲ editorsisganj@dsgmc.in ਰਾਹੀਂ ਭੇਜ ਸਕਦੇ ਹੋ। ਜਿਸ Type Font ਵਿੱਚ ਲੇਖ ਟਾਈਪ ਕੀਤਾ ਜਾਵੇ, ਉਹ Type Font ਵੀ ਨਾਲ ਭੇਜਣ ਦੀ ਖੇਚਲ ਕਰਨੀ। ਹਰ ਮਹੀਨੇ ਵਿੱਚ ਆਉਣ ਵਾਲੇ ਸਿੱਖ ਇਤਿਹਾਸ ਨਾਲ ਸਬੰਧਿਤ ਦਿਹਾੜਿਆਂ ਦੇ ਲੇਖ ਘੱਟ ਤੋਂ ਘੱਟ ਡੇਢ ਦੋ ਮਹੀਨੇ ਪਹਿਲਾਂ ਭੇਜਣ ਦੀ ਖੇਚਲ ਕਰਨੀ ਤਾਂ ਜੋ ਉਹ ਸਮੇਂ ਸਿਰ ਵਰਤੋਂ ਵਿੱਚ ਲਿਆਂਦੇ ਜਾ ਸਕਣ। ਪਾਠਕ ਸੱਜਣ ਵੀ ਆਪਣੇ ਵੱਡਮੁੱਲੇ ਸੁਝਾਅ ਇਸੇ ਈਮੇਲ ਰਾਹੀਂ ਭੇਜ ਸਕਦੇ ਹਨ।**

**– ਸੰਪਾਦਕ**

# ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ

**ਜਾਣ ਪਛਾਣ :**

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੇ ਗੁਰੂ ਪਦ ਦੀ ਨਿਰੰਤਰਤਾ ਲਈ ਆਪਣੇ ਅਨਿਨ ਸਿੱਖ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੀ ਸੌਂਪਣਾ ਕੀਤੀ। ਇਸ ਦਾ ਮੰਤਵ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਨਿਰੰਤਰ ਜਾਰੀ ਰੱਖਣਾ ਸੀ। ਇਸ ਨਿਰੰਤਰਤਾ ਦਾ ਮੰਤਵ ਜਿਥੇ ਭੁੱਲੀ ਭਟਕੀ ਲੋਕਾਈ ਨੂੰ ਪਰਮਾਰਥ ਦਾ ਮਾਰਗ ਦਰਸਾਉਣਾ ਸੀ, ਉਥੇ ਨਾਲ ਹੀ ਇਹ ਵੀ ਸਪਸ਼ਟ ਕਰਨਾ ਸੀ ਕਿ ਗੁਰੂ ਜੋਤਿ ਇੱਕ ਦੈਵੀ ਸ਼ਕਤੀ ਦੀ ਪ੍ਰਤੀਕ ਹੈ, ਜਿਹੜੀ ਸਮੇਂ ਦੀ ਲੋੜ ਅਨੁਸਾਰ ਯੋਗ ਵਿਅਕਤੀਆਂ ਰਾਹੀਂ ਲੋਕਾਈ ਦੀ ਅਗਵਾਈ ਕਰਨ ਦੇ ਸਮਰੱਥ ਹੁੰਦੀ ਹੈ। ਇਹ ਜੋਤਿ ਅਗਿਆਨਤਾ ਦਾ ਵਿਨਾਸ਼ ਕਰਨ ਵਾਲੀ ਹੁੰਦੀ ਹੈ। ਇਸ ਪਦਵੀ ਦੀ ਪ੍ਰਾਪਤੀ ਲਈ ਸੇਵਕ ਅੰਦਰ ਜਗਿਆਸਾ, ਵਿਸ਼ਵਾਸ, ਆਤਮ-ਸਮਰਪਣ ਤੇ ਬਖਸ਼ਿਸ਼ ਦੇ ਵਿਸ਼ਵਾਸ ਦਾ ਹੋਣਾ ਅਤਿ ਜ਼ਰੂਰੀ ਹੈ। ਭਾਈ ਲਹਿਣਾ ਜੀ ਨਾਮ ਸਿਮਰਨ ਅਤੇ ਸੇਵਾ ਸਮਰਪਣ ਦੀ ਸ਼ਕਤੀ ਦੁਆਰਾ ਗੁਰੂ ਪਦ ਦੀ ਪ੍ਰਾਪਤੀ ਲਈ ਸਮਰੱਥ ਬਣੇ। ਭੱਟ ਬਾਣੀ ਵਿੱਚ ਇਸ ਵੱਲ ਇਸ਼ਾਰਾ ਕੀਤਾ ਮਿਲਦਾ ਹੈ।

ਗੁਰੂ ਅੰਗਦ ਦੇਵ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਕੇਵਲ ਸਲੋਕ ਹਨ। ਇਹ ਸਲੋਕ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੀਆਂ ਰਚਿਤ ਵਾਰਾਂ ਨਾਲ ਦਰਜ ਕੀਤੇ ਗਏ ਹਨ। ਹਰ ਇੱਕ ਸਲੋਕ ਜਿਥੇ ਵਾਰ ਦੀ ਪਉੜੀ ਵਿੱਚ ਆਏ ਸਿਧਾਂਤਾਂ ਦੀ ਪੁਸ਼ਟੀ ਤੇ ਵਿਚਾਰਾਂ ਦਾ ਪ੍ਰਸਾਰ ਕਰਦਾ ਹੈ, ਉਥੇ ਮਨੁੱਖੀ ਜੀਵਨ ਦੇ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਪੱਖਾਂ ਬਾਰੇ ਵੀ ਸੇਧ ਪ੍ਰਦਾਨ ਕਰਦਾ ਹੈ। ਦਾਰਸ਼ਨਿਕ ਵਿਚਾਰ, ਜੀਵਨ ਦੀ ਮਹੱਤਤਾ, ਸਫਲਤਾ ਲਈ ਇਨ੍ਹਾਂ ਸਲੋਕਾਂ ਦਾ ਅਧਿਐਨ ਅਤਿ ਮਹੱਤਵਪੂਰਨ ਹੈ। ਇਨ੍ਹਾਂ ਵਿੱਚ ਜੀਵਨ ਦੇ ਰਹੱਸ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਗਿਆ ਹੈ।

**1. ਇੱਕ ਬ੍ਰਹਮ :**

ਮਨੁੱਖੀ ਜੀਵਨ ਦੀ ਇਕਸਾਰਤਾ ਅਤੇ ਇਕਸੁਰਤਾ ਲਈ ਪ੍ਰਭੂ(ਇਸ਼ਟ) ਦੀ ਏਕਤਾ ਤੇ ਅਖੰਡਤਾ ਜ਼ਰੂਰੀ ਹੈ। ਬਹੁ-ਦੇਵਾਵਾਦ, ਅਵਤਾਰਵਾਦ, ਪ੍ਰਕ੍ਰਿਤੀਵਾਦ ਆਦਿ ਸਰਗੁਣੀ ਪੂਜਾ ਸਾਧਕ ਨੂੰ ਮੁਕਤੀ ਨਹੀਂ ਦਿਵਾਉਂਦੀ। ਗੁਰਮਤਿ ਵਿਚਾਰਧਾਰਾ ਅਨੁਸਾਰ ਬ੍ਰਹਮ ਪਰਮ ਤੱਤ ਸਾਰੇ ਦੇਵੀ ਦੇਵਤਿਆਂ ਦੀ ਅੰਤਰ ਸ਼ਕਤੀ ਹੈ, ਜੋਤਾਂ ਦੀ ਜੋਤਿ ਹੈ, ਪ੍ਰਾਣਾਂ ਦਾ ਪ੍ਰਾਣ ਹੈ, ਵਿਸ਼ਵਦੇਵ ਹੈ। ਉਹ ਨਿਰਗੁਣ (ਗੁਣਾਂ ਦੀ ਵਿਆਖਿਆ ਤੋਂ ਪਰੇ), ਨਿਰਕਾਰ, ਨਿਰਲੰਭ ਤੇ ਨਿਰੰਜਨ ਹੈ। ਇੱਕੋ ਇੱਕ, ਸਦਾ ਇੱਕ ਰਸ ਰਹਿਣ ਵਾਲਾ, ਚੇਤਨ ਸ਼ਕਤੀ ਵਾਲਾ ਅਤੇ ਸਰਬ ਵਿਆਪਕ ਹੁੰਦਿਆਂ ਹੋਇਆਂ ਵੀ ਸਭ ਤੋਂ ਪਰੇ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੈ। ਇਸ ਵਿਚਾਰ ਦੀ ਸਥਾਪਨਾ ਭਾਵੇਂ ਗੁਰੂ ਨਾਨਕ ਦੇਵ ਜੀ ਕਰ ਗਏ ਸਨ ਪ੍ਰੰਤੂ ਗੁਰੂ ਅੰਗਦ ਦੇਵ ਜੀ ਨੇ ਉਸੇ ਵਿਚਾਰ ਨੂੰ ਹੋਰ ਵਧੇਰੇ ਪ੍ਰਚਾਰ ਤੇ ਪ੍ਰਸਾਰ ਹਿਤ ਆਪਣੇ ਢੰਗ ਨਾਲ ਬਿਆਨ ਕੀਤਾ ਹੈ। ਇਸ ਸਿਧਾਂਤ ਦੀ ਸਪਸ਼ਟਤਾ ਲਈ ਸ਼ਬਦਾਵਲੀ ਪ੍ਰੰਪਰਾਗਤ ਧਰਮਾਂ 'ਚੋਂ ਲਈ ਗਈ ਹੈ ਪ੍ਰੰਤੂ ਮੌਲਿਕਤਾ ਗੁਰੂ ਸਾਹਿਬ ਦੀ ਆਪਣੀ ਹੈ ਜਿਵੇਂ ਕਿ 'ਕ੍ਰਿਸਨੰ', 'ਬਾਸੁਦੇਵਸਿ', 'ਦੇਵ' ਆਦਿ ਸ਼ਬਦ ਹਨ। ਇਨ੍ਹਾਂ ਦਾ ਅਰਥ ਗੁਰਮਤਿ ਦੇ ਸੰਦਰਭ ਵਿੱਚ ਆਪਣੀ ਮੂਲਕ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ।

**ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥**
**ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ ੪ ॥**

**(ਅੰਕ ੪੬੯)**

**2. ਸ਼ਬਦ-ਧਰਮ :**

ਗੁਰਮਤਿ ਵਿਚਾਰਧਾਰਾ ਅਨੁਸਾਰ ਨਾਮ ਮਾਰਗ, ਸਹਜ ਮਾਰਗ, ਗੁਰਮੁਖ ਮਾਰਗ ਇਕੋ ਹੀ ਅਰਥਾਂ ਦਾ ਬੋਧ ਕਰਾਉਂਦਾ ਹੈ। ਇਸ ਨਾਮ ਧਰਮ ਵਿੱਚ, ਕਰਮ ਧਰਮ, ਗਿਆਨ ਮਾਰਗ, ਯੋਗ ਮਾਰਗ ਦਾ ਸੁਮੇਲ ਹੈ। ਨਾਮ ਧਰਮ ਹੀ ਕਲਜੁਗੀ ਜੀਵਾਂ ਦੀ ਪਰਸਥਿਤੀਆਂ ਅਨੁਸਾਰ ਫਲਦਾਇਕ ਹੈ। ਕਲਜੁਗੀ ਜੀਵਾਂ ਲਈ ਸਰਬ-ਸਾਂਝਾ, ਸਰਬ ਪ੍ਰਿਆ, ਸਰਬ-ਪ੍ਰਮਾਣਕ ਤੱਤ ਨਾਮ ਧਰਮ ਹੀ ਮੰਨਿਆ ਗਿਆ ਹੈ। ਨਾਮ, ਸ਼ਬਦ, ਹੁਕਮ ਗੁਰਮਤਿ ਅੰਦਰ ਕਈ ਥਾਵਾਂ ਤੇ ਇੱਕੋ ਹੀ ਅਰਥਾਂ ਵਾਲੇ ਆਏ ਹਨ। ਸ਼ਬਦ (ਦੈਵੀ ਹੁਕਮ) ਦਾ ਧਰਮ, ਜਾਤ-ਪਾਤ, ਵਰਣ-ਆਸ਼ਰਮ ਦੇ ਵੰਡ-ਵਿਤਕਰਿਆਂ ਤੋਂ ਮੁਕਤ ਹੁੰਦਾ ਹੈ। ਗੁਰੂ ਸਾਹਿਬ ਦੇ ਸਮੇਂ ਧਰਮ- ਜਾਤਾਂ ਅਤੇ ਵਰਣ ਆਸ਼ਰਮਾਂ ਅਨੁਸਾਰ ਨਿਰਧਾਰਤ ਹੋ ਚੁੱਕਾ ਸੀ। ਇਹ ਵੰਡ, ਕਾਣੀ ਤੇ ਵਿਤਕਰੇ ਵਾਲੀ ਸੀ ਅਤੇ ਇਹ ਪ੍ਰੰਪਰਾਗਤ ਸਾਧਨਾ ਮਾਰਗ, ਸਰਬ-ਦੇਸੀ, ਸਰਬ-ਕਾਲੀ ਅਤੇ ਸਰਬ- ਕਲਿਆਣਕਾਰੀ ਨਹੀਂ ਸੀ। ਗੁਰੂ ਜੀ ਨੇ ਸ਼ਬਦ-ਧਰਮ ਦਾ ਸਿਧਾਂਤ ਪ੍ਰਪੱਕ ਕਰਵਾਇਆ ਅਤੇ ਇਸ ਵਿਚਾਰ ਨੂੰ ਸਰਬ-ਜਨਕ ਬਨਾਉਣ ਲਈ ਪ੍ਰਚਾਰ ਤੇ ਪ੍ਰਸਾਰ ਕੀਤਾ। ਗੁਰੂ ਸਾਹਿਬ ਦੇ ਸਮਕਾਲੀ ਸਮਾਜ ਅੰਦਰ ਜੋਗੀ, ਬ੍ਰਾਹਮਣ, ਖੱਤਰੀ,

ਸੂਦ ਆਦਿ ਵਰਣਾਂ ਤੇ ਮੱਤਾਂ ਦਾ ਆਪੋ-ਆਪਣਾ ਕਰਮ ਧਰਮ ਸੀ। ਧਰਮ ਅਸਲ ਵਿੱਚ ਤਾਂ ਇੱਕ ਹੀ ਹੁੰਦਾ ਹੈ, ਭਰਮ ਵੱਸ ਜੀਵਾਂ ਨੂੰ ਇਸ ਦੀ ਸਮਝ ਨਹੀਂ ਹੁੰਦੀ। ਇਸ ਵਿਚਾਰ ਪ੍ਰਤੀ ਗੁਰੂ ਜੀ ਨੇ ਜਨ ਸਾਧਾਰਨ ਨੂੰ ਸੁਚੇਤ ਕੀਤਾ ਤੇ ਸ਼ਬਦ-ਧਰਮ ਦਰਸਾਇਆ :

**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥**
**ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥**
**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ ੩ ॥**

**(ਅੰਕ ੪੬੯)**

### 3. ਪ੍ਰਭੂ ਹੁਕਮ :

ਹੁਕਮ ਦਾ ਰਹੱਸ, ਪ੍ਰਭੂ(ਰਹੱਸ) ਵਾਂਗ ਗਹਿਰ-ਗੰਭੀਰ ਹੈ। ਹੁਕਮ (ਦੈਵੀ ਵਿਧਾਨ) ਦੀ ਗੁਹਜ ਭਰੀ ਸ਼ਕਤੀ ਤੇ ਸਰਬ-ਵਿਆਪਕਤਾ ਗੁਰਮਤਿ ਅਨੁਸਾਰ ਇੱਕ ਵਿਲੱਖਣ ਸਿਧਾਂਤ ਦੀ ਪੁਸ਼ਟੀ ਕਰਦੀ ਹੈ। ਪ੍ਰਭੂ ਹੁਕਮ ਇੱਕ ਐਸਾ ਵਿਧਾਨ ਹੈ, ਜਿਹੜਾ ਸਾਰਿਆਂ 'ਤੇ ਭਾਵ ਸਾਰੇ ਸੰਸਾਰ 'ਤੇ ਲਾਗੂ ਹੁੰਦਾ ਹੈ। ਸ੍ਰਿਸ਼ਟੀ ਦੇ ਪੰਜ ਤੱਤ (ਪਾਣੀ, ਹਵਾ, ਅਗਨੀ, ਧਰਤੀ, ਅਕਾਸ਼) ਸਭ ਪ੍ਰਭੂ ਦੇ ਹੁਕਮ ਅੰਦਰ ਥਾਪੇ ਗਏ ਹਨ ਅਤੇ ਹੁਕਮੀ ਕਾਰ ਕਮਾ ਰਹੇ ਹਨ। ਇਹ ਹੁਕਮ ਅਟੱਲ ਹੈ। ਇਸ ਹੁਕਮ ਦੀ ਪਛਾਣ ਤੇ ਇਸ ਅਨੁਸਾਰ ਚਲਣਾ ਹੀ ਮਨੁੱਖੀ ਜੀਵਨ ਦੀ ਸਫਲਤਾ ਦਾ ਰਾਜ ਹੈ। ਇਸ ਸੰਸਾਰ ਦੇ ਬਾਦਸ਼ਾਹ, ਧਨਵਾਨ, ਜੋਗੀ, ਜਰਨੈਲ ਜਿਹੜੇ ਹੁਕਮ ਚਲਾਉਂਦੇ ਹਨ, ਉਹ ਵੀ ਪ੍ਰਭੂ ਹੁਕਮ ਅੰਦਰ ਸਾਜੇ ਗਏ ਹਨ, ਭਾਵ ਹੋਂਦ ਵਿੱਚ ਆਏ ਹਨ ਤੇ ਹੁਕਮ ਅੰਦਰ ਸੰਸਾਰ ਤੋਂ ਟੁਰ ਜਾਣਗੇ। ਇਥੇ ਹੁਕਮ ਦੀ ਪਛਾਣ ਤੇ ਸਵੀਕਾਰਤਾ ਨੂੰ ਭਾਣੇ ਤੇ ਰਜ਼ਾ ਨੂੰ ਮੰਨ ਕੇ ਉਸ ਦੀ ਸ਼ਕਤੀ ਦਾ ਅਨੁਸਾਰੀ ਬਣਨ ਦਾ ਆਦੇਸ਼ ਤੇ ਉਪਦੇਸ਼ ਦਿੱਤਾ ਗਿਆ ਹੈ। ਦੈਵੀ ਹੁਕਮ ਤੇ ਗੁਰੂ ਹੁਕਮ ਅੰਦਰ ਇਕਸਾਰਤਾ ਦਰਸਾਈ ਗਈ ਹੈ। ਗੁਰੂ ਦਾ ਹੁਕਮ, ਪ੍ਰਭੂ ਦਾ ਹੁਕਮ ਹੀ ਹੁੰਦਾ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਦੀ ਪਾਲਣਾ ਬੜੀ ਸ਼ਰਧਾ ਤੇ ਦ੍ਰਿੜਤਾ ਨਾਲ ਕੀਤੀ। ਐਸੇ ਸਿਧਾਂਤ ਦਾ ਵਰਣਨ ਗੁਰੂ ਜੀ ਦੇ ਜੀਵਨ ਅਨੁਭਵ ਦਾ ਹੀ ਪ੍ਰਗਟਾਵਾ ਹੋ ਸਕਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੁਕਮ ਬਾਰੇ ਅੰਕਿਤ ਕੀਤਾ ਹੈ :

**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥**
**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥ ੧ ॥**

**(ਅੰਕ ੧੨੩੯)**

### 4. ਗੁਰੂ ਸਿਧਾਂਤ :

ਆਸਤਿਕ ਧਰਮਾਂ ਅੰਦਰ ਗੁਰੂ ਸਿਧਾਂਤ ਦੀ ਮਹੱਤਤਾ ਅਧਿਕ ਦ੍ਰਿੜ ਕਰਵਾਈ ਗਈ ਹੈ। ਗੁਰੂ ਤੋਂ ਬਿਨਾਂ ਸਾਧਕ ਪਰਮਾਰਥ ਦੇ ਰਸਤੇ ਨਹੀਂ ਚੱਲ ਸਕਦਾ। ਗੁਰਬਾਣੀ ਵਿੱਚ ਗੁਰੂ ਸਿਧਾਂਤ ਦੀ ਭਰਪੂਰ ਵਿਆਖਿਆ ਹੋਈ ਹੈ। ਇਸ ਵਿਆਖਿਆ ਦੇ ਨਾਲ-ਨਾਲ ਗੁਰੂ ਦੀ ਵਿਲੱਖਣ ਵਿਚਾਰਧਾਰਾ ਦਾ ਵੀ ਨਿਰੂਪਣ ਹੋਇਆ ਹੈ। ਜੈਸਾ ਕਿ ਸਿੱਖ ਮਤ ਦੇ ਸੰਸਥਾਪਕ ਦਾ ਗੁਰੂ ਦੇਵ ਕੋਈ ਦੁਨਿਆਵੀ ਹਸਤੀ-ਸ਼ਕਤੀ ਦੇ ਵਿਅਕਤੀ ਨਹੀਂ ਸਨ ਸਗੋਂ ਅਕਾਲ ਪੁਰਖ ਸਨ। ਦੂਸਰੀ ਖਾਸ ਬਾਤ ਜਿਹੜੀ ਗੁਰਬਾਣੀ ਵਿੱਚ ਆਉਂਦੀ ਹੈ, ਉਹ ਇਹ ਹੈ ਕਿ ਗੁਰੂ ਜੋਤਿ ਦਾ ਇਸ ਤਰ੍ਹਾਂ ਨਿਰੰਤਰ ਪ੍ਰਵਾਹ ਇੱਕ ਸਰੀਰ ਤੋਂ ਦੂਸਰੇ ਸਰੀਰ ਤੱਕ ਤੇ ਦਸਵੇਂ ਪਾਤਿਸ਼ਾਹ ਤੱਕ ਜਾਰੀ ਰਿਹਾ। ਇਹ ਲੱਗਭੱਗ 239 ਸਾਲ ਤੱਕ ਕੇਵਲ ਇਸ ਲਈ ਸਿੱਖਾਂ ਦੀ ਅਗਵਾਈ ਕਰਦਾ ਰਿਹਾ ਕਿ ਇੱਕ ਪਾਸੇ ਤਾਂ ਗੁਰੂ ਸਿਧਾਂਤ ਦਾ ਸਿਖਰ ਸ਼ਬਦ ਵਿੱਚ ਸਥਾਪਿਤ ਹੋਣਾ ਸੀ, ਦੂਸਰਾ ਗੁਰੂ ਦਾ ਪੰਥਕ ਰੂਪ ਵਿਅਕਤੀਗਤ ਤੋਂ ਪਰਿਵਰਤਿਤ ਹੋ ਕੇ ਪੰਜ ਪਿਆਰਿਆਂ (ਪੰਥ) ਦੇ ਰੂਪ ਵਿੱਚ ਸਥਾਪਿਤ ਹੋਣਾ ਸੀ।

ਇਸ ਪ੍ਰਕਾਰ ਗੁਰੂ-ਸਿਧਾਂਤ ਦੀ ਨਿਰੰਤਰਤਾ ਦੀ ਦੂਜੀ ਕੜੀ ਗੁਰੂ ਅੰਗਦ ਦੇਵ ਜੀ ਸਨ, ਜਿਨ੍ਹਾਂ ਨੇ ਗੁਰੂ ਸਿਧਾਂਤ ਨੂੰ ਅਤਿ ਮਹੱਤਵਪੂਰਨ ਦਰਸਾਂਦਿਆਂ ਕਿਹਾ ਹੈ ਕਿ ਬਾਹਰੀ ਚਾਨਣ ਨਾਲ ਮਨੁੱਖ ਦੀ ਅਗਿਆਨਤਾ ਦਾ ਅੰਧੇਰਾ ਨਹੀਂ ਕੱਟਿਆ ਜਾ ਸਕਦਾ :

**ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ੨ ॥**

**(ਅੰਕ ੪੬੩)**

ਮਨੁੱਖੀ ਮਨ ਦੇ ਦਸਵੇਂ ਦੁਆਰ ਨੂੰ ਜਿਹੜਾ ਤਾਲਾ ਲੱਗਾ ਹੋਇਆ ਹੈ, ਉਹ ਅਗਿਆਨਤਾ ਦਾ ਹੈ। ਉਸ ਦੀ ਕੁੰਜੀ ਗੁਰੂ ਪਾਸ ਹੈ, ਭਾਵ ਗੁਰੂ ਉਪਦੇਸ਼ ਗੁਰੂ ਸ਼ਬਦ ਦੇ ਅਧਿਆਤਮਿਕ ਗਿਆਨ ਦੁਆਰਾ ਹੀ ਇਹ ਤਾਲਾ ਖੁੱਲ੍ਹ ਸਕਦਾ ਹੈ :

**ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥**
**ਨਾਨਕ ਗੁਰ ਬਿਨੁ ਮਨ ਕਾ ਤਾਕੁ ਨ**
**ਉਘੜੈ ਅਵਰ ਨ ਕੁੰਜੀ ਹਥਿ ॥ ੧ ॥**

**(ਅੰਕ ੧੨੩੭)**

ਗੁਰੂ ਸਿਧਾਂਤ ਦਾ ਇੱਕ ਹੋਰ ਪੱਖ ਜਿਹੜਾ ਸਾਨੂੰ ਗੁਰੂ ਅੰਗਦ ਦੇਵ ਜੀ ਦੀ ਰਚਨਾ ਵਿੱਚ ਮਿਲਦਾ ਹੈ, ਉਹ ਗੁਰੂ-ਸਿਧਾਂਤ ਦੀ ਵਿਸ਼ੇਸ਼ਤਾ ਦੇ ਨਾਲ ਗੁਰੂ ਦੇ ਲੱਛਣ ਵੀ ਦਰਸਾਉਂਦਾ ਹੈ। ਗੁਰੂ ਇੱਕ ਵੈਦ ਦੀ ਤਰ੍ਹਾਂ ਹੈ, ਜਿਹੜਾ ਸਾਰੇ ਰੋਗਾਂ ਭਾਵ ਸਰੀਰਕ ਤੇ ਮਾਨਸਿਕ ਰੋਗਾਂ ਤੋਂ ਮੁਕਤ ਹੁੰਦਾ ਹੈ। ਮਨੁੱਖ ਦੀਆਂ ਸਾਰੀਆਂ ਕਮਜ਼ੋਰੀਆਂ ਤੋਂ ਰਹਿਤ ਹੁੰਦਾ ਹੈ। ਸਾਰਾ ਸੰਸਾਰ ਤਿੰਨਾਂ ਤਾਪਾਂ (ਆਧੀਆਂ, ਬਿਆਧੀਆਂ ਤੇ ਉਪਾਧੀਆਂ) ਦਾ ਸ਼ਿਕਾਰ ਹੈ ਤੇ ਕਿਸੇ ਨਾ ਕਿਸੇ ਰੋਗ ਵਿੱਚ ਗ੍ਰਸਿਆ ਹੋਇਆ ਹੁੰਦਾ ਹੈ :

**ਜੋ ਜੋ ਦੀਸੈ ਸੋ ਸੋ ਰੋਗੀ ॥**
**ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥**

**(ਅੰਕ ੧੧੪੦)**

ਗੁਰੂ ਜੀ ਨੇ ਗੁਰੂ ਵੈਦ ਦਾ ਜ਼ਿਕਰ ਕਰਦਿਆਂ ਸਪਸ਼ਟ ਕੀਤਾ ਹੈ ਕਿ ਗੁਰੂ ਵੈਦ ਉਹ ਹੈ :

1. ਜਿਸ ਨੂੰ (ਆਤਮਿਕ) ਰੋਗ ਦੀ ਪੂਰੀ ਜਾਣਕਾਰੀ ਹੋਵੇ।
2. ਗੁਰੂ ਵੈਦ ਪਾਸ ਰੋਗ ਕੱਟਣ ਦੀ ਦਵਾਈ ਵੀ ਹੋਵੇ।
3. ਗੁਰੂ ਵੈਦ ਆਪ ਰੋਗਾਂ ਤੋਂ ਮੁਕਤ ਹੋਵੇ।
4. ਵੈਦ ਗੁਰੂ ਨੇ ਆਪਣਾ ਰੋਗ ਗਵਾ ਲਿਆ ਹੋਵੇ।

ਗੁਰੂ ਜੀ ਦਾ ਕਹਿਣ ਤੋਂ ਭਾਵ ਹੈ ਕਿ ਅੰਨਾ ਆਗੂ(ਕੱਚਾ ਗੁਰੂ) ਦੈਵੀ ਗੁਣਾਂ ਨੂੰ ਨਹੀਂ ਜਾਣ ਸਕਦਾ। ਰਤਨਾਂ ਨੂੰ ਪਰਖਣ ਵਾਲਾ ਜੋਹਰੀ (ਗੁਰੂ) ਹੀ ਰਤਨਾਂ ਦੀ ਸਾਰ ਜਾਣ ਸਕਦਾ ਹੈ। ਇਸ ਵਿਚਾਰ ਤੋਂ ਸਪਸ਼ਟ ਹੈ ਕਿ ਭੇਖੀ ਗੁਰੂ ਤੇ ਕੱਚੇ ਗੁਰੂ ਜਗਿਆਸੂ ਨੂੰ ਪਰਮਾਰਥ ਦੇ ਪੜਾਵਾਂ ਤੇ ਰਹਿਨੁਮਾਈ ਨਹੀਂ ਕਰ ਸਕਦੇ। ਇਥੇ ਗੁਰੂ ਦਾ ਸਿਧਾਂਤ ਆਪਣੇ ਆਪ ਵਿੱਚ ਵਿਲੱਖਣ ਸਿੱਧ ਹੁੰਦਾ ਹੈ। ਗੁਰੂ ਨੂੰ ਹਰ ਪੱਖ ਤੋਂ ਸਮਰੱਥ ਪੁਰਸ਼ ਮੰਨਿਆ ਗਿਆ ਹੈ। ਸਮਰੱਥ ਗੁਰੂ ਹੀ ਸਿੱਖ ਦੇ ਸਿਰ ਹੱਥ ਧਰ ਕੇ ਉਸ ਦਾ ਨਿਸਤਾਰਾ ਕਰ ਸਕਦਾ ਹੈ। ਗੁਰੂ ਹੀ ਇੱਕ ਦੈਵੀ ਵੈਦ ਹੈ, ਜਿਹੜਾ ਸਿੱਖ ਦੇ ਸਾਰੇ ਰੋਗ ਕੱਟ ਸਕਦਾ ਹੈ :

**ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥**
**ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥**
**ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥**
**ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥ ੨ ॥**

**(ਅੰਕ ੧੨੭੯)**

## 5. ਹਉਮੈ :

ਹਉਮੈ ਨੂੰ ਗੁਰਮਤਿ ਨੇ ਇੱਕ 'ਅਸਾਧ ਰੋਗ', 'ਵੱਡਾ ਰੋਗ' ਤੇ 'ਦੀਰਘ ਰੋਗ' ਮੰਨਿਆ ਹੈ। ਹਉਮੈ ਦੇ ਕਈ ਰੂਪ ਦੇਖਣ ਵਿੱਚ ਆਉਂਦੇ ਹਨ। ਗੁਰਬਾਣੀ ਨੇ ਇਨ੍ਹਾਂ ਸਾਰੇ ਰੂਪਾਂ ਦਾ ਵਰਣਨ ਕੀਤਾ ਹੈ, ਜੈਸਾ ਕਿ ਉਤਮ ਜਾਤ, ਧਨ, ਸੁੰਦਰਤਾ, ਸਿਆਣਪਾ ਆਦਿ ਸਭ ਹਉਮੈ ਦਾ ਕਾਰਨ ਮੰਨੀਆਂ ਗਈਆਂ ਹਨ। ਹਉਮੈ ਕਾਰਨ ਹੀ ਮਨੁੱਖਾ ਜਨਮ ਤੇ ਜਗਤ ਦੀ ਰਚਨਾ ਮੰਨੀ ਗਈ ਹੈ। ਹਉਮੈ ਵੀ ਪਰਮਾਤਮਾ ਨੇ ਪੈਦਾ ਕੀਤੀ ਹੈ। ਹਉਮੈ ਦਾ ਤੱਤ ਇਤਨਾ ਸੂਖਮ ਹੁੰਦਾ ਹੈ ਕਿ ਅਸੀਂ ਕਈ ਵਾਰੀ ਤਾਂ ਇਸ ਨੂੰ ਜਾਣਦੇ ਵੀ ਨਹੀਂ। ਇਸ ਨੂੰ ਸੂਖਮ ਹਉਮੈ ਦਾ ਨਾਮ ਦਿੱਤਾ ਹੈ। ਹਉਮੈ ਕਾਰਨ ਜੀਵ ਦਾ ਆਵਾਗਵਨ ਬਣਿਆ ਰਹਿੰਦਾ ਹੈ :

**ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥**
**ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥**

**(ਅੰਕ ੪੬੬)**

ਹਉਮੈ ਸਿਧਾਂਤ ਨੂੰ ਗੁਰੂ ਜੀ ਨੇ ਬੜੀ ਗੰਭੀਰਤਾ ਨਾਲ ਲਿਆ ਹੈ। ਹਉਮੈ ਰੋਗ ਦਾ ਦਾਰੂ ਗੁਰੂ ਪਾਸ ਭਾਵ ਗੁਰੂ ਉਪਦੇਸ਼ ਵਿੱਚ ਹੈ। ਗੁਰੂ ਕਿਰਪਾ ਦਾ ਸਦਕਾ ਇਸ ਦਾਰੂ ਰੂਪ ਬਾਣੀ ਦੇ ਅਨੁਸਾਰੀ ਬਣਨਾ ਪੈਂਦਾ ਹੈ :

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥**
**ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥**
**ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥**

**(ਅੰਕ ੪੬੬)**

ਗੁਰੂ ਦੀ ਤਤਮਈ (ਆਤਮ ਗਿਆਨ ਭਰਪੂਰ) ਬਾਣੀ, ਜਿਸ ਨੂੰ ਗੁਰੂ ਨੇ ਪ੍ਰਭੂ ਹੁਕਮ ਅਨੁਸਾਰ ਉਚਾਰਿਆ ਹੈ, ਨਾਲ ਸੁਰਤ ਜੋੜਨ ਭਾਵ ਇਕਾਗਰ ਚਿਤ ਹੋ ਕੇ ਚਿੰਤਨ ਕਰਨ ਨਾਲ ਚੇਤਨ ਤੱਤ ਦੀ ਸੋਝੀ ਹੋ ਜਾਂਦੀ ਹੈ। ਇਹ ਚੇਤਨਾ (ਆਤਮ ਸੋਝੀ) ਹੀ ਹਉਮੈ ਦੀ ਮੈਲ ਉਤਾਰਦੀ ਹੈ ਤੇ ਜੀਵ ਨੂੰ ਵਹਿਮਾਂ-ਭਰਮਾਂ, ਨਰਕ-ਸੁਰਗ, ਪਾਪ-ਪੁੰਨ ਦੀ ਦੁਚਿਤੀ ਤੋਂ ਛੁਟਕਾਰਾ ਕਰਵਾ ਦਿੰਦੀ ਹੈ :

**ਅੰਮ੍ਰਿਤ ਬਾਣੀ ਤਤੁ ਵਖਾਣੀ**
**ਗਿਆਨ ਧਿਆਨ ਵਿਚਿ ਆਈ ॥**
**ਗੁਰਮੁਖਿ ਆਖੀ ਗੁਰਮੁਖਿ ਜਾਤੀ**
**ਸੁਰਤੀ ਕਰਮਿ ਧਿਆਈ ॥**
**ਹੁਕਮੁ ਸਾਜਿ ਹੁਕਮੈ ਵਿਚਿ ਰਖੈ**
**ਹੁਕਮੈ ਅੰਦਰਿ ਵੇਖੈ ॥**
**ਨਾਨਕ ਅਗਹੁ ਹਉਮੈ ਤੁਟੈ**
**ਤਾਂ ਕੋ ਲਿਖੀਐ ਲੇਖੈ ॥ ੧ ॥**

**(ਅੰਕ ੧੨੪੩)**

## 6. ਮਨੁੱਖਾ ਜਨਮ, ਮਹੱਤਤਾ ਤੇ ਇਸ ਦਾ ਜੀਵਨ ਮੰਤਵ :

ਗੁਰਮਤਿ ਨੇ ਮਨੁੱਖਾ ਜਨਮ, ਸਰੀਰ (ਦੇਹੀ), ਇਸ ਦੀ ਉਤਮਤਾ ਤੇ ਇਸ ਦੇ ਮਨੋਰਥ ਬਾਰੇ ਬੜਾ ਸਪਸ਼ਟ ਕੀਤਾ ਹੈ। ਮਨੁੱਖਾ ਜਨਮ ਕਈ ਪ੍ਰਕਾਰ ਦੀਆਂ ਨੀਵੀਆਂ ਜੂਨੀਆਂ ਦੇ ਭ੍ਰਮਣ ਤੋਂ ਬਾਅਦ ਪ੍ਰਾਪਤ ਹੋਇਆ ਹੈ। ਇਹ ਜਨਮ ਬੜਾ ਕੀਮਤੀ ਹੈ। ਇਸ ਦੇ ਸੁਆਸ ਕੀਮਤੀ ਹਨ। ਇਹ ਜਨਮ ਵਾਰ-ਵਾਰ ਪ੍ਰਾਪਤ ਨਹੀਂ ਹੋਣਾ। ਇਸ ਦਾ ਮਨੋਰਥ ਪ੍ਰਭੂ ਪ੍ਰਾਪਤੀ ਹੈ। ਪ੍ਰਭੂ ਦੇ ਦਰਸ਼ਨ (ਮੁਕਤੀ) ਲਈ ਜ਼ਰੂਰੀ ਹੈ ਕਿ ਅਸੀਂ ਪ੍ਰਭੂ ਨੂੰ ਯਾਦ ਕਰੀਏ।

ਗੁਰੂ ਅੰਗਦ ਦੇਵ ਜੀ ਨੇ ਜੀਵ ਦੇ ਰੋਜ਼ਾਨਾ ਜੀਵਨ ਦੇ ਅੱਠੇ ਪਹਿਰ ਸਫਲ ਕਰਨ ਹਿੱਤ ਇੱਕ ਐਸਾ ਉਪਦੇਸ਼ ਤੇ ਵਾਤਾਵਰਨ ਸਿਰਜਿਆ ਹੈ ਕਿ ਸਾਧਕ ਨੂੰ ਨੇਕ ਪੁਰਸ਼ਾਂ ਦੀ ਸੰਗਤ ਕਰਨੀ ਦੱਸੀ ਹੈ, ਜਿਨ੍ਹਾਂ ਦੇ ਮਿਲਾਪ ਨਾਲ ਸਿਮਰਨ ਦਾ ਚਾਉ ਪੈਦਾ ਹੋਵੇ ਤੇ ਇਹ ਸਰੀਰ ਸਫਲ ਹੋਵੇ। ਗੁਰੂ ਜੀ ਨੇ ਇਸ ਨੂੰ ਨੌਵਾਂ ਖੰਡ ਮੰਨਿਆ ਹੈ। ਇਹ ਖੰਡ (ਸਰੀਰ) ਆਪਣੇ ਆਪ ਵਿੱਚ ਪੰਜ ਪੂਰਨ ਤੱਤਾਂ ਦਾ ਸਮੂਹ ਹੈ। ਇਹ ਸਰੀਰ ਸੋਨੇ ਵਰਗੀ ਕੀਮਤੀ ਵਸਤ ਹੈ। ਇਸ ਨੂੰ ਨਾਮ ਸਿਮਰਨ ਦੀ ਕਸ ਲਾਉਣ ਨਾਲ ਜਦੋਂ ਪ੍ਰਭੂ (ਸਰਾਫ) ਦੀ ਨਦਰੀ ਪੈਂਦਾ ਹੈ ਤਾਂ ਫਿਰ ਇਹ ਸਰੀਰ ਵਿਕਾਰਾਂ ਦੀ ਤਪਸ਼ ਵਿੱਚ ਸੜਨ ਤੋਂ ਬਚ ਜਾਂਦਾ ਹੈ। ਪੂਰੇ

ਗੁਰੂ ਦਾ ਪੂਰਾ ਉਪਦੇਸ਼ ਸਿੱਖ ਨੂੰ ਪੂਰਾ ਬਣਾ ਦਿੰਦਾ ਹੈ। ਗੁਰੂ(ਨਾਮ) ਦੀਖਿਆ ਤੋਂ ਬਿਨ੍ਹਾਂ ਜੀਵ ਅਧੂਰਾ ਹੈ। ਇਹ ਨਾਮ ਦਾ ਖਜ਼ਾਨਾ ਸਰੀਰ ਦੇ ਅੰਦਰ ਹੈ, ਪ੍ਰੰਤੂ ਪੂਰੇ ਗੁਰੂ ਤੋਂ ਬਿਨ੍ਹਾਂ ਲੱਭਦਾ ਨਹੀਂ :

**ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥**
**ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥**
**ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥**

**(ਅੰਕ ੧੪੬)**

ਮਨੁੱਖ ਸੀਮਤ ਭਾਵ ਥੋੜ੍ਹੇ ਸਮੇਂ ਲਈ ਸੰਸਾਰ 'ਤੇ ਆਇਆ ਹੈ। ਇਹ ਸੰਸਾਰ ਤਾਂ ਇੱਕ ਸਰ੍ਹਾਂ ਦੀ ਤਰ੍ਹਾਂ ਹੈ। ਸਰ੍ਹਾਂ ਵਿੱਚ ਰਾਤ ਕੱਟ ਕੇ ਇਸ ਨੇ ਟੁਰ ਜਾਣਾ ਹੈ। ਧਨ ਪਦਾਰਥਾਂ ਦੀ ਲਾਲਸਾ ਕੋਈ ਵਿਵੇਕਤਾ ਨਹੀਂ। ਇਹ ਧਨ ਜੀਵ ਦੇ ਅੰਤ ਸਮੇਂ ਨਾਲ ਨਹੀਂ ਜਾਣਾ। ਤਨ ਭਸਮ ਹੋ ਜਾਣਾ ਹੈ ਤੇ ਧਨ ਲੋਕਾਂ ਜੋਗ ਹੁੰਦਾ ਹੈ। ਜਿਨ੍ਹਾਂ ਨੇ ਸੰਸਾਰ ਨੂੰ ਅੰਤਿਮ ਰੂਪ ਵਿੱਚ ਨਾਸ਼ਵਾਨ ਸਮਝ ਲਿਆ ਹੈ, ਉਹ ਇਥੇ ਪਸਾਰਾ ਨਹੀਂ ਪਸਾਰਦੇ :

**ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥**
**ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥ ੧ ॥**

**(ਅੰਕ ੭੮੭)**

ਗੁਰੂ ਸਾਹਿਬ ਨੇ ਮਨੁੱਖੀ ਜੀਵਨ ਦਾ ਇੱਕ ਹੋਰ ਪੱਖ ਦਰਸਾਇਆ ਹੈ। ਉਹ ਹੈ ਕਿ ਮਨੁੱਖ ਪ੍ਰਭੂ ਦਾਤੇ ਦੀਆਂ ਦਾਤਾਂ ਵੱਲ ਹੀ ਰੁਚਿਤ ਹੋ ਕੇ ਦਾਤੇ ਨੂੰ ਭੁੱਲ ਜਾਂਦਾ ਹੈ ਕਿ ਉਹ ਤਾਂ ਸਭ ਦਾ ਰਿਜ਼ਕ-ਦਾਤਾ ਹੈ। ਉਹ ਸਭ ਨੂੰ ਦਿੰਦਾ ਹੈ, ਪ੍ਰੰਤੂ ਮਨੁੱਖ ਆਪਣੀ ਚਿੰਤਾ ਤੱਕ ਹੀ ਸੀਮਿਤ ਹੋ ਜਾਂਦਾ ਹੈ। ਮਨੁੱਖ ਨੂੰ ਉਪਦੇਸ਼ ਦਿੱਤਾ ਗਿਆ ਹੈ ਕਿ ਉਸ ਦਾਤੇ ਦੀ ਆਰਾਧਨਾ ਕਰੇ, ਜਿਸ ਪਾਸ ਪੂਰੇ ਭੰਡਾਰ ਭਰੇ ਪਏ ਹਨ :

**ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ ॥**
**ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ ॥**
**ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ ॥**
**ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥**
**ਨਾਨਕ ਆਪਿ ਸਦੀਵ ਹੈ ਪੂਰਾ ਜਿਸੁ ਭੰਡਾਰੁ ॥**
**ਵਡਾ ਕਰਿ ਸਾਲਾਹੀਐ ਅੰਤੁ ਨ ਪਾਰਾਵਾਰੁ ॥ ੨ ॥**

**(ਅੰਕ ੧੨੩੯)**

ਇਸੇ ਖਿਆਲ ਨਾਲ ਇਹ ਵੀ ਦ੍ਰਿੜ ਕਰਾਇਆ ਗਿਆ ਹੈ ਕਿ ਪ੍ਰਭੂ ਨੇ ਸ੍ਰਿਸ਼ਟੀ ਸਾਜ ਕੇ ਇਸ ਦਾ ਰਿਜ਼ਕ ਵੀ ਨਾਲ ਹੀ ਪੈਦਾ ਕਰ ਦਿੱਤਾ ਹੈ। ਉਹ ਤਾਂ ਜੀਵਾਂ ਦੀ ਇਤਨੀ ਸੇਵਾ-ਸੰਭਾਲ ਕਰਦਾ ਹੈ ਕਿ ਸੈਲ ਪੱਥਰਾਂ ਅੰਦਰ ਜੀਵਾਂ ਦਾ ਰਿਜ਼ਕ ਵੀ ਨਾਲ ਹੀ ਪੈਦਾ ਕੀਤਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਦਾਤੇ ਨੂੰ ਆਪਣੇ ਪੈਦਾ ਕੀਤੇ ਜੀਵਾਂ ਦੀ ਚਿੰਤਾ ਹੈ। ਗੁਰੂ ਜੀ ਦੀ ਬਾਣੀ ਇਹ ਦ੍ਰਿੜ ਕਰਾਉਂਦੀ ਹੈ :

**ਸਲੋਕ ਮ: ੨ ॥**
**ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥**
**ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥**
**ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥**
**ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥**
**ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥**
**ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥**
**ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥ ੧ ॥**

**(ਅੰਕ ੯੫੫)**

ਗੁਰੂ ਸਾਹਿਬ ਦੇ ਉਪਦੇਸ਼ ਦਾ ਸਾਰ ਤੱਤ ਇਹੀ ਮੰਨਿਆ ਜਾ ਸਕਦਾ ਹੈ ਕਿ ਮਨੁੱਖੀ ਜੀਵਨ ਦਾ ਕਲਿਆਣ ਕਿਸ ਤਰ੍ਹਾਂ ਹੋ ਸਕਦਾ ਹੈ। ਪ੍ਰਭੂ ਮਿਲਾਪ ਦੇ ਸਾਧਨਾਂ ਨੂੰ ਪ੍ਰਭਾਵਸ਼ਾਲੀ ਬਨਾਉਣ ਲਈ ਗੁਰੂ ਜੀ ਨੇ ਪ੍ਰਭਾਵਸ਼ਾਲੀ ਸ਼ੈਲੀ ਦੁਆਰਾ ਸਿਧਾਂਤ ਨੂੰ ਵਿਗਿਆਨਕ ਬਣਾਇਆ ਹੈ ਕਿ ਜਿਸ ਤਰ੍ਹਾਂ ਲੂਲਾ (ਪੈਰ ਹੀਣ), ਟੁੰਡਾ (ਹੱਥ ਹੀਣ) ਤੇ ਅੰਨ੍ਹਾ (ਨੇਤਰ ਹੀਣ) ਆਪਣੇ ਪਿਆਰੇ ਦੇ ਗਲ ਨਹੀਂ ਲੱਗ ਸਕਦਾ। ਇਵੇਂ ਹੀ ਜਿਸ ਮਨੁੱਖ ਪਾਸ ਰੱਬੀ ਡਰ ਰੂਪੀ ਪੈਰ, ਪ੍ਰੇਮ ਰੂਪੀ ਹੱਥ ਤੇ ਸੁਰਤੀ (ਧਿਆਨ) ਰੂਪੀ ਨੇਤਰ ਨਹੀਂ ਹਨ, ਉਸ ਦਾ ਪ੍ਰਭੂ ਨਾਲ ਮਿਲਾਪ ਕਿਸ ਤਰ੍ਹਾਂ ਸੰਭਵ ਹੈ। ਇਹ ਅਧਿਆਤਮਿਕ ਗੁਣ ਧਾਰਨ ਕਰਨ ਨਾਲ ਹੀ ਪ੍ਰਭੂ ਮਿਲਾਪ ਸੰਭਵ ਹੋ ਸਕਦਾ ਹੈ :

**ਮ: ੨ ॥**
**ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥**
**ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥**
**ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥**
**ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥ ੨ ॥**

**(ਅੰਕ ੧੩੯)**

ਗੁਰੂ ਜੀ ਨੇ 'ਸੇਵਕ' ਤੇ 'ਚਾਕਰ' ਦੋ ਸ਼ਬਦ ਇੱਕ ਆਦਰਸ਼ ਮਨੁੱਖ ਦੇ ਰੂਪ ਵਿੱਚ ਵਰਤੇ ਹਨ ਕਿ ਸੇਵਕ ਨੂੰ ਜੀਉਂਦਿਆਂ ਮਰ ਕੇ ਹੀ ਕੁੱਝ ਪ੍ਰਾਪਤ ਹੋ ਸਕਦਾ ਹੈ, ਭਾਵ ਆਪਣੇ ਗਿਆਨ ਇੰਦਰਿਆਂ ਨੂੰ ਬਾਹਰਮੁਖੀ ਕਰਨ ਦੀ ਬਜਾਏ ਅੰਤਰਮੁਖੀ ਕਰਨ ਨਾਲ ਖਸਮ ਪ੍ਰਭੂ ਨਾਲ ਮਿਲਾਪ ਸੰਭਵ ਹੈ :

**ਸਲੋਕੁ ਮ: ੨ ॥**
**ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥**
**ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥**
**ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥**
**ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥ ੧ ॥**

**(ਅੰਕ ੧੩੯)**

ਗੁਰੂ ਜੀ ਦੀ ਬਾਣੀ ਅੰਦਰ ਮਨੁੱਖੀ ਜੀਵਨ ਦਾ ਸਰਬਪੱਖੀ ਵਿਕਾਸ ਹੈ। ਇਸ ਵਿਕਾਸ ਦੇ ਸਿਖਰ 'ਤੇ ਪ੍ਰਭੂ ਮਿਲਾਪ ਹੁੰਦਾ ਹੈ।

– ਡਾ. ਸ਼ਮਸ਼ੇਰ ਸਿੰਘ

# ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰਿ ਦਾ ਜੋ ਸੰਕਲਪ ਤੇ ਸਰੂਪ ਮੂਰਤੀਮਾਨ ਕੀਤਾ ਗਿਆ ਹੈ, ਉਸਨੂੰ ਰੂਪਮਾਨ ਕਰਨ ਲਈ ਕਦੀ ਸੱਚਖੰਡ, ਕਦੀ ਨਿਰੰਕਾਰ ਦਾ ਦੇਸ਼, ਕਦੀ ਬੇਗਮਪੁਰਾ, ਕਦੀ ਧੁਰ ਕੀ ਬਾਣੀ, ਕਦੀ ਪਾਰਬ੍ਰਹਮ ਕਾ ਨਿਵਾਸ, ਕਦੀ ਪਰਤੱਖ ਹਰਿ, ਕਦੀ ਸੱਚ-ਦਰ-ਘਰ ਤੇ ਕਦੀ ਅਬਿਚਲ ਨਗਰ ਸ਼ਬਦ-ਪਦਾਂ ਦੀ ਵਰਤੋਂ ਕੀਤੀ ਗਈ ਹੈ। 'ਹਰਿ' ਦੇ ਸਮਾਂਨੰਤਰ ਸ਼ਬਦ ਪਾਰਬ੍ਰਹਮ, ਪ੍ਰਮੇਸ਼ਰ, ਵਾਹਿਗੁਰੂ, ਗੋਬਿੰਦ ਤੇ ਰਾਮ ਦੀ ਵੀ ਅਨੇਕਾਂ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੋਂ ਹੋਈ ਹੈ। 'ਹਰਿ' ਦਾ ਸੰਕਲਪ, ਸਰੂਪ ਨਿਰੋਲ ਨਿਰਗੁਣ ਹੈ। ਗੁਰੂ ਦਾ ਸੰਕਲਪ ਤੇ ਸਰੂਪ ਨਿਰਗੁਣ ਵੀ ਤੇ ਸਰਗੁਣ ਵੀ ਹੈ। ਜਦੋਂ ਹਰਿ ਤੇ ਗੁਰੂ, ਗੁਰੂ ਤੇ ਪ੍ਰਮੇਸ਼ਰ 'ਸ਼ਬਦ-ਸਾਖੀ' ਰੂਪ ਵਿਚ ਇਕਸੁਰ ਤੇ ਇੱਕ-ਰੂਪ ਹੋ ਜਾਂਦੇ ਹਨ, ਤਾਂ 'ਦੇਹ' ਦੀ ਹੋਂਦ ਮੁੱਕ ਜਾਂਦੀ ਹੈ ਅਤੇ ਪਰਤਖਿ 'ਦੇਹ' ਪਾਰਬ੍ਰਹਮ ਸੁਆਮੀ ਦਾ ਆਦਿ ਰੂਪ ਗ੍ਰਹਿਣ ਕਰ ਜਾਂਦੀ ਹੈ, ਹਰਿ ਤੇ ਦੇਹ ਦਾ ਭਰਮ-ਭੇਦ ਸਹਿਜੇ ਹੀ ਸਮਾਪਤ ਹੋ ਜਾਂਦਾ ਹੈ। ਦੇਹ ਇਸ ਸੰਸਾਰ ਵਿਚ ਰਹਿੰਦੀ ਹੋਈ ਵੀ ਆਪਣੇ ਆਪ ਨੂੰ ਹਰਿ ਦਾ ਰੂਪ ਹੀ ਕਹਿੰਦੀ ਹੈ ਤੇ ਮਾਨਸ ਜਾਤਿ ਦੇ ਹਰ ਅੰਗ ਨੂੰ, ਹਰਿ ਰੂਪ ਹੀ ਨਦਰੀ ਆਉਂਦੀ ਹੈ। ਗੁਰੂ ਅਮਰਦਾਸ ਜੀ ਦੇ ਬਚਨ ਤੇ ਨਲ ਭੱਟ ਦੀ ਗਵਾਈ ਬੜੀ ਸਾਰਥਿਕ ਹੈ :

**ਏਹੁ ਵਿਸੁ ਸੰਸਾਰੁ ਤੁਮ ਦੇਖਦੇ**
**ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥**

**(ਅੰਕ ੯੨੨)**

**ਪਰਤਖਿ ਦੇਹ ਪਾਰਬ੍ਰਹਮੁ ਸੁਆਮੀ**
**ਆਦਿ ਰੂਪਿ ਪੋਖਣ ਭਰਣੰ ॥**

**(ਅੰਕ ੧੪੦੧)**

ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂ, ਭਗਤ, ਭੱਟ ਤੇ ਰਬਾਬੀ ਸਿਰਜਨਕਾਰਾਂ ਨੇ ਹਰਿ-ਦਰ-ਘਰ ਦੇ ਸੰਕਲਪ ਤੇ ਸਰੂਪ ਨੂੰ ਜਦੋਂ ਵੇਖਿਆ-ਪੇਖਿਆ ਤਾਂ ਇੱਕ ਨੇ ਨਹੀਂ, 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤੱਕ ਦੀ ਹਰ ਅਕਾਲ ਅਨੁਭਵੀ, ਵਿਗਾਸੀ, ਅਬਿਨਾਸ਼ੀ ਤੇ ਅਬਿਚਲ-ਧਰਮ ਪ੍ਰਤਿੱਭਾ ਨੇ ਧੁਰ-ਦਰਗਾਹ ਦੀ ਬੋਲੀ ਵਿਚ ਇਕੋ ਅਨੁਭਵ ਪ੍ਰਗਟ ਕੀਤਾ ਕਿ 'ਹਰਿ' ਕੋਈ ਸਰੀਰ, ਮੂਰਤਿ, ਦੇਹ ਜਾਂ ਸੰਸਾਰੀ-ਹੋਂਦ-ਹਸਤੀ ਨਹੀਂ, ਇਹ ਤਾਂ ਕੇਵਲ ਜੋਤਿ-ਰੂਪ ਨਾਲ ਸ਼ਿੰਗਾਰਿਆ ਪ੍ਰਕਾਸ਼ ਤੇ ਪ੍ਰਗਾਸ ਹੀ ਹੈ। ਜੋਤਿ-ਰੂਪ ਹਰਿ ਆਪਿ ਦੀ ਪ੍ਰਾਪਤੀ ਪਿੱਛੋਂ ਹੀ ਮਾਨਵ-ਆਤਮਾ ਦਾ ਅੰਗ-ਸੰਗ ਤੇ ਬੰਦ ਬੰਦ ਹੀ ਨਹੀਂ, ਸਗੋਂ ਜੀਵਨ ਦਾ ਸਮੁੱਚਾ ਆਕਾਰ ਤੇ ਪਾਸਾਰ ਕੰਵਲ ਫੁੱਲ ਵਾਂਗ ਵਿਗਾਸ ਜਾਂ ਪ੍ਰਕਾਸ਼ਮਈ ਦਿੱਸਦਾ ਹੈ। ਹਰਿ ਦਾ ਸੰਕਲਪ ਤੇ ਸਰੂਪ ਸ਼ੁੱਧ ਰੂਪ ਵਿਚ ਜੋਤਿ ਦੇ ਪ੍ਰਕਾਸ਼ ਵਾਲਾ ਹੀ ਹੈ। ਜਿਸ ਅਨੁਭਵ-ਪ੍ਰਕਾਸ਼ ਨੂੰ ਗੁਰੂ ਨਾਨਕ ਦੇਵ ਜੀ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' ਆਖਦੇ ਹਨ, ਉਸੇ ਤਰ੍ਹਾਂ ਹਰਿ ਦਾ ਜੋਤਿ-ਰੂਪ ਵੀ ਸਦਾ ਸੱਚ, ਸਦਾ ਸਥਿਰ ਤੇ ਸਰਬ ਥਾਈਂ ਸਹਾਈ ਤੇ ਸਹਾਇਕ ਵੀ ਹੁੰਦਾ ਹੈ ਤੇ ਜੁਗਾਂ ਜੁਗਾਂਤਰਾਂ ਦੇ ਬਦਲਣ ਦੇ ਬਾਵਜੂਦ ਵੀ ਸਦਾ ਨਵਾਂ-ਨਿਵੇਲਾ ਮੌਲਿਕ ਤੇ ਸੁਤੰਤਰ ਰਹਿੰਦਾ ਹੈ। ਹਰਿ-ਜੋਤਿ-ਰੂਪ ਆਪਣੇ ਆਦਿ ਤੋਂ ਹੀ ਸੰਪੂਰਨ ਸੀ, ਸਦਾ ਸੰਪੂਰਨ ਹੈ ਤੇ ਸਦਾ ਸੰਪੂਰਨ ਰੂਪ ਰਹੇਗਾ। ਇਹੀ ਕਾਰਨ ਹੈ ਕਿ 'ਜੋਤਿ ਰੂਪ ਹਰਿ ਆਪਿ' ਵਿਚ ਨਾ ਤਾਂ ਕੋਈ ਘਾਟ, ਗਿਰਾਵਟ ਤੇ ਗੁਲਾਮੀ ਦਾ ਤੱਤ ਹੈ ਅਤੇ ਨਾ ਹੀ ਚਕਰ-ਚਿਹਨ, ਰੂਪ-ਰੰਗ, ਜਾਤਿ-ਪਾਤਿ, ਰੇਖ-ਭੇਖ ਜਾਂ ਗਰੀਬ-ਅਮੀਰ ਦਾ ਭਰਮ-ਭੇਦ ਹੈ। ਹਰਿ-ਜੋਤਿ ਸਾਰਿਆਂ ਵਾਸਤੇ ਤੇ ਸਰਬ ਥਾਈਂ ਨਿਰੰਤਰ ਇਕੋ ਜਿਹੀ ਤੇ ਪ੍ਰਕਾਸ਼ਮਈ ਹੈ ਤੇ ਹਰਿ-ਜੋਤਿ-ਰੂਪ ਨਾਲ ਆਪਣੇ ਆਪ ਨੂੰ ਜੋੜ ਕੇ ਆਪਣੇ ਨਿਜ-ਸਰੂਪ ਵਿਚੋਂ ਜੋਤਿ ਜਗਦੀਸ਼ ਦਾ ਅਨੁਭਵ ਪ੍ਰਕਾਸ਼ ਉਜਾਗਰ ਕਰਨ ਦਾ ਅਧਿਕਾਰ ਹੈ। ਭਟ ਮਥੁਰਾ ਆਪਣੇ ਸਵੱਈਆਂ ਵਿਚ ਗੁਰੂ ਨਾਨਕ ਦੇਵ ਜੀ ਨੂੰ :

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**

**(ਅੰਕ ੧੪੦੮)**

ਕਹਿ ਕੇ ਜੱਸ ਗਾਇਨ ਕਰਦਾ ਹੈ, ਤਾਂ ਉਹ ਆਪਣੀ ਅਨੁਭਵ ਦ੍ਰਿਸ਼ਟੀ ਰਾਹੀਂ ਇਹੀ ਸਾਖਿਆਤ ਕਰ ਰਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਸੰਕਲਪ ਤੇ ਸਰੂਪ ਨਿਰੋਲ ਜੋਤਿ ਰੂਪਿ ਹਰਿ ਆਪਿ ਵਾਲਾ ਹੀ ਹੈ। ਅਰਥਾਤ ਗੁਰੂ ਨਾਨਕ ਦੇਵ ਜੀ 'ਹਰਿ ਆਪਿ' ਹੀ ਹਨ, ਉਨ੍ਹਾਂ ਦਾ ਦੇਸ਼ ਸੱਚਖੰਡ ਵਿਚ ਵਸਦੇ ਨਿਰੰਕਾਰ ਦਾ ਦੇਸ਼ ਹੈ, ਉਨ੍ਹਾਂ ਦਾ ਸ਼ਹਿਰ ਬੇਗਮਪੁਰਾ ਹੈ, 'ਨਗਰ' ਅਬਿਚਲ ਹੈ, ਬੋਲ ਬਾਣੀ ਧੁਰ ਦਰਗਾਹ ਦੀ ਹੈ, ਰਿਸ਼ਤਾ ਬਿਨਾਂ ਵਿਤਕਰੇ ਸਾਰੀ ਮਾਨਵਤਾ ਨਾਲ ਹੈ ਤੇ ਰੂਪ ਜੋਤਿ ਵਾਲਾ ਤੇ ਸਰੂਪ ਬੜਾ ਸੁੰਦਰ ਤੇ ਸੁਹਜਾਤਮਿਕ ਹੈ।

ਜਿਵੇਂ ਹਰਿ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੀ ਕਰੂਪਤਾ ਸਵੀਕਾਰ ਨਹੀਂ, ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੂੰ ਵੀ ਹਰਿ ਜੋਤਿ ਰੂਪ ਹੀ ਪਸੰਦ ਹੈ। ਗੁਰੂ ਨਾਨਕ ਦੇਵ ਜੀ ਦਾ ਦ੍ਰਿੜ੍ਹ ਨਿਸਚਾ ਵੀ ਇਹੀ ਹੈ ਕਿ ਸਗਲ ਭਵਨ ਦਾ ਨਾਇਕ ਹੀ ਜੋਤਿ ਰੂਪਿ ਨਹੀਂ, ਸਗੋਂ ਸਮੁੱਚਾ

ਭੂਅ-ਮੰਡਲ ਵੀ ਹਰਿ-ਜੋਤਿ-ਚਾਨਣ ਨਾਲ ਜਗਮਗ-ਜਗਮਗ ਕਰ ਰਿਹਾ ਹੈ। ਪ੍ਰਾਕ੍ਰਿਤੀ ਤੋਂ ਜੀਵ-ਸੰਸਕ੍ਰਿਤੀ ਤੱਕ ਹਰ ਪਾਸੇ ਹਰਿ-ਜੋਤਿ-ਚਾਨਣ ਦਾ ਹੀ ਪ੍ਰਕਾਸ਼ ਹੈ :

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**

**(ਅੰਕ ੧੩)**

ਹਰਿ-ਜੋਤਿ ਦਾ ਸੰਪੂਰਨ ਤੇ ਮੌਲਿਕ ਰੂਪ ਸਰੂਪ ਜੋ ਗੁਰੂ ਨਾਨਕ ਦੇਵ ਜੀ ਨੂੰ ਪ੍ਰਾਪਤ ਹੋਇਆ, ਉਸ ਬਾਰੇ ਸਪੱਸ਼ਟ ਹੈ ਕਿ ਉਹ ਧੁਰ ਦਰਗਾਹ ਤੋਂ ਹੀ ਇੱਕ ਦਾਤਿ ਤੇ ਵਡਿਆਈ ਵਜੋਂ ਉਨ੍ਹਾਂ ਨੂੰ ਪ੍ਰਾਪਤ ਹੋਇਆ। ਹਰਿ ਜੋਤਿ ਰੂਪ ਇੱਕ ਦਾਤਿ ਹੈ, ਬਖਸ਼ਿਸ਼ ਹੈ, ਵਡਿਆਈ ਹੈ-ਅਧਿਕਾਰ ਨਹੀਂ। ਦਾਤਿ-ਜੋਤਿ ਵਡਿਆਈ ਦਾ ਅਧਿਕਾਰੀ ਤੇ ਸਰੋਤ ਸੱਚਖੰਡ ਵਿਚ ਵਸਦਾ ਨਿਰੰਕਾਰ ਤੇ ਦਾਤਾਰ ਹੀ ਹੈ। ਨਿਰੰਕਾਰ ਜਾਂ ਦਾਤਾਰ ਨਾਲ ਇੱਕ ਸਾਰ ਤੇ ਇੱਕ ਰੂਪ ਹੋ ਕੇ ਹੀ ਹਰਿ ਦਾਤਿ ਜੋਤਿ ਦਾ ਅਨੁਭਵ ਪ੍ਰਕਾਸ਼ ਪ੍ਰਾਪਤ ਕੀਤਾ ਜਾ ਸਕਦਾ ਹੈ। ਭਾਈ ਗੁਰਦਾਸ ਜੀ ਦਾ ਇਹ ਅਨੁਭਵ :

**ਪਹਿਲਾ ਬਾਬੇ ਪਾਯਾ ਬਖਸੁ ਦਰਿ**
**ਪਿਛੋਦੇ ਫਿਰਿ ਘਾਲਿ ਕਮਾਈ।....**
**ਬਾਬਾ ਪੈਧਾ ਸਚਿਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।**

**(ਵਾਰ ੧, ਪਉੜੀ ੨੪)**

ਇਸ ਸਿਧਾਂਤ ਨੂੰ ਹੋਰ ਸਾਰਥਿਕ ਸਿੱਧ ਕੀਤਾ ਹੈ ਕਿ ਹਰਿ ਜੋਤਿ ਸਰੂਪ ਕੇਵਲ ਦਾਤਿ ਇਲਾਹੀ ਹੈ, ਮਾਨਵ-ਕਮਾਈ ਦਾ ਸਿੱਟਾ ਨਹੀਂ। ਇਸੇ ਕਰਕੇ ਭਾਈ ਗੁਰਦਾਸ ਜੀ ਗੁਰੂ ਨਾਨਕ ਪਾਤਸ਼ਾਹ ਦੀ ਸਾਖੀ ਭਰਦੇ ਹਨ ਕਿ ਉਹ ਪਹਿਲਾਂ ਸੱਚਖੰਡ, ਜਿਸਨੂੰ ਨਿਰੰਕਾਰ ਜਾਂ ਦਾਤਾਰ ਦਾ ਦੇਸ਼ ਵੀ ਆਖਦੇ ਹਾਂ, ਵਿਚ ਪਹੁੰਚੇ ਹਨ। ਸੱਚਖੰਡ ਕੋਈ ਧਰਤੀ ਦਾ ਖਾਸ ਟੋਟਾ ਨਹੀਂ, ਇਹ ਇੱਕ ਐਸਾ ਆਤਮਕ ਜਾਂ ਮਾਨਸਕ ਮੰਡਲ ਹੈ, ਜਿੱਥੇ ਸੱਚ ਦੀ ਵਿਆਪਕਤਾ ਹੈ, ਜਿੱਥੇ ਕੂੜ-ਕ੍ਰਿਆ ਦਾ ਕੋਈ ਵਿਹਾਜ ਨਹੀਂ। ਸੱਚਖੰਡ ਦੀ ਵੱਡੀ ਪਛਾਣ ਇਹ ਹੈ ਕਿ ਇਹ ਬਖਸ਼ਿਸ਼ ਦਾ ਇਲਾਹੀ ਦਰ ਹੈ, ਇਥੋਂ ਦਾਤਾਰ ਦਾਤਾਂ ਵੰਡਦਾ ਹੈ ਤੇ ਆਪਣੇ ਦਰ-ਘਰ ਦੀ ਸੰਭਾਲ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਜੋਤਿ ਰੂਪ ਹਰਿ ਆਪਿ ਹੋਣ ਦਾ ਵਰ-ਵਰਦਾਨ ਇਲਾਹੀ ਦਰ ਜਾਂ ਧੁਰ ਦਰਗਾਹ ਤੋਂ ਦਾਤਿ ਵਜੋਂ ਹੀ ਪ੍ਰਾਪਤ ਹੋਇਆ ਸੀ। ਇਸੇ ਹਰਿ-ਜੋਤਿ ਰੂਪ ਨੂੰ ਹੀ ਗੁਰੂ ਨਾਨਕ ਦੇਵ ਜੀ ਨੇ ਕੇਵਲ ਆਪਣੇ ਜੀਵਨ ਵਿਚ ਹੀ ਨਹੀਂ, ਸਗੋਂ 1469 ਈਸਵੀ ਤੋਂ ਲੈ ਕੇ 1708 ਈਸਵੀ ਤੱਕ ਨੌਂ ਹੋਰ ਜੋਤਿ ਜਾਮਿਆਂ ਨੂੰ ਪਹਿਲਾਂ ਜਗਾ ਕੇ, ਫਿਰ ਸਿਰਜ-ਸੰਵਾਰ ਕੇ, ਪੂਰੀ ਤਰ੍ਹਾਂ ਮਾਣਿਆ ਹੈ। ਗੁਰੂ ਬਾਣੀ ਤੇ ਗੁਰੂ ਇਤਿਹਾਸ ਵਿਚ ਜੋਤਿ ਰੂਪ ਹਰਿ ਆਪਿ ਨੂੰ ਕਾਇਆਂ ਪਲਟਣ ਜਾਂ ਰੂਪ ਵਟਾਇਆ ਦੀ ਵਿਧੀ ਵਰਤ ਕੇ ਵੀ ਲਗਾਤਾਰ ਸਿਰਜਣ ਤੇ ਸਥਾਪਿਤ ਕਰਨ ਦਾ ਸੰਕੇਤ ਹੀ ਹੈ। ਗੁਰੂ-ਦਰਬਾਰ ਦੇ ਸਮਕਾਲੀ ਬਾਣੀਕਾਰ ਭਾਈ ਗੁਰਦਾਸ ਜੀ, ਭੱਟ ਤੇ ਰਬਾਬੀ ਸੱਤਾ-ਬਲਵੰਡ ਜਦੋਂ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ 'ਨਾਨਕ ਤੂਹੈ' ਦੇ ਜੋਤਿ ਰੂਪ ਵਿਚ ਵੇਖਦੇ ਹਨ :

**ਮਾਰਿਆ ਸਿਕਾ ਜਗਤਿ ਵਿਚਿ**
**ਨਾਨਕ ਨਿਰਮਲ ਪੰਥੁ ਚਲਾਇਆ।**
**ਥਾਪਿਆ ਲਹਿਣਾ ਜੀਂਵਦੇ**
**ਗੁਰਿਆਈ ਸਿਰਿ ਛਤ੍ਰੁ ਫਿਰਾਇਆ।**
**ਜੋਤੀ ਜੋਤਿ ਮਿਲਾਇ ਕੈ**
**ਸਤਿਗੁਰ ਨਾਨਕਿ ਰੂਪੁ ਵਟਾਇਆ।**

**(ਵਾਰ ੧, ਪਉੜੀ ੪੫)**

**ਲਹਣੇ ਪਾਈ ਨਾਨਕੋ**
**ਦੇਣੀ ਅਮਰਦਾਸਿ ਘਰਿ ਆਈ।**
**ਗੁਰੁ ਬੈਠਾ ਅਮਰੁ ਸਰੂਪ ਹੋਇ**
**ਗੁਰਮੁਖਿ ਪਾਈ ਦਾਦਿ ਇਲਾਹੀ।**
**ਦਾਤਿ ਜੋਤਿ ਖਸਮੈ ਵਡਿਆਈ॥**

**(ਵਾਰ ੧, ਪਉੜੀ ੪੬)**

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**
**ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥**
**ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥**
**ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥**
**ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥**

**(ਅੰਕ ੧੪੦੮)**

ਉਪਰੋਕਤ ਗੁਰੂ ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ ਸਾਰੇ ਗੁਰੂ ਜੋਤਿ ਜਾਮੇ ਗੁਰੂ ਨਾਨਕ ਦੇਵ ਜੀ ਹੀ ਹਨ। ਜੋ ਗੁਰੂ ਨਾਨਕ ਦੇਵ ਜੀ ਜੋਤਿ ਰੂਪਿ ਹਰਿ ਆਪਿ ਹਨ, ਤਾਂ ਸਾਰੇ ਗੁਰੂ ਸਾਹਿਬਾਨ ਦੀ ਜੋਤਿ ਰੂਪਿ ਹਰਿ ਆਪਿ ਹੀ ਹਨ। ਚੂੰਕਿ ਦੱਸਾਂ ਗੁਰੂ ਪਾਤਸ਼ਾਹਾਂ ਦੀ ਜੋਤਿ ਤੇ ਜੁਗਤਿ ਇੱਕ ਹੀ ਹੈ, ਇਸ ਕਰਕੇ ਜਿੱਥੇ ਸਾਰੇ ਬਾਣੀਕਾਰ ਗੁਰੂਦੇਵ ਆਪਣੀ ਬਾਣੀ ਮੋਹਰ 'ਨਾਨਕ' ਹੀ ਵਰਤਦੇ ਹਨ, ਉਥੇ ਸਾਰੇ ਗੁਰੂ ਸਾਹਿਬਾਨ ਦਾ ਹਰਿ ਪ੍ਰਤੀ ਸੰਕਲਪ ਤੇ ਸਰੂਪ ਜੋਤਿ ਰੂਪ ਵਾਲਾ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਤਾਂ ਜਦੋਂ ਮਨੁੱਖ ਨੂੰ ਹਰਿ-ਸਿਮਰਨ ਦੀ ਪ੍ਰੇਰਨਾ ਕਰਦੇ ਹਨ, ਤਾਂ ਉਹ ਵੀ ਹਰਿ ਨੂੰ ਜਾਗਤ-ਜੋਤਿ ਦਾ ਬਿੰਬ ਹੀ ਪ੍ਰਦਾਨ ਕਰਦੇ ਹਨ :

**ਜਾਗਤਿ ਜੋਤ ਜਪੈ ਨਿਸ ਬਾਸੁਰ**
**ਏਕ ਬਿਨਾ ਮਨ ਨੈਕ ਨ ਆਨੈ ॥**

**ਪੂਰਨ ਜੋਤਿ ਜਗੈ ਘਟ ਮੈ**
**ਤਬ ਖਾਲਸ ਤਾਹਿ ਨਖਾਲਸ ਜਾਨੈ ॥**

ਹਰਿ ਜੋਤਿ ਦਾ ਰੂਪ ਕੁਦਰਤੀ ਨੂਰ ਪ੍ਰਕਾਸ਼ ਵਾਲਾ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕਦੀ ਜਾਗਤ ਜੋਤਿ ਕਹਿ ਕੇ ਤੇ ਕਦੀ ਪੂਰਨ ਜੋਤਿ ਕਹਿ ਕੇ ਹੋਰ ਸਪਸ਼ੱਟ ਕਰ ਦਿੱਤਾ ਹੈ ਕਿ ਹਰਿ ਜੋਤਿ, ਗੁਰੂ ਜੋਤਿ, ਜਾਗਤ ਜੋਤਿ ਤੇ ਪੂਰਨ ਜੋਤਿ ਜਿਥੇ ਸਮਾਨੰਤਰ ਅਰਥਭਾਵੀ, ਨਿਰੰਤਰ ਸੰਪੂਰਨ ਤੇ ਪ੍ਰਕਾਸ਼ਮਈ ਹੈ, ਉਥੇ ਧੁੰਧ ਰੂਪੀ ਅੰਧੇਰੇ ਨੂੰ ਮਿਟਾਣ ਲਈ ਚਾਨਣ ਰੂਪ ਵੀ ਹੈ। ਹਰਿ ਜੋਤਿ ਜਿਸ ਹਿਰਦੇ ਵਿਚ ਜਗੇ, ਜਿਸ ਸਥਾਨ ਉਤੇ ਬਲੇ, ਜਿਸ ਗ੍ਰੰਥ ਵਿਚੋਂ ਪ੍ਰਕਾਸ਼ਮਾਨ ਹੋਵੇ, ਜਿਸ ਧਰਮ ਆਚਾਰ ਵਿਚ ਸਥਿਤ ਹੋਵੇ, ਜਿਸ ਜੀਵਨ ਵਿਹਾਰ ਵਿਚੋਂ ਮੂਰਤੀਮਾਨ ਹੋਵੇ, ਉਹ ਹਮੇਸ਼ਾਂ ਵੱਡਾ ਹੈ। ਗੁਰੂ ਨਾਨਕ ਦੇਵ ਜੀ ਨੇ ਦਾਤਿ ਰੂਪ ਵਿਚ ਵੀ ਤੇ ਜੀਵਨ ਦੀ ਘਾਲਿ ਕਮਾਈ ਵਿਚ ਵੀ ਚੂੰਕਿ ਹਰਿ ਜੋਤਿ ਰੂਪ ਚਾਨਣ ਨੂੰ ਪ੍ਰਾਪਤ ਕਰ ਲਿਆ ਸੀ, ਇਸ ਕਰਕੇ ਜਦੋਂ ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਦੇਵ ਜੀ ਪ੍ਰਤੀ ਆਪਣੀ ਸ਼ਰਧਾ ਤੇ ਸਤਿਕਾਰ ਭਾਵਨਾ ਪ੍ਰਗਟ ਕਰਨ ਲੱਗਦੇ ਹਨ, ਤਾਂ ਇਹੀ ਕਹਿੰਦੇ ਹਨ :

**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥**
**(ਅੰਕ ੭੫੦)**

**ਪ੍ਰਗਟ ਭਈ ਸਗਲੇ ਜੁਗ ਅੰਤਰਿ**
**ਗੁਰ ਨਾਨਕ ਕੀ ਵਡਿਆਈ ॥ ੪ ॥ ੧੧ ॥**
**(ਅੰਕ ੬੧੧)**

'ਜੋਤਿ ਰੂਪਿ ਹਰਿ ਆਪਿ' ਹੋਣ ਕਰਕੇ ਜਿਥੇ ਗੁਰੂ ਨਾਨਕ ਦੇਵ ਜੀ ਸਭ ਤੋਂ ਵੱਡੇ ਹਨ, ਉਥੇ ਉਨ੍ਹਾਂ ਦੀ ਵਡਿਆਈ ਵੀ ਸਾਰੇ ਸੰਸਾਰ ਵਿਚ ਪ੍ਰਗਟ ਹੋਈ ਹੈ।

ਹਰਿ ਜੋਤਿ ਜੰਮਦੀ ਨਹੀਂ, ਹਮੇਸ਼ਾਂ ਪ੍ਰਗਟ ਹੁੰਦੀ ਹੈ। ਜਿਹੜੀ ਜੋਤਿ ਜੰਮਦੀ ਨਹੀਂ, ਉਹ ਨਾ ਤਾਂ ਕਿਸੇ ਸੀਮਾ ਵਿਚ ਹੁੰਦੀ ਹੈ ਅਤੇ ਨਾ ਹੀ ਉਸ ਨੂੰ ਕੋਈ ਸਥਾਪਿਤ ਕਰਨ ਵਾਲਾ ਹੁੰਦਾ ਹੈ। ਇਹੀ ਕਾਰਨ ਹੈ ਕਿ ਹਰਿ ਜੋਤਿ ਦਾ ਚਾਨਣ ਸਰਬ ਭੂਅ-ਮੰਡਲ ਵਿਚ ਤੇ ਪਾਸਾਰ ਦੇ ਸਾਰੇ ਜੀਵ-ਜਗਤ ਵਿਚ ਹੈ। ਗੁਰੂ ਅਮਰਦਾਸ ਜੀ ਮਨ ਨੂੰ ਜੋਤਿ-ਸਰੂਪ ਹੋਣ ਦਾ ਅਹਿਸਾਸ ਕਰਵਾ ਕੇ ਜਦੋਂ ਮੂਲ ਪਛਾਨਣ ਦੀ ਪ੍ਰੇਰਨਾ ਕਰਦੇ ਹਨ, 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲਿ ਪਛਾਣ' ਤਾਂ ਇਸ ਦਾ ਸਪੱਸ਼ਟ ਭਾਵ ਹੈ ਕਿ ਹਰ ਜੀਵ ਅੰਦਰ ਜੋਤਿ ਦਾ ਪ੍ਰਕਾਸ਼ ਹੈ, ਪਰ ਉਹ ਮਾਇਆ, ਮੋਹ, ਲੋਭ, ਲਾਲਚ, ਹਉਮੈ, ਹੰਕਾਰ ਤੇ ਵੰਡ, ਵਿਤਕਰਿਆਂ ਦੇ ਹਨੇਰੇ ਵਿਚ ਇੰਨਾ ਜਕੜਿਆ ਹੋਇਆ ਹੈ ਕਿ ਜੋਤਿ ਪ੍ਰਕਾਸ਼ ਦੇ ਮੰਡਲ ਵਿਚ ਰਹਿੰਦਾ ਹੋਇਆਂ ਵੀ, ਜੋਤਿ ਸਰੂਪ ਦੀ ਪਛਾਣ ਨਹੀਂ ਕਰ ਸਕਦਾ। ਜੇ ਜੋਤਿ-ਸਰੂਪ ਦੀ ਪਛਾਣ ਹੋ ਜਾਵੇ, ਜੇ ਜੋਤਿ ਅੰਦਰੋਂ ਪ੍ਰਗਟ ਹੋ ਜਾਵੇ, ਤਾਂ ਸੰਸਾਰ ਦਾ ਸਾਰਾ ਤਮ-ਹਨੇਰਾ ਸਹਿਜੇ ਹੀ ਮੁੱਕ ਜਾਂਦਾ ਹੈ। ਗੁਰੂ ਅਮਰਦਾਸ ਜੀ ਦਾ ਵਾਕ ਇਸ ਸਿਧਾਂਤ ਨੂੰ ਹੋਰ ਸਾਰਥਿਕਤਾ ਪ੍ਰਦਾਨ ਕਰਦਾ ਹੈ :

**ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥**
**ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥**
**ਪਰਗਟੁ ਸਬਦੁ ਹੈ ਸੁਖਦਾਤਾ**
**ਅਨਦਿਨੁ ਨਾਮੁ ਧਿਆਵਣਿਆ ॥ ੫ ॥**
**ਅੰਤਰਿ ਜੋਤਿ ਪਰਗਟੁ ਪਾਸਾਰਾ ॥**
**ਗੁਰ ਸਾਖੀ ਮਿਟਿਆ ਅੰਧਿਆਰਾ ॥**
**ਕਮਲੁ ਬਿਗਾਸਿ ਸਦਾ ਸੁਖੁ ਪਾਇਆ**
**ਜੋਤੀ ਜੋਤਿ ਮਿਲਾਵਣਿਆ ॥ ੬ ॥**
**(ਅੰਕ ੧੨੬)**

ਜੋਤਿ ਨਾਲ ਜੋਤਿ ਦਾ ਮਿਲਾਪ ਹਮੇਸ਼ਾਂ ਪ੍ਰਕਾਸ਼ ਨੂੰ ਪ੍ਰਗਟ ਕਰਦਾ ਹੈ। ਇਹੀ ਕਾਰਨ ਹੈ ਕਿ ਜੋਤਿ ਨਾਲ ਹਮੇਸ਼ਾਂ ਪ੍ਰਗਟ ਸ਼ਬਦ ਜੁੜਦਾ ਹੈ-ਜਨਮ ਨਹੀਂ। ਗੁਰੂ ਨਾਨਕ ਦੇਵ ਜੀ ਧੁਰ ਦਰਗਾਹ ਤੋਂ ਜੋਤਿ ਰੂਪਿ ਹਰਿ ਆਪਿ ਹੋਣ ਦਾ ਵਰ-ਵਰਦਾਨ ਲੈ ਕੇ, ਚਿਰਾਗ ਰੂਪ ਵਿਚ, ਜਦੋਂ ਸੰਸਾਰ ਉਤੇ ਪ੍ਰਗਟ ਹੋਏ ਤਾਂ ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ ਪ੍ਰਗਟ ਹੋਣ ਨਾਲ ਹੀ ਵਿਸ਼ੇਸ਼ਤਾ ਦਿੱਤੀ :

**ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥**

ਹਰਿ ਜੋਤਿ ਜਦੋਂ ਸਰਗੁਣ ਰੂਪ ਵਿਚ ਵੀ ਪ੍ਰਗਟ ਹੋਵੇ, ਉਸ ਵਿਚ ਸਹਿਜੇ ਹੀ ਉਧਾਰ ਤੇ ਸੁਧਾਰ ਦੀ ਸਮਰਥਾ ਆ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਜੀਵਨ ਯਾਤਰਾ, ਬਾਣੀ ਬੋਲ ਤੇ ਆਚਾਰ ਵਿਹਾਰ ਨਾਲ ਮਾਨਵ ਜਾਤਿ ਦਾ ਇੰਨਾ ਉਧਾਰ ਤੇ ਸੁਧਾਰ ਕੀਤਾ ਹੈ ਕਿ ਉਨ੍ਹਾਂ ਨੂੰ ਇੱਕ ਮਹਾਨ ਤੇ ਕ੍ਰਾਂਤੀਕਾਰੀ ਸਵੀਕਾਰ ਕੀਤਾ ਜਾਂਦਾ ਹੈ। ਕੌਡੇ ਰਾਖਸ਼ ਨੂੰ ਰਾਖਸ਼ ਬਿਰਤੀ ਤੋਂ ਮੁਕਤ ਕਰਨਾ, ਸੱਜਣ ਠੱਗ ਨੂੰ ਠੱਗੀ ਤੋਂ ਹਟਾਣਾ, ਭੂਮੀਏ ਚੋਰ ਨੂੰ ਚੋਰੀ ਤੋਂ ਵਰਜ ਕੇ ਇੱਕ ਚੰਗਾ ਸੇਵਾ ਭਾਈ ਤੇ ਦੇਵਤਾ ਸਿਰਜਨਾ ਇਹ ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਦੇਵ ਜੀ ਦਾ ਸੁਧਾਰ ਦੇ ਖੇਤਰ ਵਿਚ ਇਤਿਹਾਸਕ ਯੋਗਦਾਨ ਹੈ। ਗੁਰੂ ਨਾਨਕ ਦੇਵ ਜੀ ਸੱਚਮੁੱਚ ਇੱਕ ਮਹਾਨ ਯੋਗਦਾਨੀ ਸਨ।

ਹਰਿ ਜੋਤ ਰੂਪ ਚਾਨਣ ਪ੍ਰਾਪਤ ਕਰਕੇ ਗੁਰੂ ਨਾਨਕ ਦੇਵ ਜੀ ਨੇ ਜੋ ਜੋਤਿ ਚਾਨਣ ਦਾ ਪ੍ਰਸਾਦਿ ਵਰਤਾਇਆ, ਉਸ ਦਾ ਵੀ ਅਧਿਆਤਮਿਕ ਤੇ ਇਤਿਹਾਸਕ ਮਹੱਤਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਇਹ ਸੱਚ-ਤੱਥ ਸਪੱਸ਼ਟ ਹੈ ਕਿ ਹਰਿ ਜੋਤਿ ਦਾ ਪ੍ਰਕਾਸ਼ ਗੁਰ-ਸਾਖੀ ਦੁਆਰਾ ਹੀ ਉਜਾਗਰ ਹੋ ਸਕਦਾ ਹੈ। ਹਰਿ ਜੋਤਿ ਤੇ ਗੁਰੂ ਜੋਤਿ ਵਿਚ ਇਕਸੁਰਤਾ ਤੇ ਇਕਰੂਪਤਾ ਹੋ ਜਾਣ ਨਾਲ ਕੋਈ ਭਰਮ ਭੇਦ ਨਹੀਂ ਰਹਿ ਜਾਂਦਾ। ਹਰਿ ਤੇ ਗੁਰੂ ਦੇ ਬੋਲ ਵਿਚ ਏਕਤਾ ਆ ਜਾਂਦੀ ਹੈ। ਇਹੀ ਕਾਰਨ ਹੈ ਕਿ ਗੁਰੂ ਬਾਣੀ ਬੋਲ ਵਿਚ ਹਉਂ ਜਾਂ ਮੈਂ ਦੀ ਕੋਈ ਥਾਂ ਨਹੀਂ ਹੈ। ਜੋ ਹਰਿ ਬੁਲਾ ਰਿਹਾ ਹੈ, ਗੁਰੂਦੇਵ ਆਖਦੇ ਹਨ-ਮੈਂ ਬਿਨ੍ਹਾਂ ਮਿਲਾਵਟ ਦੇ, ਸ਼ੁੱਧ ਰੂਪ ਵਿਚ ਹਰਿ-ਹੁਕਮ ਨੂੰ ਹੀ ਪ੍ਰਕਾਸ਼ਮਾਨ

ਕਰ ਰਿਹਾ ਹਾਂ :

**ਹਉ ਆਪਹੁ ਬੋਲਿ ਨ ਜਾਣਦਾ**
**ਮੈ ਕਹਿਆ ਸਭੁ ਹੁਕਮਾਉ ਜੀਉ ॥**

**(ਅੰਕ ੭੬੩)**

ਗੁਰੂ ਦੀ ਸਾਖੀ-ਸਿਖਿਆ ਵਿਚ ਆਤਮਾ ਨੂੰ ਜਗਾਣ ਤੇ ਆਤਮਾ ਵਿਚ ਜੋਤਿ ਰੂਪੀ ਦੀਵਾ ਬਾਲਣ ਦੀ ਸਮਰੱਥਾ ਵੀ ਹੈ। ਇਸ ਲਈ ਜਿਥੇ ਵੀ ਜੋਤਿ ਦੀਵਾ ਬਲਦਾ ਹੈ, ਉਥੇ ਪ੍ਰਕਾਸ਼ ਤਾਂ ਹੋ ਜਾਂਦਾ ਹੈ, ਅੰਧੇਰਾ ਵੀ ਪੂਰੀ ਤਰ੍ਹਾਂ ਮਿਟ ਜਾਂਦਾ ਹੈ। ਗੁਰੂ ਪ੍ਰਮਾਣ ਇਸ ਸਿੱਧਾਂਤ ਨੂੰ ਹੋਰ ਸਪੱਸ਼ਟ ਕਰਦਾ ਹੈ :

**ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ॥**

**(ਅੰਕ ੧੨੮੪)**

ਨਿਸ਼ਚੇ ਹੀ ਹਰਿ ਜੋਤਿ ਪ੍ਰਕਾਸ਼ ਨੂੰ ਨਾਮ ਤੇ ਸ਼ਬਦ ਦੁਆਰਾ ਉਜਾਗਰ ਕਰਕੇ ਗੁਰੂ ਨਾਨਕ ਦੇਵ ਜੀ ਨੇ ਕੇਵਲ ਪੰਜਾਬ-ਭਾਰਤ ਵਿਚੋਂ ਹੀ ਨਹੀਂ, ਸਗੋਂ ਸਮੁੱਚੇ ਪਾਸਾਰ ਵਿਚੋਂ ਕੂੜ-ਕ੍ਰਿਆ, ਭੈ-ਪ੍ਰਾਧੀਨਤਾ ਤੇ ਹੀਣ ਭਾਵਾਂ ਨੂੰ ਪਛਾੜ ਕੇ ਜੋਤਿ-ਚਾਨਣ ਨੂੰ ਸ਼ਬਦ ਦੁਆਰਾ ਸੁਣਾਇਆ ਹੈ :

**ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ ॥**

**(ਅੰਕ ੫੦੯)**

ਹਰਿ ਜੋਤਿ ਹੀ ਗੁਰ ਸ਼ਬਦ ਨਾਮ ਹੈ ਤੇ ਗੁਰ ਸ਼ਬਦ ਨਾਮ ਹੀ ਹਰਿ ਜੋਤਿ ਦਾ ਸ਼ੁੱਧ ਪ੍ਰਕਾਸ਼ ਹੈ ਤੇ ਇਸੇ ਸ਼ੁੱਧ ਪ੍ਰਕਾਸ਼ ਦੁਆਰਾ ਹੀ ਗੁਰੂ ਨਾਨਕ ਦੇਵ ਜੀ ਨੇ ਕਲਿਜੁਗ ਨੂੰ ਤਾਰਿਆ ਹੈ। ਕਲਿ ਜਾਂ ਕਲਿਜੁਗ ਨੂੰ ਤਾਰਨ ਕਰਕੇ ਹੀ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਪ੍ਰਤੀ ਆਖਦੇ ਹਨ :

**ਕਲਿ ਤਾਰਣਿ ਗੁਰੁ ਨਾਨਕੁ ਆਇਆ।**

**(ਵਾਰ ੧, ਪਉੜੀ ੨੩)**

ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ 'ਜੋਤਿ ਰੂਪਿ ਹਰਿ ਆਪਿ' ਦਾ ਜੀਵਨ ਸੀ। ਗ੍ਰਹਿਸਤ, ਮਾਇਆ ਤੇ ਸਮਾਜਿਕ ਰਿਸ਼ਤਿਆਂ ਦੇ ਪਾਸਾਰ ਵਿਚ ਰਹਿ ਕੇ ਵੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਸੁਰਤਿ, ਮਤਿ, ਮਨਿ, ਬੁਧਿ ਤੇ ਸੁਧਿ ਨੂੰ ਹਰਿ ਜੋਤਿ ਨਾਲ ਜੋੜੀ ਰਖਿਆ। 1469 ਈ. ਤੋਂ ਲੈ ਕੇ 1708 ਈ. ਤੱਕ ਦਸ ਗੁਰੂ ਜੋਤਿ ਜਾਮਿਆਂ ਨੇ ਜੀਵਨ ਜੀਵਿਆ। ਇਹ 239 ਸਾਲ ਦਾ ਸਾਰਾ ਜੀਵਨ ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਦੇਵ ਜੀ ਦਾ ਜੀਵਨ ਹੈ। ਹਰ ਗੁਰੂ ਜੋਤਿ ਜਾਮਾ ਗੁਰੂ ਨਾਨਕ ਦੇਵ ਜੀ ਦੇ ਰੂਪ ਉਤੇ ਹੀ ਕੇਂਦਰਿਤ ਰਿਹਾ ਹੈ। ਕਿਸੇ ਵੀ ਗੁਰੂ ਜੋਤਿ ਜਾਮਾ ਨੇ ਆਪਣੀ ਹਉ ਜਾਂ ਮੈਂ ਦੀ ਵੱਖਰਤਾ ਦਾ ਪ੍ਰਗਟਾਵਾ ਨਹੀਂ ਕੀਤਾ। ਗੁਰੂ ਨਾਨਕ ਦੇਵ ਜੀ ਦੀ ਜੋਤਿ ਤੇ ਜਾਮਿਆਂ ਦੀ ਵਿਲੱਖਣਤਾ ਤੇ ਵਡਿਆਈ ਇਹ ਹੈ ਕਿ ਸਾਰੇ ਨਿਰੰਕਾਰ ਦੇਸ਼ ਤੇ ਬੇਗਮਪੁਰਾ ਸ਼ਹਿਰ ਦੇ ਵਾਸੀ ਰਹਿੰਦੇ ਹਨ, ਸਾਰਿਆਂ ਦਾ ਧਰਮ ਤੇ ਬੋਲ ਧੁਰ ਦਰਗਾਹ ਦਾ ਧਰਮ ਤੇ ਬੋਲ ਰਹਿੰਦਾ ਹੈ, ਆਚਾਰ ਵਿਹਾਰ ਵਿਚ ਵੀ ਸਾਡੀ ਗੁਰੂ ਪ੍ਰੰਪਰਾ ਲਗਾਤਾਰ 239 ਸਾਲ ਇਕਸਾਰ ਤੇ ਇਕਾਗਰ ਰਹਿੰਦੀ ਹੈ। ਨਾ ਗੁਰੂ ਜੋਤਿ ਜਾਮਿਆਂ ਦੀ ਜੁਗਤਿ ਵਿਚ ਅੰਤਰ ਆਂਦਾ ਹੈ ਅਤੇ ਨਾ ਹੀ ਗੁਰੂ ਪ੍ਰੰਪਰਾ ਕਿਸੇ ਵੰਡ ਵਿਤਕਰੇ ਦਾ ਸ਼ਿਕਾਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਦਰ ਘਰ ਦਾ ਸਾਰਾ ਦਰਸ਼ਨ ਤੇ ਪ੍ਰਦਰਸ਼ਨ ਸੱਚ, ਪ੍ਰੇਮ, ਅਣਖ ਤੇ ਅਜ਼ਾਦੀ ਉਤੇ ਕੇਂਦਰਿਤ ਰਹਿੰਦਾ ਹੈ। ਸੇਵਾ, ਸਿਮਰਨ, ਸਹਜ, ਸਦਭਾਵਨਾ, ਸਰਬੱਤ ਦਾ ਭਲਾ ਤੇ ਜ਼ੁਲਮ ਵਿਰੁੱਧ ਸੂਰਮਗਤੀ ਦਾ ਪ੍ਰਗਟਾਵਾ ਇਹ ਗੁਰੂ-ਦਰ-ਘਰ ਦਾ ਗੌਰਵਸ਼ੀਲ ਸਦਾਚਾਰ ਹੈ। ਜੋਤਿ ਰੂਪਿ ਹਰਿ ਆਪਿ ਅਖਵਾਉਣ ਵਾਲੇ ਗੁਰੂ ਨਾਨਕ ਦੇਵ ਜੀ ਦੀ ਖ਼ੂਬਸੂਰਤੀ ਇਹ ਹੈ ਕਿ 239 ਸਾਲਾਂ ਦੇ ਸਮੁੱਚੇ ਜੀਵਨ ਵਿਚ ਸਿੱਖ ਧਰਮ, ਸਿੱਖ ਸਭਿਅਤਾ, ਸਿੱਖ ਗ੍ਰੰਥ, ਸਿੱਖ ਮੰਦਰ, ਸਿੱਖ ਤਖ਼ਤ, ਸਿੱਖ ਫ਼ੌਜਾਂ, ਸਿੱਖੀ ਸਰੂਪ, ਸਿੱਖੀ ਗੌਰਵ ਅਤੇ ਸਿੱਖ ਸ਼ਹੀਦਾਂ ਦਾ ਵਿਰਸਾ ਤਾਂ ਸਿਰਜਦੇ ਹਨ, ਪਰ ਧਰਤੀ ਸਰੀਰ, ਪਰਿਵਾਰ ਤੇ ਰਿਸ਼ਤਿਆਂ ਦੇ ਪਾਸਾਰ ਦਾ ਨਾ ਕੋਈ ਬੰਧਨ ਹੈ ਅਤੇ ਨਾ ਹੀ ਕੋਈ ਪਕੜ ਹੈ। ਸਾਰਾ ਪਾਸਾਰ ਜੋਤਿ ਦੇ ਪ੍ਰਕਾਸ਼ ਦਾ ਪਾਸਾਰਾ ਹੀ ਮੰਨਦੇ ਹਨ। ਗੁਰਵਾਕ ਹੈ :

**ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥**
**ਜੋਤੀ ਅੰਤਰਿ ਬ੍ਰਹਮੁ ਅਨੂਪੁ ॥ ੧ ॥**
**ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥**
**ਜੋਤੀ ਅੰਤਰਿ ਧਰਿਆ ਪਸਾਰੁ ॥**

**(ਅੰਕ ੯੭੨)**

ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੀ ਸਾਰੀ ਜੋਤਿ ਰੂਪ ਪ੍ਰੰਪਰਾ ਜਿਥੇ ਸ੍ਰਿਸ਼ਟੀ ਪਾਸਾਰ ਨੂੰ ਹਰਿ ਰੂਪ ਮੰਨਦੀ ਹੈ, ਉਥੇ ਹਰਿ ਰੂਪ ਪਾਸਾਰ ਵਿਚ ਵਿਚਰਦਿਆਂ ਜੋਤਿ ਜਗਦੀਸ਼ ਨਾਲ ਇਕਸੁਰ ਹੋਣ ਨੂੰ ਪਰਮ ਗਤੀ ਸਵੀਕਾਰ ਕਰਦੀ ਹੈ :

**ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥੨॥**

**(ਅੰਕ ੧੩੫੦)**

ਪਰਮਗਤੀ ਵਿਚ ਪ੍ਰਕਾਸ਼ ਵੀ ਹੈ ਤੇ ਵਿਗਾਸ ਵੀ ਹੈ। ਹਰਿ ਜੋਤਿ ਨਾਲ ਇਕਸੁਰ ਹੋ ਕੇ ਪਹਿਲਾਂ ਅੰਤਰ ਆਤਮਾ ਪ੍ਰਕਾਸ਼ਮਈ ਹੁੰਦੀ ਹੈ, ਫਿਰ ਪ੍ਰਕਾਸ਼ ਪ੍ਰਾਪਤ ਕਰਕੇ ਵਿਗਾਸਮਈ ਹੁੰਦੀ ਹੈ, ਫਿਰ ਵਿਗਾਸ ਤੋਂ ਅਨੰਦਪੁਰ ਦੀ ਵਾਸੀ ਬਣਦੀ ਹੈ। ਅਨੰਦਪੁਰ ਵਿਚ ਵੱਸਣ ਵਾਲਾ ਸਦਾ ਗੁਰੂ ਰੂਪ ਹੁੰਦਾ ਹੈ ਤੇ ਗੁਰੂ ਰੂਪ ਵਾਲਾ ਸਦਾ ਹਰਿ ਜੋਤਿ ਰੂਪ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਚੂੰਕਿ ਜੋਤਿ ਰੂਪਿ ਹਰਿ ਆਪਿ ਸਨ, ਇਸ ਕਰਕੇ ਉਹ ਪਰਮ ਗੁਰੂ ਵੀ ਅਖਵਾਏ। ਗੁਰੂ ਨਾਨਕ ਦੇਵ ਜੀ ਸੱਚਮੁੱਚ ਸਾਰੇ ਅਵਤਾਰਾਂ, ਪੀਰਾਂ, ਪੈਗੰਬਰਾਂ ਤੇ ਦੇਵਤਿਆਂ ਵਿਚੋਂ ਇਕੋ ਇੱਕ ਪਰਮ ਗੁਰੂ ਹਨ।

– ਪ੍ਰੋਫੈਸਰ ਜੋਗਿੰਦਰ ਸਿੰਘ

# ਭਲੇ ਅਮਰਦਾਸ ਗੁਣ ਤੇਰੇ

ਸ੍ਰੀ ਗੁਰੂ ਅਮਰਦਾਸ ਜੀ ਅਤਿ ਸੀਲ ਸੁਭਾਵ, ਨਿਮਰਤਾ, ਸੇਵਾ ਭਾਵ, ਇਕ ਰਸ ਭਗਤੀ ਦੇ ਧਾਰਨੀ, ਮਨੁੱਖਤਾ ਦਾ ਭਲਾ ਸੋਚਣ ਵਾਲੇ ਤੇ ਗਰੀਬਾਂ, ਦੁੱਖੀਆਂ ਲਈ ਅਥਾਹ ਹਮਦਰਦੀ ਰੱਖਣ ਵਾਲੇ, ਪਾਰਬ੍ਰਹਮ ਵਿਚ ਲੀਨ, ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਤੀਜੇ ਪਾਤਿਸ਼ਾਹ ਸਨ।

ਆਪ ਜੀ ਦਾ ਪ੍ਰਕਾਸ਼ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿਚ ਬਾਬਾ ਤੇਜ਼ਭਾਨ ਤੇ ਮਾਤਾ ਸੁਲੱਖਣੀ ਜੀ ਦੇ ਗ੍ਰਹਿ ਵਿਖੇ ਹੋਇਆ। 61 ਸਾਲ ਦੀ ਉਮਰ ਵਿਚ 1541 ਈਸਵੀ ਵਿਚ ਆਪ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਤੇ ਲੱਗਭੱਗ 12 ਸਾਲ ਗੁਰੂ ਘਰ ਵਿਚ ਰਹਿ ਕੇ ਅਣਥੱਕ ਸੇਵਾ ਕੀਤੀ। 1552 ਈਸਵੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। ਭੱਲ ਭੱਟ ਨੇ ਗੁਰੂ ਰੂਪ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੀ ਵਡਿਆਈ ਨੂੰ ਇਸ ਤਰ੍ਹਾਂ ਵਰਣਨ ਕੀਤਾ ਹੈ :

**ਘਨਹਰ ਬੂੰਦ ਬਸੁਅ ਰੋਮਾਵਲਿ**
**ਕੁਸਮ ਬਸੰਤ ਗਨੰਤ ਨ ਆਵੈ ॥**
**ਰਵਿ ਸਸਿ ਕਿਰਣਿ ਉਦਰੁ ਸਾਗਰ ਕੋ**
**ਗੰਗ ਤਰੰਗ ਅੰਤੁ ਕੋ ਪਾਵੈ ॥**
**ਰੁਦ੍ਰ ਧਿਆਨ ਗਿਆਨ ਸਤਿਗੁਰ ਕੇ**
**ਕਬਿ ਜਨ ਭਲ੍ ਉਨਹ ਜੁੋ ਗਾਵੈ ॥**
**ਭਲੇ ਅਮਰਦਾਸ ਗੁਣ ਤੇਰੇ**
**ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥**

**(ਅੰਕ ੧੩੯੬)**

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਬਾਣੀ ਨੂੰ ਗੁਰਮੁੱਖੀ ਅੱਖਰਾਂ ਵਿਚ ਲਿਖਣ ਦੀ ਪ੍ਰਥਾ ਆਰੰਭ ਕਰ ਦਿੱਤੀ ਅਤੇ ਸਿੱਖਾਂ ਨੇ ਗੁਰਮੁਖੀ ਅੱਖਰਾਂ ਦਾ ਗਿਆਨ ਹਾਸਿਲ ਕਰਨਾ ਸ਼ੁਰੂ ਕਰ ਦਿੱਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਸ਼ਬਦ ਗੁਰੂ ਦੇ ਸਿਧਾਂਤ ਅਤੇ ਗੁਰਬਾਣੀ ਦੀ ਮਹੱਤਤਾ ਨੂੰ ਦ੍ਰਿੜ੍ਹ ਕਰਵਾਇਆ। ਉਨ੍ਹਾਂ ਨੇ ਪ੍ਰਮਾਤਮਾ ਦੀ ਪ੍ਰਾਪਤੀ ਲਈ ਗੁਰਬਾਣੀ ਨੂੰ ਹੀ ਸਭ ਤੋਂ ਵੱਡਾ ਸਾਧਨ ਮੰਨਿਆ ਹੈ। ਆਪਣੀ ਬਾਣੀ ਵਿਚ ਗੁਰੂ ਜੀ ਨੇ ਸਿੱਖਾਂ ਨੂੰ ਵਾਰ-ਵਾਰ ਬਾਣੀ ਪੜ੍ਹਨ ਦੀ ਤਾਕੀਦ ਕੀਤੀ ਹੈ :

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥**



**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**
**ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥**
**ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ**
**ਜਪਿਹੁ ਸਾਰਿਗਪਾਣੀ ॥**
**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥ ੨੩ ॥**

**(ਅੰਕ ੯੨੦)**

**ਮਨ ਰੇ ਸਦਾ ਅਨੰਦੁ ਗੁਣ ਗਾਇ ॥**
**ਸਚੀ ਬਾਣੀ ਹਰਿ ਪਾਈਐ**
**ਹਰਿ ਸਿਉ ਰਹੈ ਸਮਾਇ ॥ ੧ ॥ਰਹਾਉ॥**

**(ਅੰਕ ੩੬)**

ਗੁਰੂ ਜੀ ਨੇ ਦੱਸਿਆ ਹੈ ਕਿ ਗੁਰਬਾਣੀ ਸਿਰਫ ਪਰਮਾਤਮਾ ਦਾ ਗਿਆਨ ਹੀ ਨਹੀਂ ਦਿੰਦੀ, ਸਗੋਂ ਇਹ ਪ੍ਰਤੱਖ ਤੌਰ 'ਤੇ ਧਰਤੀ ਉੱਤੇ ਪਰਮਾਤਮਾ ਦਾ ਰੂਪ ਵੀ ਹੈ। ਗੁਰਬਾਣੀ ਨਾਲ ਮਨ ਜੋੜ ਲੈਣਾ ਪ੍ਰਮਾਤਮਾ ਨੂੰ ਹਿਰਦੇ ਵਿਚ ਵਸਾਉਣਾ ਹੀ ਹੈ। ਇਸ ਲਈ ਹੋਰ ਕੋਈ

ਵੀ ਮਨੁੱਖੀ ਗੁਰੂ, ਬ੍ਰਾਹਮਣ, ਜੋਗੀ ਮੁਰਸ਼ਦ ਪੀਰ, ਦੇਵੀ-ਦੇਵਤਾ ਤੇ ਅਵਤਾਰ ਪੈਗੰਬਰ ਗੁਰਬਾਣੀ ਦੇ ਤੁੱਲ ਨਹੀਂ ਹੈ। ਗੁਰਬਾਣੀ ਸਭ ਤੋਂ ਉਪਰ ਹੈ ਤੇ ਪੂਜਣ ਯੋਗ ਹੈ। ਗੁਰੂ ਜੀ ਦਾ ਫੁਰਮਾਨ ਹੈ :

**ਵਾਹੁ ਵਾਹੁ ਬਾਣੀ ਨਿਰੰਕਾਰ ਹੈ**
**ਤਿਸੁ ਜੇਵਡੁ ਅਵਰੁ ਨ ਕੋਇ ॥**
**ਵਾਹੁ ਵਾਹੁ ਅਗਮ ਅਥਾਹੁ ਹੈ**
**ਵਾਹੁ ਵਾਹੁ ਸਚਾ ਸੋਇ ॥**

**(ਅੰਕ ੫੧੫)**

ਪੁਰਾਤਨ ਕਾਲ ਤੋਂ ਹੀ ਸਾਰੀ ਦੁਨੀਆਂ ਵਿਚ ਇਸਤਰੀ ਦਾ ਦਰਜਾ ਮਰਦ ਤੋਂ ਘੱਟ ਸਮਝਿਆ ਜਾਂਦਾ ਰਿਹਾ ਹੈ। ਸਿਰਫ ਸਿੱਖ ਧਰਮ ਹੀ ਇਕ ਅਜਿਹਾ ਧਰਮ ਹੈ, ਜਿਸ ਵਿਚ ਇਸਤਰੀ ਨੂੰ ਮਰਦ ਦੇ ਬਰਾਬਰ ਥਾਂ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਸਤਰੀ ਜਾਤੀ ਦੇ ਹੱਕ ਵਿਚ ਅਵਾਜ਼ ਉਠਾਈ ਅਤੇ ਇਸਤਰੀ ਨੂੰ ਬੁਰਾ ਸਮਝਣ ਦਾ ਖੰਡਨ ਕੀਤਾ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਧਰਮ ਪਤਨੀ (ਮਾਤਾ) ਖੀਵੀ ਜੀ ਨੂੰ ਲੰਗਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਇਸਤਰੀ ਜਾਤੀ ਦੇ ਉਥਾਨ ਲਈ ਕਈ ਠੋਸ ਯਤਨ ਕੀਤੇ। ਉਨ੍ਹਾਂ ਨੇ ਸਭ ਤੋਂ ਪਹਿਲਾਂ ਪਰਦੇ ਦੀ ਰਸਮ ਨੂੰ ਖਤਮ ਕਰਵਾਉਣ ਵੱਲ ਕਦਮ ਉਠਾਇਆ। ਗੁਰੂ ਜੀ ਦੇ ਦਰਬਾਰ ਵਿਚ ਇਸਤਰੀਆਂ ਨੂੰ ਪਰਦਾ ਕਰਨ ਦਾ ਹੁਕਮ ਨਹੀਂ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਅਜ਼ਾਦੀ ਨਾਲ ਸੰਗਤ ਵਿਚ ਵਿਚਰ ਕੇ ਸੇਵਾ ਆਦਿ ਕਰਨ ਦੀ ਖੁਲ੍ਹ ਮਿਲ ਗਈ ਸੀ। ਉਸ ਵੇਲੇ ਵਿਧਵਾ ਇਸਤਰੀ ਦਾ ਦੁਬਾਰਾ ਵਿਆਹ ਨਹੀਂ ਸੀ ਕੀਤਾ ਜਾਂਦਾ, ਪਰ ਕੇਵਲ ਮਰਦ ਕਰਵਾ ਸਕਦਾ ਸੀ। ਗੁਰੂ ਜੀ ਨੇ ਵਿਧਵਾ ਇਸਤਰੀਆਂ ਦਾ ਵਿਆਹ ਕਰਨ ਦੀ ਰੀਤ ਆਰੰਭ ਕਰਵਾਈ।

ਸਤੀ ਦੀ ਪ੍ਰਥਾ ਵੀ ਇਸਤਰੀ ਜਾਤੀ ਲਈ ਵੱਡੀ ਲਾਹਨਤ ਸੀ। ਇਸਤਰੀ ਦੀ ਮਰਜ਼ੀ ਦੇ ਖਿਲਾਫ ਉਸ ਨੂੰ ਮੱਲੋ-ਜ਼ੋਰੀ ਪਤੀ ਦੇ ਨਾਲ ਸੜਨ ਲਈ ਜਿਉਂਦੀ ਨੂੰ ਹੀ ਅੱਗ ਵਿਚ ਸੁੱਟ ਦਿੱਤਾ ਜਾਂਦਾ ਸੀ। ਗੁਰੂ ਜੀ ਨੇ ਸਤੀ ਦੀ ਰਸਮ ਨੂੰ ਬੰਦ ਕਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਅਜਿਹੀਆਂ ਇਸਤਰੀਆਂ ਨੂੰ ਸਤੀਆਂ ਨਹੀਂ ਮੰਨਿਆ। ਅਸਲ ਸਤੀ ਦਾ ਸਰੂਪ ਗੁਰੂ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਦੱਸਿਆ ਹੈ :

**ਸਲੋਕੁ ਮ: ੩ ॥**
**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍ ॥**
**ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍ ॥੧॥**
**ਮ: ੩ ॥**
**ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍ ॥**
**ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍ ॥ ੨ ॥**

**(ਅੰਕ ੭੮੭)**

ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਲੰਮਾ ਸਮਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ ਸੀ। ਉਨ੍ਹਾਂ ਨੇ ਆਪਣੀ ਬਾਣੀ ਵਿਚ ਸੇਵਾ ਕਰਨ 'ਤੇ ਬਹੁਤ ਜ਼ੋਰ ਦਿੱਤਾ ਹੈ। ਗੁਰੂ ਜੀ ਅਨੁਸਾਰ ਸੇਵਾ ਨਾਲ ਹੀ ਹਿਰਦਾ ਸ਼ੁੱਧ ਹੁੰਦਾ ਹੈ, ਹਉਮੈ ਦੂਰ ਹੁੰਦੀ ਹੈ ਤੇ ਪ੍ਰਮਾਤਮਾ ਦਾ ਨਾਮ ਮਨ ਵਿਚ ਵੱਸਦਾ ਹੈ। ਜੇ ਕੋਈ ਵੀ ਚਿਤ ਲਾ ਕੇ ਸੇਵਾ ਕਰੇਗਾ, ਉਸ ਨੂੰ ਅਧਿਆਤਮ ਵਿਚ ਨਿਸਚੇ ਹੀ ਸਫਲਤਾ ਮਿਲੇਗੀ। ਗੁਰੂ ਜੀ ਫੁਰਮਾਉਂਦੇ ਹਨ :

**ਸਲੋਕੁ ਮ: ੩ ॥**
**ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥**
**ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥**
**ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ ॥**
**ਇਸੁ ਜਗ ਮਹਿ ਨਾਮੁ ਅਲਭੁ ਹੈ**
**ਗੁਰਮੁਖਿ ਵਸੈ ਮਨਿ ਆਇ ॥**
**ਨਾਨਕ ਜੋ ਗੁਰੁ ਸੇਵਹਿ ਆਪਣਾ**
**ਹਉ ਤਿਨ ਬਲਿਹਾਰੈ ਜਾਉ ॥ ੧ ॥**

**(ਅੰਕ ੬੪੪)**

ਗੁਰੂ ਹੀ ਇਸ ਸੰਸਾਰ ਦਾ ਭਲਾ ਕਰਨ ਵਾਲਾ ਤੇ ਗਿਆਨ ਦੇਣ ਵਾਲਾ ਹੈ। ਗੁਰੂ ਤੋਂ ਬਿਨਾਂ ਜੀਵ ਨਾ ਪ੍ਰਮਾਤਮਾ ਨੂੰ ਪਾ ਸਕਦਾ ਹੈ ਅਤੇ ਨਾ ਹੀ ਉਸ ਦੀ ਮੁਕਤੀ ਹੋ ਸਕਦੀ ਹੈ। ਜੀਵ ਦੇ ਸਾਰੇ ਦੁੱਖਾਂ ਦਾ ਦਾਰੂ ਤੇ ਮੁਕਤੀ ਦਾ ਦਾਤਾ ਗੁਰੂ ਹੀ ਹੈ। ਗੁਰੂ ਤੋਂ ਬੇਮੁਖ ਹੋ ਜਾਣ ਵਾਲੇ ਤੇ ਗੁਰੂ ਦੇ ਮਹੱਤਵ ਨੂੰ ਨਾ ਸਮਝਣ ਵਾਲੇ ਜੀਵਾਂ ਨੂੰ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਖਤ ਤਾੜਨਾ ਕੀਤੀ ਹੈ :

**ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥**
**ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥**
**ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥ ੩ ॥**

**(ਅੰਕ ੩੦)**

ਇਸ ਦੇ ਨਾਲ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਗੁਰੂ ਸਾਹਿਬਾਨ ਨੇ ਸਪਸ਼ਟ ਕੀਤਾ ਹੈ ਕਿ ਬਾਣੀ ਹੀ ਗੁਰੂ ਹੈ। ਸਬਦੁ ਗੁਰੂ ਸੁਰਤਿ ਧੁਨਿ ਚੇਲਾ ਅਤੇ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

ਇਹ ਸੰਸਾਰ ਆਦਿ ਕਾਲ ਤੋਂ ਨੇਕੀ ਤੇ ਬਦੀ ਦਾ ਖੇਤਰ ਰਿਹਾ ਹੈ। ਨੇਕੀ ਤੇ ਬਦੀ ਦੇ ਵਿਚਾਰ ਨੂੰ ਮੁੱਖ ਰੱਖਦੇ ਹੋਏ ਗੁਰਮਤਿ ਵਿਚ ਦੋ ਪ੍ਰਕਾਰ ਦੇ ਮਨੁੱਖ ਮੰਨੇ ਗਏ ਹਨ। ਇੱਕ ਨੇਕੀ ਦੀ ਪ੍ਰਤੀਨਿਧਤਾ ਕਰਦੇ ਹਨ। ਇਹ ਗੁਰੂ ਦੀ ਆਗਿਆ ਵਿਚ ਰਹਿੰਦੇ ਹਨ। ਇਨ੍ਹਾਂ ਨੂੰ ਗੁਰਮੁਖ ਕਿਹਾ ਗਿਆ ਹੈ। ਦੂਜੇ ਬਦੀ ਦਾ ਪ੍ਰਤੀਕ ਹਨ ਇਹ ਆਪਣੇ ਮਨ ਦੇ ਆਖੇ ਚਲਦੇ ਹਨ। ਇਨ੍ਹਾਂ ਲਈ ਮਨਮੁਖ ਸ਼ਬਦ ਦੀ ਵਰਤੋਂ ਕੀਤੀ

ਗਈ ਹੈ। ਗੁਰੂ ਅਮਰਦਾਸ ਜੀ ਨੇ ਗੁਰਮੁਖ ਅਤੇ ਮਨਮੁਖ ਦੋਵਾਂ ਦੇ ਚਰਿਤਰਾਂ ਵਿਚ ਅੰਤਰ ਨੂੰ ਬੜੀ ਸਪਸ਼ਟਤਾ ਨਾਲ ਦਰਸਾਇਆ ਹੈ ਅਤੇ ਦੋਵਾਂ ਦੇ ਵੇਰਵੇ ਸਹਿਤ ਲੱਛਣ ਵਰਣਨ ਕੀਤੇ ਹਨ।

ਗੁਰਮੁਖ ਸਦਾ ਗੁਰੂ ਦੀ ਦਿੱਤੀ ਅੰਮ੍ਰਿਤ ਬਾਣੀ ਬੋਲਦੇ ਹਨ। ਉਹ ਸਭ ਦੇ ਅੰਦਰ ਪ੍ਰਮਾਤਮਾ ਦੀ ਹੋਂਦ ਸਮਝਦੇ ਹਨ। ਉਨ੍ਹਾਂ ਦੇ ਜੀਵਨ ਦਾ ਅਧਾਰ ਸੱਚ ਹੁੰਦਾ ਹੈ। ਉਹ ਆਪਣਾ ਜਨਮ ਸਵਾਰਦੇ ਹਨ, ਆਪਣੀ ਕੁੱਲ ਨੂੰ ਵੀ ਤਾਰਦੇ ਹਨ। ਗੁਰਮੁਖ ਪ੍ਰਮਾਤਮਾ ਨਾਲ ਮਿਲੇ ਹੋਣ ਕਰਕੇ ਕਦੇ ਬੁੱਢੇ ਨਹੀਂ ਹੁੰਦੇ। ਗੁਰੂ ਜੀ ਨੇ ਫੁਰਮਾਇਆ ਹੈ :

**ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ**
**ਸਭ ਆਤਮ ਰਾਮੁ ਪਛਾਣੀ ॥**
**ਏਕੋ ਸੇਵਨਿ ਏਕੁ ਅਰਾਧਹਿ**
**ਗੁਰਮੁਖਿ ਅਕਥ ਕਹਾਣੀ ॥ ੬ ॥**

(ਅੰਕ ੬੯)

**ਗੁਰਮੁਖਿ ਹਰਿ ਦਰਿ ਸੋਭਾ ਪਾਏ ॥**
**ਗੁਰਮੁਖਿ ਵਿਚਹੁ ਆਪੁ ਗਵਾਏ ॥**
**ਆਪਿ ਤਰੈ ਕੁਲ ਸਗਲੇ ਤਾਰੇ**
**ਗੁਰਮੁਖਿ ਜਨਮੁ ਸਵਾਰਣਿਆ ॥ ੩ ॥**

(ਅੰਕ ੧੨੫)

**ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥**
**ਗੁਰਮੁਖਿ ਸਚੁ ਕਮਾਵੈ ਕਰਣੀ ॥**
**ਸਦ ਹੀ ਸਚੁ ਕਹੈ ਦਿਨੁ ਰਾਤੀ**
**ਅਵਰਾ ਸਚੁ ਕਹਾਇਦਾ ॥ ੫ ॥**

(ਅੰਕ ੧੦੫੮)

**ਗੁਰਮੁਖਿ ਬੁਢੇ ਕਦੇ ਨਾਹੀ**
**ਜਿਨ੍ਹਾ ਅੰਤਰਿ ਸੁਰਤਿ ਗਿਆਨੁ ॥**
**ਸਦਾ ਸਦਾ ਹਰਿ ਗੁਣ ਰਵਹਿ**
**ਅੰਤਰਿ ਸਹਜ ਧਿਆਨੁ ॥**
**ਓਇ ਸਦਾ ਅਨੰਦਿ ਬਿਬੇਕ ਰਹਹਿ**
**ਦੁਖਿ ਸੁਖਿ ਏਕ ਸਮਾਨਿ ॥**
**ਤਿਨਾ ਨਦਰੀ ਇਕੋ ਆਇਆ**
**ਸਭੁ ਆਤਮ ਰਾਮੁ ਪਛਾਨੁ ॥ ੪੪ ॥**

(ਅੰਕ ੧੪੧੮)

ਮਨਮੁਖ ਦਾ ਕਿਰਦਾਰ ਗੁਰਮੁਖ ਤੋਂ ਬਿਲਕੁਲ ਉਲਟ ਹੁੰਦਾ ਹੈ। ਗੁਰਮੁਖ ਗੁਰੂ ਦੀ ਸ਼ਰਨ ਵਿਚ ਰਹਿੰਦਾ ਹੈ। ਮਨਮੁਖ ਗੁਰੂ ਤੋਂ ਬੇਮੁੱਖ ਹੁੰਦਾ ਹੈ। ਮਨਮੁਖ ਦੇ ਮਨ ਵਿਚ ਦੁਰਮਤਿ ਤੇ ਅਹੰਕਾਰ ਭਰਿਆ ਹੁੰਦਾ ਹੈ। ਉਹ ਸਦਾ ਕੂੜ ਕੁਸਤ ਨੂੰ ਹੀ ਮੁੱਖ ਰੱਖਦਾ ਹੈ, ਇਸ ਲਈ ਜੀਵਨ ਦੇ ਉਦੇਸ਼ ਨੂੰ ਭੁੱਲ ਕੇ ਕੁਰਾਹੇ ਭਟਕਦਾ ਰਹਿੰਦਾ ਹੈ। ਮਨਮੁਖ ਦੂਜਿਆਂ ਨੂੰ ਕੌੜਾ ਬੋਲਦਾ ਹੈ। ਮਨਮੁਖ ਬਹੁਤ ਕਠੋਰ ਚਿੱਤ ਹੁੰਦਾ ਹੈ, ਉਸ ਦਾ ਕੋਈ ਕਿੰਨਾ ਭਲਾ ਕਰੇ ਪਰ ਉਸ ਦੇ ਅੰਦਰੋਂ ਜ਼ਹਿਰ ਖਤਮ ਨਹੀਂ ਹੁੰਦੀ।

ਮਨਮੁਖ ਆਪਣੇ ਆਪ ਨੂੰ ਬਹੁਤ ਚੰਗਾ ਸਮਝਦਾ ਹੈ, ਗੱਲਾਂ ਬਹੁਤ ਕਰਦਾ ਹੈ, ਪਰ ਉਸ ਦੇ ਜੀਵਨ ਵਿਚ ਚੰਗਿਆਈ ਤੇ ਅਮਲ ਨਹੀਂ ਹੁੰਦਾ। ਮਨਮੁਖ ਨੂੰ ਬਾਣੀ ਦਾ ਗਿਆਨ ਨਹੀਂ ਹੁੰਦਾ ਤੇ ਨਾ ਉਸ ਨੂੰ ਗੁਰੂ ਦੇ ਬਚਨ 'ਤੇ ਵਿਸ਼ਵਾਸ ਹੁੰਦਾ ਹੈ। ਇਹਨਾਂ ਦੋਹਾਂ ਦੇ ਲੱਛਣਾਂ ਦੀ ਤੁਲਨਾ ਵਿਚ ਗੁਰੂ ਸਾਹਿਬ ਜੀ ਨੇ ਇਸ ਤਰ੍ਹਾਂ ਫੁਰਮਾਇਆ ਹੈ:

**ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥**
**ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥**
**ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ**
**ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥ ੭ ॥**

(ਅੰਕ ੧੩੧)

**ਮ: ੩ ॥**
**ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥**
**ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥**
**ਕੂੜੁ ਕੁਸਤੁ ਓਹੁ ਪਾਪ ਕਮਾਵੈ ॥**
**ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥**
**ਅੰਨਾ ਬੋਲਾ ਖੁਇ ਉਝੜਿ ਪਾਇ ॥**
**ਮਨਮੁਖੁ ਅੰਧਾ ਆਵੈ ਜਾਇ ॥**
**ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥**
**ਨਾਨਕ ਪੂਰਬਿ ਲਿਖਿਆ ਕਮਾਇ ॥੨॥**

(ਅੰਕ ੩੧੪)

**ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ**
**ਇਹੁ ਮਨਮੁਖ ਕਾ ਆਚਾਰੁ ॥**
**ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ**
**ਨਾਨਕ ਜਮੁ ਮਾਰਿ ਕਰੇ ਖੁਆਰ ॥ ੨ ॥**

(ਅੰਕ ੫੦੮)

**ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥**
**ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥ ੧੬ ॥**

(ਅੰਕ ੭੫੫)

**ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥**
**ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥**
**ਓਨਾ ਆਪਣੀ ਅੰਦਰਿ ਸੁਧਿ ਨਹੀ**
**ਗੁਰ ਬਚਨਿ ਨ ਕਰਹਿ ਵਿਸਾਸੁ ॥**
**ਗਿਆਨੀਆ ਅੰਦਰਿ ਗੁਰ ਸਬਦੁ ਹੈ**
**ਨਿਤ ਹਰਿ ਲਿਵ ਸਦਾ ਵਿਗਾਸੁ ॥**

**ਹਰਿ ਗਿਆਨੀਆ ਕੀ ਰਖਦਾ**
**ਹਉ ਸਦ ਬਲਿਹਾਰੀ ਤਾਸੁ ॥**
**ਗੁਰਮੁਖਿ ਜੋ ਹਰਿ ਸੇਵਦੇ**
**ਜਨ ਨਾਨਕੁ ਤਾ ਕਾ ਦਾਸੁ ॥ ੨੧ ॥**

**(ਅੰਕ ੧੪੧੫)**

ਮਨੁੱਖ ਦਾ ਰਿਸਤਾ ਪ੍ਰਮਾਤਮਾ ਨਾਲ ਜੋੜਨ ਲਈ ਗੁਰਬਾਣੀ ਵਿਚ ਸ਼ਬਦ ਗੁਰੂ ਦੇ ਮਹੱਤਵ ਨੂੰ ਪ੍ਰਗਟ ਕੀਤਾ ਗਿਆ ਹੈ। ਗੁਰਬਾਣੀ ਵਿਚ ਥਾਂ-ਥਾਂ ਸਿੱਖਾਂ ਨੂੰ ਸ਼ਬਦ ਨਾਲ ਹੀ ਜੁੜਨ ਦਾ ਉਪਦੇਸ਼ ਕੀਤਾ ਗਿਆ ਹੈ। ਅੱਜ ਵਾਂਗ ਉਸ ਸਮੇਂ ਵੀ ਕਈ ਦੰਭੀ ਲੋਕ ਵਡਿਆਈ ਕਰਵਾਉਣ ਲਈ ਆਪਣੇ ਆਪ ਨੂੰ ਗੁਰੂ ਸਦਾਉਂਦੇ ਸਨ। ਉਨ੍ਹਾਂ ਦੇ ਚੇਲੇ ਵੀ ਲੋਕਾਂ ਨੂੰ ਭਰਮਾਉਣ ਲਈ ਗੁਰੂ ਦੀ ਵਡਿਆਈ ਬਾਰੇ ਕੂੜ ਕਹਾਣੀਆਂ ਜੋੜ-ਜੋੜ ਕੇ ਲੋਕਾਂ ਨੂੰ ਸੁਣਾਉਂਦੇ ਸਨ।

ਅੱਜ ਵੀ ਕਈ ਅਜਿਹੇ ਡੇਰੇਦਾਰ ਹਨ, ਜੋ ਸਿੱਖ ਇਤਿਹਾਸ ਨੂੰ ਵਿਗਾੜ ਕੇ ਆਪਣੇ ਆਪ ਨੂੰ ਗੁਰੂ ਸਿੱਧ ਕਰਨ ਦਾ ਯਤਨ ਕਰਦੇ ਹਨ। ਅਜਿਹੇ ਗੁਰੂਆਂ ਦੇ ਚੇਲੇ ਥੋੜਾ ਬਹੁਤ ਧਨ ਦੇ ਬਦਲੇ ਉਨ੍ਹਾਂ ਦਾ ਝੂਠਾ ਪ੍ਰਚਾਰ ਕਰਦੇ ਰਹਿੰਦੇ ਹਨ।

ਅਜਿਹੇ ਦੰਭੀ ਗੁਰੂ ਤੇ ਉਨ੍ਹਾਂ ਦੇ ਸਿੱਖ ਗਿਆਨ ਹੀਣ ਹੁੰਦੇ ਹਨ। ਉਹ ਅਕਾਲ ਪੁਰਖ ਦੇ ਹੁਕਮ ਅੱਗੇ ਸਿਰ ਝੁਕਾਉਣ ਦੀ ਥਾਂ ਆਪਣੀ ਭੁੱਖ ਪੂਰੀ ਕਰਨ ਲਈ ਪਾਖੰਡ ਕਰਦੇ ਹਨ ਤੇ ਝੂਠ ਤੇ ਝੂਠ ਬੋਲਦੇ ਰਹਿੰਦੇ ਹਨ। ਗੁਰੂ ਸਾਹਿਬ ਜੀ ਨੇ ਅਜਿਹੇ ਗੁਰੂਆਂ ਤੇ ਸਿੱਖਾਂ ਦੀ ਸਖਤ ਨਿਖੇਧੀ ਕਰਦੇ ਹੋਏ ਫੁਰਮਾਇਆ ਹੈ :

**ਮ: ੩ ॥**
**ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥**
**ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥**
**ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ ॥**
**ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ ॥**
**ਨਾਨਕ ਜਿਤੁ ਓਇ ਲਾਏ ਤਿਤੁ ਲਗੇ**
**ਉਇ ਬਪੁੜੇ ਕਿਆ ਕਰੇਨਿ ॥ ੨ ॥**

**(ਅੰਕ ੯੫੧)**

ਗੁਰੂ ਸਾਹਿਬਾਨ ਨੇ ਮਨੁੱਖ ਨੂੰ ਨਿਰੋਲ ਸੱਚ ਦਾ ਗਿਆਨ ਦ੍ਰਿੜ੍ਹ ਕਰਵਾਇਆ ਹੈ। ਗੁਰਮਤਿ ਅਨੁਸਾਰ ਗੁਰ-ਪਰਮੇਸਰ ਮਨੁੱਖ ਦੇ ਮਨ ਵਿਚ ਹੀ ਵਸਦਾ ਹੈ। ਉਸ ਦੀ ਪ੍ਰਾਪਤੀ ਲਈ ਬਾਹਰ ਭਟਕਣ ਦੀ ਜਾਂ ਪਾਖੰਡੀ ਲੋਕਾਂ ਦੀ ਮੁਹਤਾਜੀ ਕਰਨ ਦੀ ਲੋੜ ਨਹੀਂ।

ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ ਕਿ ਸਭ ਦਾ ਮੂਲ ਪ੍ਰਮਾਤਮਾ ਹੈ ਮਨ ਆਪਣੇ ਮੂਲ ਨੂੰ ਪਛਾਣ ਕੇ ਹੀ ਪ੍ਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ। ਬਾਹਰੀ ਜਗਤ ਵਿਚ ਭਾਲ ਕਰਨ ਦੀ ਥਾਂ ਮਨੁੱਖ ਨੂੰ ਆਪਣੇ ਅੰਦਰ ਝਾਤੀ ਮਾਰਨੀ ਤੇ ਸੁਰਤ ਟਿਕਾਉਣੀ ਚਾਹੀਦੀ ਹੈ। ਹਰੀ-ਪ੍ਰਭੂ ਸਦਾ ਹੀ ਮਨ ਦੇ ਨਾਲ-ਨਾਲ ਹੁੰਦਾ ਹੈ, ਮਨੁੱਖ ਉਸਦੀ ਹੋਂਦ ਦਾ ਅਨੰਦ ਆਪਣੇ ਅੰਦਰ ਹੀ ਮਾਣ ਸਕਦਾ ਹੈ। ਗੁਰੂ ਜੀ ਨੇ ਇਸ ਮਹਾਂਵਾਕ ਰਾਹੀਂ ਇਹ ਸੋਝੀ ਦਿੱਤੀ ਹੈ :

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**
**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥**
**ਮੂਲੁ ਪਛਾਣਹਿ ਤਾਂ ਸਹੁ ਜਾਣਹਿ**
**ਮਰਣ ਜੀਵਣ ਕੀ ਸੋਝੀ ਹੋਈ ॥**
**ਗੁਰ ਪਰਸਾਦੀ ਏਕੋ ਜਾਣਹਿ**
**ਤਾਂ ਦੂਜਾ ਭਾਉ ਨ ਹੋਈ ॥**
**ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥**
**ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ**
**ਅਪਣਾ ਮੂਲੁ ਪਛਾਣੁ ॥ ੫ ॥**

**(ਅੰਕ ੪੪੧)**

ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਕੇ ਲੰਗਰ ਦੀ ਪ੍ਰਥਾ ਨੂੰ ਹੋਰ ਮਜ਼ਬੂਤ ਕੀਤਾ। ਉਨ੍ਹਾਂ ਨੇ 'ਪਹਿਲੇ ਪੰਗਤ ਪਾਛੇ ਸੰਗਤ' ਦੀ ਮਰਿਆਦਾ ਸਥਾਪਿਤ ਕੀਤੀ। ਗੁਰੂ ਜੀ ਦੇ ਦਰਸ਼ਨਾਂ ਲਈ ਆਉਣ ਵਾਲੇ ਹਰ ਵਿਅਕਤੀ ਨੂੰ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛੱਕਣਾ ਪੈਂਦਾ ਸੀ। ਗੁਰੂ ਜੀ ਦਾ ਆਸ਼ਾ ਸਭ ਨੂੰ ਇਕ ਪੰਗਤ ਵਿਚ ਲੰਗਰ ਛਕਾ ਕੇ ਜਾਤ-ਪਾਤ ਅਤੇ ਛੂਤ-ਛਾਤ ਦੀ ਭਾਵਨਾ ਸੰਗਤ ਵਿਚੋਂ ਖਤਮ ਕਰਨਾ ਸੀ। ਗੁਰੂ ਜੀ ਨੇ ਗੋਇੰਦਵਾਲ ਵਿਖੇ ਬਾਉਲੀ ਤਿਆਰ ਕਰਵਾਈ। ਇਸ ਵਿਚ ਇਸ਼ਨਾਨ ਕਰਨ ਦੀ ਸਭ ਨੂੰ ਖੁਲ੍ਹ ਸੀ। ਇਸ ਤਰ੍ਹਾਂ ਗੁਰੂ ਜੀ ਨੇ ਮਨੁੱਖੀ ਏਕਤਾ ਤੇ ਭਾਈਚਾਰੇ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ।

ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦਾ ਬਚਨ ਮੰਨ ਕੇ ਹੀ ਨਵਾਂ ਨਗਰ ਅੰਮ੍ਰਿਤਸਰ ਵਸਾਇਆ ਸੀ। ਇਹ ਅਸਥਾਨ ਅੱਜ ਸਿੱਖ ਧਰਮ ਦਾ ਮੁੱਖ ਕੇਂਦਰ ਹੈ। ਗੁਰੂ ਸਾਹਿਬ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਚੋਣਵੇਂ ਸਿੱਖਾਂ ਨੂੰ ਵੀ ਜ਼ਿੰਮੇਵਾਰੀ ਦਿੱਤੀ। ਉਨ੍ਹਾਂ ਨੇ ਦੂਰ ਦੁਰਾਡੇ ਇਲਾਕਿਆਂ ਵਿਚ ਸਿੱਖੀ ਦਾ ਪ੍ਰਸਾਰ ਤੇ ਪ੍ਰਚਾਰ ਕਰਨ ਹਿੱਤ 22 ਮੰਜੀਆਂ ਸਥਾਪਿਤ ਕੀਤੀਆਂ।

ਗੁਰੂ ਜੀ ਨੇ ਆਪਣੇ ਦੋ ਪੁੱਤਰਾਂ ਮੋਹਨ ਅਤੇ ਮੋਹਰੀ ਜੀ ਦੀ ਥਾਂ ਆਪਣੇ ਦਾਮਾਦ (ਬੀਬੀ ਭਾਨੀ ਦੇ ਪਤੀ) ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। ਉਨ੍ਹਾਂ ਨੂੰ ਇਹ ਬਖਸ਼ਿਸ਼ (ਦਾਮਾਦ ਹੋਣ ਕਰਕੇ ਨਹੀਂ, ਸਗੋਂ) ਉਨ੍ਹਾਂ ਦੀ ਸੇਵਾ ਤੇ ਸਿਮਰਨ ਤੋਂ ਸੰਤੁਸ਼ਟ ਹੋ ਕੇ ਕੀਤੀ।

- ਪ੍ਰੋ. ਕਿਰਪਾਲ ਸਿੰਘ ਬਡੂੰਗਰ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ



# ਸ੍ਰੀ ਗੁਰੂ ਅਮਰਦਾਸ ਜੀ

ਗੁਰੂ ਨਾਨਕ ਦੇਵ ਜੀ ਦੀ ਤੀਜੀ ਜੋਤ ਗੁਰੂ ਅਮਰਦਾਸ ਜੀ ਸਨ, ਜਿਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਦੀ ਬਖ਼ਸ਼ਿਸ਼ ਕੀਤੀ। ਇਸ ਤੋਂ ਪਹਿਲੋਂ ਹੀ ਉਹਨਾਂ ਦਾ ਸਿਮਰਨ, ਸੇਵਾ ਤੇ ਗੁਰਮਤਿ ਗਿਆਨ ਨੂੰ ਵੇਖ ਕੇ ਗੁਰੂ ਅੰਗਦ ਦੇਵ ਜੀ ਨੇ ਇੱਕ ਮੌਕੇ 'ਤੇ ਫੁਰਮਾਇਆ ਸੀ ਕਿ ਇਹ 'ਨਿਥਾਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਤੇ ਨਿਮਾਣਿਆਂ ਦਾ ਮਾਣ ਹਨ।' ਦਸ ਗੁਰੂ ਸਾਹਿਬਾਨ ਵਿੱਚੋਂ ਸਭ ਤੋਂ ਵੱਡੀ ਉਮਰ ਦੇ ਸਤਿਗੁਰੂ, ਗੁਰੂ ਅਮਰਦਾਸ ਜੀ ਹੋਏ ਹਨ।

(ਗੁਰੂ) ਅਮਰਦਾਸ ਜੀ ਦਾ ਪ੍ਰਕਾਸ਼ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਬਾਬਾ ਤੇਜ ਭਾਨ ਭੱਲਾ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਘਰ ਸੰਨ 1479 ਈਸਵੀ ਵਿੱਚ ਹੋਇਆ। ਇਹ ਪਿੰਡ ਬਾਸਰਕੇ ਅੰਮ੍ਰਿਤਸਰ ਤੋਂ ਪੰਜ ਕੁ ਮੀਲ ਤੇ ਛੇਹਰਟੇ ਤੋਂ ਦੱਖਣ ਵੱਲ ਤਿੰਨ ਮੀਲ ਦੀ ਦੂਰੀ 'ਤੇ ਹੈ। ਬਾਬਾ ਤੇਜ ਭਾਨ ਜੀ ਕੁੱਝ ਜ਼ਮੀਨ ਦੇ ਮਾਲਕ ਸਨ, ਜਿੱਥੇ ਖੇਤੀਬਾੜੀ ਕਰਾਉਂਦੇ ਸਨ ਤੇ ਉਥੇ ਨਾਲ ਹੀ ਉਹ ਵਣਜ ਵਪਾਰ ਵਿੱਚ ਬੜੇ ਸਫਲ ਕਾਰੋਬਾਰੀ ਸਨ। ਉਹਨਾਂ ਦੇ ਪੰਜ ਸਪੁੱਤਰਾਂ ਵਿੱਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਆਪਣੇ ਪਿਤਾ ਦੇ ਕਾਰ-ਵਿਹਾਰ ਵਿੱਚ ਪੂਰਾ ਹੱਥ ਵਟਾਉਂਦੇ ਰਹੇ। 1503 ਈਸਵੀ ਵਿੱਚ (ਗੁਰੂ) ਅਮਰਦਾਸ ਜੀ ਦਾ ਵਿਆਹ ਸਨਖਤ੍ਰ ਦੇ ਦੇਵੀ ਚੰਦ ਬਹਿਲ ਦੀ ਸੁਘੜ ਸਪੁੱਤਰੀ ਰਾਮ ਕੌਰ (ਮਨਸਾ ਦੇਵੀ) ਨਾਲ ਹੋਇਆ। ਇਹ ਸਨਖਤ੍ਰਾ ਨਗਰ ਬਾਸਰਕੇ ਤੋਂ 50-55 ਮੀਲ ਦੀ ਦੂਰੀ 'ਤੇ ਰਾਵੀ ਪਾਰ ਕਰਕੇ ਹੈ। ਉਦੋਂ ਬਾਸਰਕੇ ਤੋਂ ਸਨਖਤ੍ਰੇ ਜਾਣ ਲਈ ਰਸਤੇ ਵਿੱਚ ਅੰਮ੍ਰਿਤਸਰ ਸ਼ਹਿਰ ਨਹੀਂ ਸੀ। ਰਮਦਾਸ ਦੇ ਪੱਤਣ ਦਾ ਲਾਂਘਾ ਹੁੰਦਾ ਹੋਵੇਗਾ। ਗ੍ਰਿਹਸਥੀ ਜੀਵਨ ਵਿੱਚ ਇਹਨਾਂ ਦੇ ਘਰ ਦੋ ਸਪੁੱਤਰ ਬਾਬਾ ਮੋਹਨ ਜੀ, ਮੋਹਰੀ ਜੀ ਤੇ ਦੋ ਸਪੁੱਤਰੀਆਂ ਬੀਬੀ (ਨਿਧਾਨੀ) ਦਾਨੀ ਜੀ ਤੇ ਬੀਬੀ ਭਾਨੀ ਜੀ ਹੋਏ। ਬੀਬੀ ਭਾਨੀ ਜੀ ਦਾ ਵਿਆਹ (ਗੁਰੂ) ਰਾਮਦਾਸ ਜੀ ਨਾਲ ਹੋਇਆ, ਜੋ ਆਪਣੀ ਘਾਲ ਕਮਾਈ ਸਦਕਾ ਗੁਰੂ

ਨਾਨਕ ਦੇਵ ਜੀ ਦੀ ਚੌਥੀ ਜੋਤ ਬਣੇ।

ਸਫਲ ਪਰਿਵਾਰਕ ਜੀਵਨ ਪਿੱਛੋਂ ਆਪ ਵਧੇਰੇ ਤੀਬਰਤਾ ਨਾਲ ਭਗਤੀ ਤੇ ਧਰਮ ਕਰਮ ਵੱਲ ਪਰਵਿਰਤ ਹੋਏ। ਆਪ ਨੇ ਵਿਸ਼ੇਸ਼ ਤੌਰ 'ਤੇ ਗੰਗਾ ਦੀ ਯਾਤਰਾ ਨੂੰ ਆਪਣਾ ਵਾਰਸ਼ਿਕ ਨੇਮ ਬਣਾਇਆ ਹੋਇਆ ਸੀ। ਆਪ 6 ਮਹੀਨੇ ਘਰ ਰਹਿੰਦੇ ਤੇ 6 ਮਹੀਨੇ ਯਾਤਰਾ 'ਤੇ ਰਹਿੰਦੇ। ਘਰ ਰਹਿੰਦੇ ਤਾਂ ਆਪਣੇ ਪਿਤਰੀ ਕਾਰ-ਵਿਹਾਰ ਵਿੱਚ ਖੁਭੇ ਰਹਿੰਦੇ ਸਨ, ਪਰ ਉਹਨਾਂ ਦੀ ਧਾਰਮਿਕ ਰੁਚੀ ਤੇ ਧਰਮ-ਕਰਮ ਵਿੱਚ ਕੋਈ ਰੁਕਾਵਟ ਨਹੀਂ ਸੀ। ਇੱਕ ਵਾਰ ਇੱਕ ਯਾਤਰਾ ਸਮੇਂ ਇੱਕ ਪਿੰਡ ਮਿਹੜਾ ਵਿੱਚ ਬ੍ਰਾਹਮਣ ਦੁਰਗਾ ਦੱਤ ਨੇ ਆਪ ਦੇ ਚਰਨਾਂ ਵਿੱਚ ਪਦਮ ਰੇਖਾ ਦੇਖ ਕੇ ਅਨੁਮਾਨ ਲਾਇਆ ਕਿ ਆਪ ਨੇ ਰਾਜਾ ਹੋਣਾ ਹੈ ਜਾਂ ਜਗਤ ਗੁਰੂ।

ਦੂਜੀ ਘਟਨਾ ਵਿੱਚ ਇੱਕ ਬ੍ਰਹਮਚਾਰੀ ਗੰਗਾ ਯਾਤਰੀ ਆਪ ਦਾ ਮਿੱਤਰ ਬਣ ਗਿਆ ਤੇ (ਗੁਰੂ) ਅਮਰਦਾਸ ਜੀ ਨਾਲ ਇਹਨਾਂ ਦੇ ਪਿੰਡ ਬਾਸਰਕੇ ਆ ਗਿਆ। ਇੱਕ ਦਿਨ ਉਸਨੇ ਪੁੱਛਿਆ-''ਤੁਹਾਡਾ ਗੁਰੂ ਕੌਣ ਹੈ?'' (ਗੁਰੂ) ਅਮਰਦਾਸ ਜੀ ਉੱਤਰ ਦਿੱਤਾ-''ਕਿ ਮੈਂ ਖੋਜ ਕਰ ਰਿਹਾ ਹਾਂ, ਪਰ ਪੂਰਾ ਗੁਰੂ ਅਜੇ ਮਿਲਿਆ ਨਹੀਂ।'' ਇਹ ਸੁਣਨ ਪਿੱਛੋਂ ਉਹ ਬ੍ਰਹਮਚਾਰੀ ਆਪ ਜੀ ਦੇ ਘਰੋਂ ਨਿਰਾਸ਼ ਚਲਾ ਗਿਆ। ਸ੍ਰੀ (ਗੁਰੂ) ਅਮਰਦਾਸ ਜੀ ਨੂੰ ਇਸ ਘਟਨਾ ਨੇ ਝੰਜੋੜ ਦਿੱਤਾ। ਉਹਨਾਂ ਨੂੰ ਇੰਝ ਲੱਗਾ ਕਿ ਹੁਣ ਤੱਕ ਉਹ ਦਿਸ਼ਾ ਤੋਂ ਬਗੈਰ ਸਫ਼ਰ ਕਰਦੇ ਰਹੇ ਹਨ। ਬ੍ਰਹਮਚਾਰੀ ਦੇ ਬੋਲਾਂ ਨਾਲ ਗੁਰੂ ਜੀ ਨੂੰ 21 ਸਾਲ ਅਜਾਈਂ ਜਾਣ ਦਾ ਅਹਿਸਾਸ ਹੋਇਆ ਹੋਵੇਗਾ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ, ਸ੍ਰੀ (ਗੁਰੂ) ਅਮਰਦਾਸ ਜੀ ਦੇ ਭਤੀਜੇ ਨਾਲ ਵਿਆਹੀ ਹੋਈ ਸੀ। ਉਹ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪਾਠ ਕਰਦੇ ਹੁੰਦੇ ਸਨ। ਇੱਕ ਦਿਨ ਸਵੇਰੇ ਉੱਠ ਕੇ ਉਨ੍ਹਾਂ ਨੇ ਦੁੱਧ ਰਿੜਕਣਾ ਪਾਇਆ ਤੇ ਅੰਮ੍ਰਿਤ ਬਾਣੀ ਦਾ ਪਾਠ ਕਰਨ ਲੱਗ ਪਏ। (ਗੁਰੂ) ਅਮਰਦਾਸ ਜੀ ਨੂੰ ਬਾਣੀ ਸੁਣ ਕੇ ਅੰਦਰ ਖਿੱਚ ਪਈ ਤੇ ਇਸ ਧੂਹ ਕਾਰਨ ਆਪ ਨੇ ਉਹਨਾਂ ਕੋਲ ਆ ਕੇ ਪੁੱਛਿਆ-''ਇਹ ਸ਼ਬਦ ਕਿਸ ਦਾ ਉਚਾਰਿਆ ਹੈ?'' ਤਾਂ ਬੀਬੀ ਅਮਰੋ ਨੇ ਉੱਤਰ ਦਿੱਤਾ ਕਿ ''ਗੁਰੂ ਨਾਨਕ ਦੇਵ ਜੀ ਦਾ, ਜੋ ਜੋਤੀ ਜੋਤ ਸਮਾ ਗਏ ਹਨ ਅਤੇ ਮੇਰੇ ਪਿਤਾ ਗੁਰੂ ਅੰਗਦ ਦੇਵ ਜੀ ਉਹਨਾਂ ਦੀ ਗੱਦੀ 'ਤੇ ਬਿਰਾਜਮਾਨ ਹਨ।'' ਇਹ ਸੁਣ ਕੇ (ਗੁਰੂ) ਅਮਰਦਾਸ ਜੀ ਨੇ ਬੀਬੀ ਅਮਰੋ ਜੋ ਉਹਨਾਂ ਦੀ ਨੂੰਹ ਲੱਗਦੀ ਸੀ, ਨੂੰ ਕਿਹਾ-''ਮੈਨੂੰ ਆਪਣੇ ਪਿਤਾ ਜੀ ਪਾਸ ਲੈ ਚੱਲੋ।'' ਇਉਂ ਬੀਬੀ ਅਮਰੋ ਰਾਹੀਂ ਉਹ ਖਡੂਰ ਸਾਹਿਬ ਆ ਗਏ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਦਿਆਂ ਹੀ ਉਹਨਾਂ ਦਾ ਹਿਰਦਾ ਸ਼ਾਂਤ ਹੋ ਗਿਆ ਕਿ ਹੁਣ ਮੈਨੂੰ ਪੂਰਾ ਗੁਰੂ ਮਿਲ ਗਿਆ ਹੈ।

ਇਸ ਮਿਲਣੀ ਦਾ ਇਹ ਪ੍ਰਭਾਵ ਪਿਆ ਸੀ ਕਿ ਸ੍ਰੀ (ਗੁਰੂ) ਅਮਰਦਾਸ ਜੀ ਨੇ ਵੈਸ਼ਨਵੀ ਕਰਮਕਾਂਡੀ ਸੁਭਾਅ ਨੂੰ ਤਿਆਗ ਕੇ ਪੰਗਤ ਵਿੱਚ ਬੈਠ ਕੇ ਸੰਗਤ ਦੇ ਨਾਲ ਲੰਗਰ ਛੱਕਿਆ। ਇਥੇ ਖਡੂਰ ਸਾਹਿਬ ਵਿੱਚ ਹੀ ਰਹਿਣ ਲੱਗ ਪਏ। ਆਪ ਗੁਰੂ ਸੇਵਾ ਤੇ ਪ੍ਰਭੂ ਸਿਮਰਨ ਦੇ ਮਾਰਗ ਵਿੱਚ ਆ ਗਏ। ਪੂਰੇ 12 ਸਾਲ ਆਪ ਨੇ ਬਿਆਸਾ ਤੋਂ ਪਾਣੀ ਭਰ ਕੇ ਲਿਆਉਣ ਦੀ ਕਰੜੀ ਸੇਵਾ ਕੀਤੀ। ਆਪ ਰੋਜ਼ ਬਿਆਸਾ ਤੋਂ ਪਾਣੀ ਦੀ ਗਾਗਰ ਲਿਆ ਕੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾ ਕੇ ਉਹਨਾਂ ਦੇ ਕੱਪੜੇ ਧੋ ਕੇ ਸੁਕਾਉਂਦੇ ਸਨ। ਉਹ ਘੱਟ ਬੋਲਦੇ, ਘੱਟ ਸੌਂਦੇ ਤੇ ਘੱਟ ਖਾਂਦੇ ਸਨ। ਘਰ-ਬਾਰ ਦੀ ਸੁਰਤ ਭੁਲਾ ਦਿੱਤੀ, ਕਟੁੰਬ ਦਾ ਮੋਹ ਤਿਆਗ ਦਿੱਤਾ। ਆਪ ਸਦਾ ਗੁਰੂ ਚਰਨਾਂ ਵਿੱਚ ਧਿਆਨ ਟਿਕਾਈ ਰੱਖਦੇ।

ਫਿਰ ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਅਨੁਸਾਰ ਆਪ ਗੋਇੰਦਵਾਲ ਜਾ ਕੇ ਰਹਿਣ ਲੱਗ ਪਏ। ਉਥੇ ਆਪ ਦਾ ਪਰਿਵਾਰ ਤੇ ਹੋਰ ਕਈ ਨਿਕਟ ਸੰਬੰਧੀ ਵੀ ਆ ਟਿਕੇ। ਉਥੇ ਕਈ ਸਾਲ ਰੋਜ਼ਾਨਾ ਸਵੇਰੇ ਪਾਣੀ ਦੀ ਗਾਗਰ ਲੈ ਕੇ ਖਡੂਰ ਸਾਹਿਬ ਆਉਂਦੇ ਤੇ ਸਾਰਾ ਦਿਨ ਸੇਵਾ ਕਰਕੇ ਸ਼ਾਮ ਨੂੰ ਵਾਪਸ ਗੋਇੰਦਵਾਲ ਚਲੇ ਜਾਂਦੇ। ਇਨ੍ਹਾਂ ਦਿਨਾਂ ਵਿੱਚ ਹੀ ਇੱਕ ਦਿਨ ਜੁਲਾਹਿਆਂ ਦੀ ਖੱਡੀ ਨਾਲ ਟਕਰਾ ਕੇ ਡਿੱਗਣ ਦੀ ਘਟਨਾ ਵਾਪਰੀ, ਜਿਸ ਪਿੱਛੋਂ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਸ੍ਰੀ ਅਮਰਦਾਸ ਜੀ ਨੂੰ ਦੇਣ ਦਾ ਫੈਸਲਾ ਕਰਕੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਪ੍ਰਦੱਖਣਾ ਕਰਕੇ ਮੱਥਾ ਟੇਕਿਆ। ਸਰਬੱਤ ਸੰਗਤ ਨੇ ਗੁਰੂ ਅਮਰਦਾਸ ਜੀ ਨੂੰ ਸੀਸ ਨਿਵਾਇਆ।

ਗੁਰੂ ਅੰਗਦ ਦੇਵ ਜੀ ਨੂੰ ਪਤਾ ਸੀ ਕਿ ਸ੍ਰੀ ਅਮਰਦਾਸ ਜੀ ਹੀ ਆਪ ਦੀ ਗੱਦੀ ਦੇ ਵਾਰਸ ਹਨ, ਪਰ ਹੋਰ ਕਿਸੇ ਨੂੰ ਇਸ ਗੱਲ ਦਾ ਚੇਤਾ ਵੀ ਨਹੀਂ ਸੀ ਹੋ ਸਕਦਾ ਕਿ ਇਤਨੇ ਨਿਮਾਣੇ ਅਤੇ ਅਜਿਹੀ ਬਿਰਧ ਅਵੱਸਥਾ ਦੇ ਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਹੋ ਸਕਣਗੇ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਦਾਤੂ ਤੇ ਦਾਸੂ ਜੀ ਗੁਰਗੱਦੀ ਦੀ ਪ੍ਰਾਪਤੀ ਦੀ ਪੂਰੀ ਆਸ ਲਾਈ ਬੈਠੇ ਸਨ। ਇਸੇ ਹੀ ਈਰਖਾ ਤੋਂ ਬਚਾਉਣ ਲਈ ਗੁਰੂ ਅੰਗਦ ਦੇਵ ਜੀ ਨੇ ਪਹਿਲਾਂ ਹੀ ਸ੍ਰੀ ਅਮਰਦਾਸ ਜੀ ਨੂੰ ਗੋਇੰਦਵਾਲ ਭੇਜ ਦਿੱਤਾ ਸੀ। ਇਉਂ ਗੁਰੂ ਅੰਗਦ ਦੇਵ ਜੀ ਵਿੱਚ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਪ੍ਰਵੇਸ਼ ਹੋਈ ਸੀ, ਉਹ 1552 ਈਸਵੀ ਵਿੱਚ ਗੁਰੂ ਅਮਰਦਾਸ ਜੀ ਵਿੱਚ ਪ੍ਰਵੇਸ਼ ਹੋ ਗਈ।

ਸਾਰੇ ਪ੍ਰਾਚੀਨ ਗ੍ਰੰਥਾਂ ਅਨੁਸਾਰ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੇ ਚਲਾਏ ਗਾਡੀ ਰਾਹ ਨੂੰ ਵਧੇਰੇ ਪੱਧਰਾ, ਸਾਫ, ਸੌਖਾ ਤੇ ਚੌੜਾ ਕਰਨ ਦਾ ਯਤਨ ਕੀਤਾ। ਗੁਰੂ ਅਮਰਦਾਸ ਜੀ ਨੇ ਆਪਣੇ ਜੀਵਨ ਕਰਤੱਵ ਤੇ ਬਾਣੀ ਦੁਆਰਾ ਗੁਰਮਤਿ ਦੇ ਸਿਧਾਂਤ ਨੂੰ ਵਧੇਰੇ ਸਪੱਸ਼ਟ ਕੀਤਾ ਤੇ ਸਰਲ ਬਣਾਇਆ।

ਸਿੱਖ ਸੰਗਤ, ਸਮਾਜ ਤੇ ਭਾਈਚਾਰੇ ਲਈ ਉਹ ਪੂਰਨੇ ਪਾਏ, ਜੋ ਆਉਣ ਵਾਲੀਆਂ ਪੁਸ਼ਤਾਂ ਲਈ ਚਾਨਣ ਮੁਨਾਰਾ ਬਣ ਗਏ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਭ ਤੋਂ ਪਹਿਲਾਂ ਸਾਲ ਵਿੱਚ ਦੋ ਵਾਰ ਗੁਰੂ ਨਾਨਕ ਦੇਵ ਜੀ ਦੀ ਨਾਮ ਲੇਵਾ ਸਿੱਖ ਸੰਗਤ ਦੇ ਇਕੱਠ ਗੋਇੰਦਵਾਲ ਵਿੱਚ ਕਰਨੇ ਸ਼ੁਰੂ ਕੀਤੇ। ਵਿਸਾਖੀ ਅਤੇ ਦੀਵਾਲੀ 'ਤੇ ਸੰਗਤਾਂ ਗੋਇੰਦਵਾਲ ਵੱਡੀ ਗਿਣਤੀ ਵਿੱਚ ਜੁੜਦੀਆਂ, ਇਉਂ ਸਿੱਖ ਸੰਗਤਾਂ ਦੀ ਜੱਥੇਬੰਦੀ ਭਾਈਚਾਰਕ ਸਾਂਝ ਮਜ਼ਬੂਤ ਹੋਣ ਲੱਗ ਪਈ। ਗੁਰੂ ਅਮਰਦਾਸ ਜੀ ਗੁਰਮਤਿ ਪ੍ਰਚਾਰ ਲਈ ਕਈ ਅਸਥਾਨਾਂ 'ਤੇ ਗਏ। ਗੁਰੂ ਜੀ ਦਾ ਮਨੋਰਥ ਗੁਰਮਤਿ ਦਾ ਨਿਗਰ ਪ੍ਰਭਾਵ ਪਾਉਣ ਤੇ ਜਗਤ-ਜਲੰਦੇ ਨੂੰ ਅਸਲੀ ਜੀਵਨ ਮਾਰਗ ਸਮਝਾਉਣ ਦਾ ਸੀ। ਗੁਰੂ ਅਮਰਦਾਸ ਜੀ ਸੰਗਤਾਂ ਸਮੇਤ ਗੰਗਾ, ਜਮਨਾ ਤੇ ਕੁਰਕਸ਼ੇਤਰ ਤੀਰਥਾਂ 'ਤੇ ਜਗਤ ਦੇ ਉਧਾਰ ਲਈ ਵੀ ਗਏ।

ਮੁਗਲ ਰਾਜ ਸਮੇਂ ਹਿੰਦੂਆਂ ਨੂੰ ਤੀਰਥ ਯਾਤਰਾ ਲਈ ਟੈਕਸ ਦੇਣਾ ਪੈਂਦਾ ਸੀ। ਗੁਰੂ ਅਮਰਦਾਸ ਜੀ ਦੇ ਵਿਅਕਤਿਤਵ ਤੋਂ ਅਕਬਰ ਬਾਦਸ਼ਾਹ ਬੇਹੱਦ ਪ੍ਰਭਾਵਤ ਹੋਇਆ ਤਾਂ ਉਸਨੇ ਗੁਰੂ ਅਮਰਦਾਸ ਜੀ ਦੇ ਕਹਿਣ 'ਤੇ ਕਾਲ ਦਾ ਸ਼ਿਕਾਰ ਹੋ ਰਹੇ ਕਿਸਾਨਾਂ ਨੂੰ ਟੈਕਸ ਤੋਂ ਛੋਟ ਦੇ ਦਿੱਤੀ। ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ, ਗੁਰੂ ਅਮਰਦਾਸ ਜੀ ਨੇ ਇਸ ਇਲਾਕੇ ਦੇ ਮਾਲਕ ਗੋਂਦੇ ਦੀ ਬੇਨਤੀ 'ਤੇ ਗੋਇੰਦਵਾਲ ਨਗਰ ਆਬਾਦ ਕੀਤਾ। ਗੁਰੂ ਅਮਰਦਾਸ ਜੀ ਦਾ ਇਥੇ ਨਿਵਾਸ ਹੋਣ ਕਾਰਨ ਇਹ ਸਿੱਖੀ ਦਾ ਉਸ ਵੇਲੇ ਪ੍ਰਮੁੱਖ ਕੇਂਦਰ ਬਣ ਗਿਆ।

ਗੋਇੰਦਵਾਲ ਵਿੱਚ 84 ਪਉੜੀਆਂ ਵਾਲੀ ਬਾਉਲੀ ਗੁਰੂ ਅਮਰਦਾਸ ਜੀ ਨੇ ਬਣਾਈ। ਇਸ ਦਾ ਟੱਕ ਬਾਬਾ ਬੁੱਢਾ ਜੀ ਨੇ ਲਾਇਆ। ਦੂਜੀ ਮਹੱਤਵਪੂਰਨ ਉਸਾਰੀ ਅੰਮ੍ਰਿਤਸਰ ਸ਼ਹਿਰ ਦੀ ਹੈ। ਮਹਾਨ ਦੂਰ-ਅੰਦੇਸ਼ ਹੋਣ ਕਰਕੇ ਆਪ ਨੇ ਭਵਿੱਖ ਵਿੱਚ ਅੰਮ੍ਰਿਤ ਵਾਲੀ ਧਰਤੀ ਨੂੰ ਸਿੱਖੀ ਦਾ ਕੇਂਦਰ ਬਣਾਉਣਾ ਜ਼ਰੂਰੀ ਸਮਝਿਆ। ਗੁਮਟਾਲਾ, ਤੁੰਗ, ਸੁਲਤਾਨ ਵਿੰਡ ਤੇ ਗਿਲਵਾਲੀ ਪਿੰਡਾਂ ਦੇ ਮੁਖੀਆਂ ਨੂੰ ਇਕੱਠਾ ਕਰਕੇ ਮੁੱਲ ਜ਼ਮੀਨ ਖਰੀਦ ਕੇ ਜੂਨ 1570 ਈਸਵੀ ਵਿੱਚ ਸਭ ਦੇ ਸਾਹਮਣੇ ਮੋੜ੍ਹੇ ਗੱਡਵਾ ਕੇ ਇਸ ਅਸਥਾਨ ਦਾ ਨਾਂ ਗੁਰੂ ਕਾ ਚੱਕ ਰੱਖ ਦਿੱਤਾ। ਇਸ ਦੀ ਉਸਾਰੀ ਦਾ ਕੰਮ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਦੀ ਨਿਗਰਾਨੀ ਵਿੱਚ ਹੋਇਆ।

ਗੁਰੂ ਅਮਰਦਾਸ ਜੀ ਕ੍ਰਾਂਤੀਕਾਰੀ ਤੇ ਸਮਾਜ ਸੁਧਾਰਕ ਸਨ। ਆਪ ਜੀ ਨੇ ਪ੍ਰਭਾਵਸ਼ਾਲੀ ਢੰਗ ਨਾਲ ਸਮਾਜਿਕ ਕੁਰੀਤੀਆਂ ਵਿਰੁੱਧ ਲੋਕ ਰਾਇ ਜੱਥੇਬੰਦ ਕੀਤੀ। ਇਹ ਉਹਨਾਂ ਦੀ ਵੱਡੀ ਦੇਣ ਹੈ। ਗੁਰੂ ਅਮਰਦਾਸ ਜੀ ਨੇ ਬੜੀ ਸਖਤੀ ਨਾਲ ਸਤੀ ਦੀ ਰਸਮ ਵਿਰੁੱਧ ਆਵਾਜ਼ ਉਠਾਈ। ਸਿੱਖ ਸਮਾਜ ਤੇ ਪੰਜਾਬ ਵਿੱਚੋਂ ਸਤੀ ਦੀ ਰਸਮ ਖਤਮ ਕਰਵਾਈ। ਨਾਰੀ ਸੁਧਾਰ ਵੱਲ ਆਪ ਜੀ ਨੇ ਉਚੇਚਾ ਧਿਆਨ ਦਿੱਤਾ। ਵਿਧਵਾ ਵਿਆਹ ਦੀ ਰਸਮ 'ਤੇ ਜ਼ੋਰ ਦੇ ਕੇ ਜੁਆਨ ਵਿਧਵਾਵਾਂ ਨੂੰ ਪੁਨਰ ਸੁਹਾਗਣਾਂ ਬਣਾਉਣ ਦਾ ਪ੍ਰਚਾਰ ਕੀਤਾ ਤੇ ਕਈਆਂ ਦੇ ਵਿਆਹ ਕਰਵਾ ਕੇ ਉਨ੍ਹਾਂ ਦੇ ਜੀਵਨ ਵਿੱਚ ਮੁੜ ਬਹਾਰ ਤੇ ਖੁਸ਼ੀਆਂ ਲਿਆਂਦੀਆਂ। ਇਸੇ ਤਰ੍ਹਾਂ ਆਪ ਨੇ ਪਰਦੇ ਦੇ ਰਿਵਾਜ ਨੂੰ ਨਾ ਕੇਵਲ ਬਦਲਿਆ ਹੀ ਸਗੋਂ ਆਦੇਸ਼ ਦਿੱਤਾ ਕਿ ਗੁਰੂ ਦਰਬਾਰ ਵਿੱਚ ਕੋਈ ਨਾਰੀ ਘੁੰਡ ਕੱਢ ਕੇ ਨਹੀਂ ਆ ਸਕਦੀ। ਉਸ ਸਮੇਂ ਸਮਾਜ ਵਿੱਚ ਲੜਕੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦੀ ਪ੍ਰਥਾ ਪ੍ਰਚਲਤ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਵਿੱਚ ਇਸ ਕੁਰੀਤੀ ਦੀ ਮਨਾਹੀ ਕੀਤੀ ਤੇ ਕਿਹਾ ਕਿ ਨਾਰੀ ਸਮਾਜ ਦਾ ਨਰੋਆ ਅੰਗ ਹੈ। ਇਸ ਨੂੰ ਜੰਮਦਿਆਂ ਮਾਰ ਦੇਣਾ ਕਾਦਰ ਦੀ ਕੁਦਰਤ ਦੀ ਨਿਰਾਦਰੀ ਹੈ। ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਨਰੋਏ ਸਮਾਜ ਦੀ ਉਸਾਰੀ ਲਈ ਨਸ਼ਿਆਂ ਵਿਰੁੱਧ ਵੀ ਪ੍ਰਚਾਰ ਕੀਤਾ।

ਗੁਰੂ ਅਮਰਦਾਸ ਜੀ ਨੇ ਸਮਾਜਿਕ ਕੁਰੀਤੀਆਂ 'ਤੇ ਟਿੱਪਣੀ ਕੀਤੀ। ਖਾਸ ਕਰਕੇ ਦੀਵਾ ਜਗਾਣਾ, ਪਿੰਡ ਪੱਤਲ, ਬਬਾਣ ਕੱਢਣਾ, ਘੜਾ ਭੰਨਣਾ, ਅਸਥੀਆਂ ਗੰਗਾ ਪ੍ਰਵਾਹ ਕਰਨਾ ਆਦਿ ਕਿਰਿਆਵਾਂ ਨੂੰ ਭਰਮ ਦੱਸਿਆ। ਆਪ ਜੀ ਨੇ ਸਮਝਾਇਆ ਕਿ ਜੋ ਕਰਮ ਅਸੀਂ ਆਪ ਕਰਦੇ ਹਾਂ, ਮਨੁੱਖ ਦੀ ਗਤੀ (ਮੁਕਤੀ) ਉਸੇ ਦੁਆਰਾ ਹੈ। ਗੁਰੂ ਜੀ ਦਾ ਜੀਵਨ ਸਮਾਜ ਨਾਲੋਂ ਟੁੱਟਾ ਹੋਇਆ ਨਹੀਂ ਸਗੋਂ ਅਧਿਆਤਮਿਕ ਅਤੇ ਸਭਿਆਚਾਰਕ ਕੀਮਤਾਂ ਦੀ ਇੱਕ ਸਾਂਝ ਹੈ।

ਗੁਰੂ ਅਮਰਦਾਸ ਜੀ ਦੇ ਸਮਾਜ ਸੁਧਾਰ ਕਾਰਜਾਂ ਤੋਂ ਇੱਕ ਪਾਸੇ ਹਿੰਦੂ ਧਰਮ ਦੇ ਮੁਖੀ ਤੇ ਦੂਜੇ ਪਾਸੇ ਕਾਜ਼ੀ ਮੁਲਾਣੇ ਔਖੇ ਹੋ ਗਏ। ਜਦ ਗੁਰੂ ਅਮਰਦਾਸ ਜੀ ਨੇ ਜਾਤ ਅਭਿਮਾਨੀਆਂ ਦੀ ਵਿਰੋਧਤਾ ਦੇ ਬਾਵਜੂਦ ਊਚ-ਨੀਚ ਦਾ ਭੇਦ ਮਿਟਾਉਣ ਲਈ 'ਸਾਂਝੇ ਲੰਗਰ' ਦੀ ਪ੍ਰੰਪਰਾ ਨੂੰ ਹੋਰ ਮਜ਼ਬੂਤ ਕੀਤਾ ਤੇ ਗੋਇੰਦਵਾਲ ਆਉਣ ਵਾਲੇ ਹਰ ਵਿਅਕਤੀ ਲਈ ''ਪਹਿਲੇ ਪੰਗਤ ਪਾਛੇ ਸੰਗਤ'' ਦਾ ਆਦੇਸ਼ ਦਿੱਤਾ ਤਾਂ ਹਿੰਦੂ-ਮੁਸਲਮਾਨ (ਸਮਾਜ ਸੁਧਾਰਾਂ ਦੇ ਵਿਰੋਧੀ) ਇਕੱਠੇ ਹੋ ਕੇ ਸਰਕਾਰ ਪਾਸ ਸ਼ਿਕਾਇਤਾਂ ਭੇਜਣ ਲੱਗੇ। ਮੁਗਲ ਬਾਦਸ਼ਾਹ ਅਕਬਰ ਲਾਹੌਰ ਆਇਆ ਤਾਂ ਉਸ ਪਾਸ ਗੁਰੂ ਜੀ ਵਿਰੁੱਧ ਸ਼ਿਕਾਇਤਾਂ ਗਈਆਂ। ਅਕਬਰ ਨੇ ਗੁਰੂ ਜੀ ਨੂੰ ਸ਼ਿਕਾਇਤਾਂ ਦੇ ਉੱਤਰ ਦੇਣ ਲਈ ਲਾਹੌਰ ਬੁਲਾਇਆ। ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਲਾਹੌਰ ਭੇਜਿਆ।

ਉਨ੍ਹਾਂ ਨੇ ਅਕਬਰ ਬਾਦਸ਼ਾਹ ਦੀ ਤਸੱਲੀ ਕਰਵਾ ਦਿੱਤੀ ਕਿ ਗੁਰੂ ਅਮਰਦਾਸ ਜੀ ਤਾਂ ਬਹੁਤ ਵੱਡਾ ਸਮਾਜ ਸੁਧਾਰ ਦਾ ਕਾਰਜ ਕਰ ਰਹੇ ਹਨ। ਲੋਕਾਂ ਵਿੱਚ ਬਰਾਬਰੀ ਤੇ ਹਿੰਦੂਆਂ-ਮੁਸਲਮਾਨਾਂ ਵਿੱਚ ਏਕਤਾ 'ਤੇ ਜ਼ੋਰ ਦੇ ਰਹੇ ਹਨ। ਅਕਬਰ ਬਾਦਸ਼ਾਹ ਨੇ ਆਗਰੇ ਵੱਲ ਜਾਂਦਿਆਂ ਗੋਇੰਦਵਾਲ ਠਹਿਰ ਕੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟਾਈ।

ਜਦ ਅਕਬਰ ਗੋਇੰਦਵਾਲ ਆਇਆ ਤਾਂ ਉਹਨੂੰ ਦੱਸਿਆ ਗਿਆ ਕਿ ਜੋ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕੇਗਾ, ਉਹ ਹੀ ਗੁਰੂ ਦਰਬਾਰ ਵਿੱਚ ਜਾ ਸਕਦਾ ਹੈ। ਅਕਬਰ ਨੇ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ ਤੇ ਫਿਰ ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਆਇਆ। ਉਹ ਬਹੁਤ ਖੁਸ਼ ਹੋਇਆ ਅਤੇ ਲੰਗਰ ਲਈ ਚੋਖੀ ਮਾਇਆ ਦੇਣੀ ਚਾਹੀ ਪਰ ਗੁਰੂ ਜੀ ਨੇ ਸਵੀਕਾਰ ਨਾ ਕੀਤੀ।

ਬੜੇ ਹੰਕਾਰੀ ਮੁਸਲਮਾਨ ਗੋਇੰਦਵਾਲ ਨੂੰ ਵੱਧਦਾ-ਫੁੱਲਦਾ ਵੇਖ ਕੇ ਉਥੇ ਆ ਵੱਸੇ। ਉਹ ਗੁਰੂ ਜੀ ਦੇ ਸਿੱਖਾਂ ਨੂੰ ਤੰਗ ਕਰਦੇ, ਪਰ ਗੁਰੂ ਜੀ ਨੇ ਅੱਗੋਂ ਸ਼ਾਂਤ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਸਮਝਾਇਆ ਕਿ ਗੁਰਸਿੱਖ ਬੁਰੇ ਦਾ ਭਲਾ ਕਰਦੇ ਹਨ। ਤੁਸੀਂ ਆਪਣੇ ਸੁਭਾਅ ਅਨੁਸਾਰ ਟਿਕੇ ਰਹੋ, ਰੱਬ (ਵਾਹਿਗੁਰੂ) ਭਲੀ ਕਰੇਗਾ। ਕੁੱਝ ਸਮੇਂ ਪਿੱਛੋਂ ਉਹਨਾਂ ਮੁਸਲਮਾਨਾਂ ਨੂੰ ਸਮਝ ਆ ਗਈ ਕਿ ਅਕਬਰ ਬਾਦਸ਼ਾਹ ਵਰਗਾ ਮੁਗਲ ਸ਼ਾਸਕ ਵੀ ਗੁਰੂ ਜੀ ਦੇ ਲੰਗਰ ਦੀ ਪੰਗਤ ਵਿੱਚ ਬੈਠ ਕੇ ਰੋਟੀ ਖਾ ਸਕਦਾ ਹੈ ਤਾਂ ਉਹ ਕਿਸੇ ਬਾਗ਼ ਦੀ ਮੂਲੀ ਹਨ। ਉਹਨਾਂ ਨੂੰ ਆਪਣੇ ਕੁਕਰਮਾਂ 'ਤੇ ਸ਼ਰਮ ਆਈ ਤੇ ਗੁਰੂ ਜੀ ਤੋਂ ਆ ਕੇ ਖਿਮਾਂ ਮੰਗੀ ਤੇ ਅੱਗੋਂ ਲਈ ਉਹ ਵੀ ਗੁਰੂ ਘਰ ਦੇ ਸ਼ਰਧਾਲੂ ਬਣ ਗਏ।

ਗੋਂਦੇ ਮਰਵਾਹੇ ਦੀ ਬੇਨਤੀ ਮੰਨ ਕੇ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਅਮਰਦਾਸ ਜੀ ਨੂੰ ਗੋਇੰਦਵਾਲ ਵਸਾਉਣ ਦੀ ਆਗਿਆ ਕੀਤੀ ਸੀ। ਗੋਂਦੇ ਮਰਵਾਹੇ ਨੇ ਗੁਰੂ ਜੀ ਦੇ ਨਿਵਾਸ ਲਈ ਮਕਾਨ ਵੀ ਬਣਵਾ ਦਿੱਤੇ ਸਨ। ਉਹ ਮਰ ਗਿਆ। ਉਸ ਦਾ ਪੁੱਤਰ ਬੜਾ ਹੰਕਾਰੀ ਸੀ, ਉਹਨੇ ਕੁੱਝ ਹੰਕਾਰੀ ਤੇ ਮਨਮਤਾਂ ਦੀ ਚੁੱਕ ਵਿੱਚ ਆ ਕੇ ਲਾਹੌਰ ਜਾ ਕੇ ਹਾਕਮ ਨੂੰ ਸ਼ਿਕਾਇਤ ਕੀਤੀ ਪਰ ਅਕਬਰ ਬਾਦਸ਼ਾਹ ਨੇ ਸਭ ਪੁੱਛ-ਪੜਤਾਲ ਕਰਕੇ ਉਸਨੂੰ ਸਗੋਂ ਝਾੜ ਪਾਈ। ਉਸਦੀ ਅਰਜ਼ੀ ਖਾਰਜ ਕਰ ਦਿੱਤੀ ਗਈ। ਮਰਵਾਹੇ ਦੇ ਪੁੱਤਰ ਦੀ ਦਰਬਾਰ ਵਿੱਚ, ਨਗਰ ਵਿੱਚ, ਰਿਸ਼ਤੇਦਾਰਾਂ ਅਤੇ ਪਰਿਵਾਰ ਵਿੱਚ ਬਹੁਤ ਨਿਖੇਧੀ ਹੋਈ।

ਇੱਕ ਦਿਨ ਗੁਰੂ ਅਮਰਦਾਸ ਜੀ ਦੇ ਧਰਮ ਪਤਨੀ ਮਨਸਾ ਦੇਵੀ ਕਹਿਣ ਲੱਗੇ ਕਿ -''ਆਪਣੀ ਸਪੁੱਤਰੀ ਭਾਨੀ ਯੁਵਕ ਅਵਸਥਾ ਵਿੱਚ ਪਹੁੰਚ ਗਈ ਏ, ਇਸ ਦਾ ਵਿਆਹ ਕਰਨ ਲਈ ਹੁਣ ਵਰ ਲੱਭਣਾ ਚਾਹੀਦਾ ਏ।'' ਗੁਰੂ ਜੀ ਨੇ ਪੁਛਿਆ ਕਿ-''ਕਿਸ ਤਰ੍ਹਾਂ ਦਾ ਵਰ ਚਾਹੀਦਾ ਹੈ? ਉਸ ਵੇਲੇ ਜੇਠਾ ਜੀ ਸਾਹਮਣਿਉਂ ਲੰਘ ਰਹੇ ਸਨ ਤਾਂ ਮਾਤਾ ਮਨਸਾ ਦੇਵੀ ਨੇ ਉਨ੍ਹਾਂ ਵੱਲ ਸੰਕੇਤ ਕਰਕੇ ਆਖਿਆ ਕਿ- ''ਇਹੋ ਜਿਹਾ ਨੌਜਵਾਨ, ਸ਼ਰੀਫ ਤੇ ਗੁਰੂ ਘਰ ਦੀ ਸੇਵਾ ਤੇ ਸਿਮਰਨ ਕਰਨ ਵਾਲਾ ਹੋਣਾ ਚਾਹੀਦਾ ਹੈ।'' ਸਾਖੀਕਾਰ ਲਿਖਦੇ ਹਨ ਕਿ ਗੁਰੂ ਜੀ ਨੇ ਤੁਰੰਤ ਕਿਹਾ ਕਿ-''ਇਹਦੇ ਵਰਗਾ ਤਾਂ ਇਹ ਹੀ ਹੈ।'' ਉਸੇ ਵੇਲੇ ਜੇਠਾ ਜੀ ਤੇ ਉਹਨਾਂ ਦੀ ਨਾਨੀ ਨੂੰ ਬੁਲਾ ਕੇ ਬੀਬੀ ਭਾਨੀ ਦਾ ਰਿਸ਼ਤਾ ਕਰ ਦਿੱਤਾ ਤੇ ਫਿਰ ਬਾਅਦ ਵਿੱਚ ਵਿਆਹ ਕਰ ਦਿੱਤਾ ਗਿਆ। ਆਪਣੀ ਸੰਸਾਰਕ ਯਾਤਰਾ ਦੀ ਸੰਪੂਰਨਤਾ ਨੇੜੇ ਅਨੁਭਵ ਕਰਕੇ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ, ਜੋ (ਗੁਰੂ) ਰਾਮਦਾਸ ਜੀ ਦੇ ਨਾਂ ਨਾਲ ਜਾਣੇ ਜਾਣ ਲੱਗ ਪਏ ਸਨ, ਨੂੰ ਸਿੱਖੀ ਲੋਕ ਲਹਿਰ ਦੀ ਅਗਵਾਈ ਸੌਂਪੀ। ਪੰਜ ਪੈਸੇ ਤੇ ਨਾਰੀਅਲ ਭੇਟ ਕਰਕੇ ਬਾਬਾ ਬੁੱਢਾ ਜੀ ਤੋਂ ਤਿਲਕ ਲਗਵਾ ਕੇ ਉਹਨਾਂ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ।

ਸਤੰਬਰ 1574 ਨੂੰ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ। ਬਿਆਸਾ ਦਰਿਆ ਦੇ ਕੰਢੇ 'ਤੇ ਉਹਨਾਂ ਦਾ ਅੰਤਿਮ ਸਸਕਾਰ ਕੀਤਾ ਗਿਆ। ਇਸ ਅਸਥਾਨ 'ਤੇ ਉਹਨਾਂ ਦੀ ਯਾਦਗਾਰ ਸਥਾਪਤ ਹੋਈ, ਜੋ ਪਿੱਛੋਂ ਦਰਿਆ ਸਪੁਰਦ ਹੋ ਗਈ।

**ਬਾਣੀ ਰਚਨਾ :**

ਗੁਰੂ ਅਮਰਦਾਸ ਜੀ ਨੇ ਆਪਣੀ ਗੁਰਿਆਈ ਸਮੇਂ ਕਾਫੀ ਬਾਣੀ ਰਚਨਾ ਕੀਤੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਮਰਦਾਸ ਜੀ ਦੇ 869 ਛੰਦਾਂ ਦਾ ਵਰਣਨ ਹੈ। ਡਾ. ਬਲਬੀਰ ਸਿੰਘ ਨੇ 870 ਛੰਦ ਵਰਣਨ ਕੀਤੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 19 ਰਾਗਾਂ ਵਿੱਚ ਹੈ ਜਦ ਕਿ ਗੁਰੂ ਅਮਰਦਾਸ ਜੀ ਦੀ ਬਾਣੀ ਰਾਗ ਤਿਲੰਗ ਅਤੇ ਤੁਖਾਰੀ ਛੱਡ ਕੇ 17 ਰਾਗਾਂ ਵਿੱਚ ਹੈ।

ਗੁਰੂ ਅਮਰਦਾਸ ਜੀ ਦੀਆਂ ਪ੍ਰਸਿੱਧ ਰਚਨਾਵਾਂ ਵਿੱਚ ਅਨੰਦ ਸਾਹਿਬ, ਚਾਰ ਵਾਰਾਂ, ਪਟੀ (ਆਸਾ), ਅਲਾਹੁਣੀ (ਵਡਹੰਸ) ਹਨ। ਪਿਆਰਾ ਸਿੰਘ ਪਦਮ ਨੇ ਪੰਜ ਵਾਰਾਂ ਦੱਸੀਆਂ ਹਨ। ਉਹਨਾਂ ਦੀ ਬਾਣੀ ਦੇ ਕੁੱਝ ਸ਼ਬਦ ਫਰੀਦ ਜੀ ਦੇ ਸਲੋਕਾਂ ਵਿੱਚ ਆਏ ਹਨ।

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥**
**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥**
**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥**
**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥**
**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥**
(ਅੰਕ ੯੧੭)

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥**
**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥**
**ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥**
**ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥**
**ਚਿਤੁ ਜਿਨ ਕਾ ਹਿਰਿ ਲਇਆ ਮਾਇਆ**
**ਬੋਲਨਿ ਪਏ ਰਵਾਣੀ॥**
**ਕਹੈ ਨਾਨਕੁ ਸਤਿਗੁਰੁ ਬਾਝਹੁ ਹੋਰ ਕਚੀ ਬਾਣੀ॥੨੪॥**
(ਅੰਕ ੯੨੦)

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥**

ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ
ਵਾਜੇ ਅਨਹਦ ਤੂਰੇ॥੪੦॥੧॥

(ਅੰਕ ੯੨੨)

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥੧॥
ਮ: ੩॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥੨॥

(ਅੰਕ ੭੮੭)

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥੩॥

(ਅੰਕ ੭੮੮)

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

(ਅੰਕ ੮੫੩)

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥

(ਅੰਕ ੪੪੧)

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥

(ਅੰਕ ੧੩੭੮)

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ॥
ਜੋ ਸਹਿ ਰਤੇ ਆਪਣੈ ਤਿਨ ਤਨਿ ਲੋਭ ਰਤੁ ਨ ਹੋਇ॥

(ਅੰਕ ੯੪੯)

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ
ਜੇ ਨੀਅਤਿ ਰਾਸਿ ਕਰੇਇ॥੧੦੪॥

(ਅੰਕ ੧੩੮੩)

ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ॥

(ਅੰਕ ੮੫੩)

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ
ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ
ਰਾਮ ਨਾਮਿ ਚਿਤੁ ਲਾਇ॥੧॥

(ਅੰਕ ੬੩੮)

## ਇਤਿਹਾਸਕ ਗੁਰ ਅਸਥਾਨ :

1. **ਗੁਰਦੁਆਰਾ ਜਨਮ ਅਸਥਾਨ ਗੁਰੂ ਅਮਰਦਾਸ ਜੀ :**
ਇਹ ਗੁਰਦੁਆਰਾ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੈ।
2. **ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ :**
ਜਿੱਥੇ ਗੁਰੂ ਅਮਰਦਾਸ ਜੀ ਬੰਦ ਕਮਰੇ ਵਿੱਚ ਬਿਰਾਜੇ ਸਨ ਤੇ ਸੰਨ੍ਹ ਲਾ ਕੇ ਸੰਗਤਾਂ ਨੇ ਦਰਸ਼ਨ ਕੀਤੇ। ਹਰ ਸਾਲ ਬੜਾ ਵੱਡਾ ਜੋੜ ਮੇਲਾ ਹੁੰਦਾ ਹੈ।
3. **ਗੁਰਦੁਆਰਾ ਅੰਗੀਠਾ ਬੀਬੀ ਅਮਰੋ ਜੀ।**
4. **ਗੁਰਦੁਆਰਾ ਬੜ੍ਹਾ ਸਾਹਿਬ :**
ਖਡੂਰ ਸਾਹਿਬ ਜਿਥੇ ਗੁਰੂ ਅਮਰਦਾਸ ਜੀ ਆਪਣੇ ਗੁਰੂ-ਗੁਰੂ ਅੰਗਦ ਦੇਵ ਜੀ ਦੀ ਸੇਵਾ ਤੋਂ ਵਿਹਲੇ ਹੋ ਕੇ ਆਪ ਨਾਮ ਸਿਮਰਨ ਵਿੱਚ ਸਮਾਂ ਗੁਜ਼ਾਰਿਆ ਕਰਦੇ ਸਨ।
5. **ਗੁਰਦੁਆਰਾ ਦਮਦਮਾ ਸਾਹਿਬ :**
ਬਿਆਸਾ ਤੋਂ ਰੋਜ਼ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ (ਗੁਰੂ) ਅਮਰਦਾਸ ਜੀ ਕੁੱਝ ਸਮਾਂ ਸਾਹ ਲੈਂਦੇ, ਉਥੇ ਗੁਰਦੁਆਰਾ ਦਮਦਮਾ ਸਾਹਿਬ ਸਥਾਪਿਤ ਹੈ।
6. **ਗੁਰਦੁਆਰਾ ਹਵੇਲੀ ਸਾਹਿਬ, ਗੋਇੰਦਵਾਲ :**
ਇਹ ਗੁਰੂ ਅਮਰਦਾਸ ਜੀ ਦਾ ਰਿਹਾਇਸ਼ ਅਸਥਾਨ ਸੀ। ਇਸੇ ਅਸਥਾਨ ਤੇ ਚੁਬਾਰੇ ਦੀ ਕਿੱਲੀ ਫੜ੍ਹ ਕੇ ਖਲੋ ਕੇ ਗੁਰੂ ਸਾਹਿਬ ਸਿਮਰਨ ਕਰਦੇ ਸਨ। ਇਥੇ ਹੀ ਗੁਰੂ ਜੀ ਦੀਵਾਨ ਕਰਿਆ ਕਰਦੇ ਸਨ। ਇਥੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਲਕੀ ਹੈ। ਇਥੇ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾਏ। ਇਥੇ ਹੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਅਸਥਾਨ ਹੈ। ਇਥੇ ਹੀ ਗੁਰੂ ਅਮਰਦਾਸ ਜੀ ਖਲੋ ਕੇ ਥੰਮ੍ਹ ਦੇ ਸਹਾਰੇ ਬੰਦਗੀ ਕਰਦੇ ਸਨ।
7. **ਬਾਉਲੀ ਸਾਹਿਬ, ਗੋਇੰਦਵਾਲ :**
ਇਹ 84 ਪਉੜੀਆਂ ਦੀ ਬਾਉਲੀ ਹੈ, ਜੋ ਗੋਇੰਦਵਾਲ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਨੇ ਬਣਵਾਈ।
8. **ਗੁਰੂ ਕਾ ਲੰਗਰ :**
ਇਥੇ ਇਤਿਹਾਸਕ ਲੰਗਰ ਹੈ।
9. **ਮੋਹਨ ਜੀ ਦਾ ਚੁਬਾਰਾ :**
ਇਥੇ ਬਾਬਾ ਮੋਹਨ ਜੀ ਨਿਵਾਸ ਕਰਦੇ ਸਨ।

- ਡਾ. (ਗਿਆਨੀ) ਭਜਨ ਸਿੰਘ

# ਸ੍ਰੀ ਗੁਰੂ ਰਾਮਦਾਸ ਜੀ

## ਦੀ ਬਾਣੀ ਅਨੁਸਾਰ – ਜੀਵਨ ਜਾਚ

ਨਿਮਰਤਾ ਦੇ ਪੁੰਜ, ਸੇਵਾ ਦੀ ਮਿਸਾਲ, ਸਾਂਝੀਵਾਲਤਾ ਦੇ ਪ੍ਰੇਰਕ, "ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ" ਦੇ ਆਦਰਸ਼ ਨੂੰ ਦ੍ਰਿੜ ਕਰਵਾਉਣ ਵਾਲੇ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਅਗਿਆਨਤਾ ਦੇ ਹਨੇਰੇ ਵਿਚ ਦੁਰਾਹੇ ਪਈ ਮਨੁੱਖਤਾ ਲਈ ਚਾਨਣ ਮੁਨਾਰਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ 30 ਰਾਗਾਂ ਵਿਚ ਬਾਣੀ ਰਚੀ ਹੈ। ਗੁਰਬਾਣੀ ਰਾਹੀਂ ਗੁਰਸਿੱਖਾਂ ਨੂੰ ਜੀਵਨ-ਜਾਚ ਸਿਖਾਈ ਹੈ। ਆਪ ਜੀ ਨੇ ਸਮਝਾਇਆ ਹੈ ਕਿ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਅਕਾਲ ਪੁਰਖ ਅੱਗੇ ਅਰਦਾਸ ਕਰਨੀ ਹਰੇਕ ਗੁਰਸਿੱਖ ਦਾ ਫ਼ਰਜ਼ ਹੈ –

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥**
**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥**

**(ਅੰਕ ੯੧)**

ਇਸ ਕਲਿਜੁਗ ਵਿਚ ਕੋਈ ਵਿਕਾਰਾਂ ਦੇ ਜਾਲ ਵਿਚੋਂ ਨਿਕਲਣਾ ਚਾਹੁੰਦਾ ਹੋਵੇ ਤਾਂ ਗੁਰੂ ਸਾਹਿਬ ਸਮਝਾਉਂਦੇ ਹਨ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਣ ਵਾਲਾ ਅਤੇ ਦੁੱਖਾਂ ਨੂੰ ਨਸ਼ਟ ਕਰਨ ਵਾਲਾ ਹੈ–

**ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ**
**ਕਿਵ ਛੂਟਹ ਹਮ ਛੁਟਕਾਕੀ ॥**
**ਹਰਿ ਹਰਿ ਜਪੁ ਬੇੜੀ ਹਰਿ ਤੁਲਹਾ**
**ਹਰਿ ਜਪਿਓ ਤਰੈ ਤਰਾਕੀ ॥**

**(ਅੰਕ ੬੬੮)**

ਅੱਜ ਅਸੀਂ ਗਲਤ ਰਸਤੇ 'ਤੇ ਤੁਰੇ ਜਾ ਰਹੇ ਹਾਂ। ਪ੍ਰਭੂ ਦੇ ਨਾਮ-ਸਿਮਰਨ ਤੋਂ ਵੱਧ ਤੀਰਥ ਯਾਤਰਾ ਆਦਿਕ ਫੋਕਟ ਕਰਮਾਂ ਨੂੰ ਮਹੱਤਵ ਦੇਣ ਲੱਗ ਪਏ ਹਾਂ। ਮੜੀ ਮਸਾਣਿ ਆਦਿਕ 'ਤੇ ਜਾਣ ਵਿਚ ਵੀ ਸਾਨੂੰ ਗੁਰੇਜ ਨਹੀਂ ਰਹਿ ਗਿਆ। ਗੁਰੂ ਜੀ ਸਮਝਾ ਰਹੇ ਹਨ ਕਿ ਜੇਕਰ ਸਾਰੇ ਤੀਰਥ, ਵਰਤ, ਜਗ ਅਤੇ ਪੁੰਨ-ਦਾਨ ਆਦਿਕ ਇਕੱਠੇ ਮਿਲਾ ਕੇ ਤੋਲ ਲਈਏ ਤਾਂ ਵੀ ਇਹ ਅਕਾਲ ਪੁਰਖ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ –

**ਸਭਿ ਤੀਰਥ ਵਰਤ ਜਗ ਪੁੰਨ ਤੋੁਲਾਹਾ ॥**
**ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥**

**(ਅੰਕ ੬੯੯)**

ਜਿੰਨ੍ਹਾਂ ਦੇ ਹਿਰਦੇ ਵਿਚ ਨਾਮ ਵੱਸਦਾ ਹੈ, ਉਨ੍ਹਾਂ ਨੂੰ ਲੋਕਾਂ ਦੀ ਮੁਥਾਜੀ ਦੀ ਲੋੜ ਨਹੀਂ ਰਹਿੰਦੀ। ਪਰਮਾਤਮਾ ਦੀ ਕਿਰਪਾ ਨਾਲ ਉਨ੍ਹਾਂ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ –

**ਜਿਨਾ ਅੰਦਰਿ ਨਾਮੁ ਨਿਧਾਨੁ**
**ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ॥**
**ਤਿਨ ਚੂਕੀ ਮੁਹਤਾਜੀ ਲੋਕਨ ਕੀ**
**ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥**

**(ਅੰਕ ੩੦੫)**

ਇਸ ਲਈ ਪ੍ਰਭੂ ਦਾ ਸਿਮਰਨ ਹੀ ਜਪ-ਤਪ, ਵਰਤ ਅਤੇ ਪੂਜਾ ਹੈ –

**ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ**
**ਜਿਤੁ ਹਰਿ ਸਿਉ ਪ੍ਰੀਤਿ ਲਗਾਇ ॥**

**(ਅੰਕ ੭੨੦)**

ਸੁਆਰਥ ਵੱਸ ਝੂਠੀ ਮਾਣ ਪ੍ਰਤਿਸ਼ਟਾ ਆਦਿਕ ਦੀ ਪ੍ਰਾਪਤੀ ਲਈ ਦੁਨੀਆਂ ਦੀ ਵਡਿਆਈ-ਖੁਸ਼ਮਾਦ ਕਰਦੇ ਹੋਏ ਜੀਵਨ ਨੂੰ ਵਿਅਰਥ ਗਵਾ ਲੈਣ ਵਾਲੇ ਜੀਵਾਂ ਨੂੰ ਸੁਚੇਤ ਕਰਦੇ ਹੋਏ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਹਰਿ ਨਾਮ ਤੋਂ ਬਿਨਾਂ ਕਿਸੇ ਹੋਰ ਦੀ ਵਡਿਆਈ ਕਰਨੀ ਆਦਿ ਇਹ ਬੋਲਣ ਦਾ ਸਾਰਾ ਉੱਦਮ ਵਿਅਰਥ ਹੈ –

**ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥**

**(ਅੰਕ ੩੦੧)**

ਗੁਰਸਿੱਖ ਦੀ ਨਿਤਾ-ਪ੍ਰਤੀ ਦੀ ਰਹਿਣੀ ਬਾਰੇ ਸਪਸ਼ਟ ਫੁਰਮਾਨ ਹੈ ਕਿ ਉਹ ਅੰਮ੍ਰਿਤ ਵੇਲੇ ਉਠ ਕੇ ਇਸਨਾਨ ਕਰਕੇ ਹਰਿ-ਨਾਮ ਦਾ ਸਿਮਰਨ, ਗੁਰਬਾਣੀ ਦਾ ਜਾਪ ਕਰੇ। ਫਿਰ ਦਿਨ ਚੜ੍ਹੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰੇ ਅਤੇ ਸਾਰਾ ਦਿਨ ਕਿਰਤ-ਕਾਰ ਕਰਦਿਆਂ ਹੋਇਆ ਵੀ ਪ੍ਰਭੂ ਨੂੰ ਯਾਦ ਰੱਖੇ –

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**
..... ..... ..... ..... ..... .....
**ਉਪਦੇਸਿ ਗੁਰੂ ਹਰਿ ਹਰਿ ਜਾਪੁ ਜਾਪੈ**
**ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ**
**ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ**

**ਸੋ ਗੁਰਸਿਖੁ ਗੁਰੂ ਮਨਿ ਭਾਵੈ ॥**

**(ਅੰਕ ੩੦੫)**

ਗੁਰੂ ਦੇ ਸਿੱਖ ਲਈ ਗੁਰਬਾਣੀ ਹੀ ਗੁਰੂ ਹੈ-

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥**

**(ਅੰਕ ੯੮੨)**

ਗੁਰਬਾਣੀ ਨੂੰ ਗੁਰੂ ਮੰਨਣ ਦਾ ਭਾਵ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਲੈਣਾ ਜਾਂ ਗੁਰਬਾਣੀ ਦਾ ਪਾਠ ਕਰ ਲੈਣਾ, ਕਥਾ ਕੀਰਤਨ ਸੁਣਨਾ, ਅਖੰਡ ਪਾਠ ਕਰਵਾ ਲੈਣਾ ਹੀ ਨਹੀਂ ਹੈ। ਗੁਰ-ਸ਼ਬਦ ਦੀ ਵਿਚਾਰ ਕਰਨੀ ਅਤੇ ਗੁਰੂ ਸਾਹਿਬਾਨ ਦੁਆਰਾ ਦੱਸੇ ਗਏ ਸਿਧਾਂਤਾਂ ਤੇ ਉਪਦੇਸ਼ਾਂ ਨੂੰ ਜੀਵਨ ਵਿਚ ਲਾਗੂ ਕਰਨਾ ਹੀ ਗੁਰਬਾਣੀ ਨੂੰ ਗੁਰੂ ਮੰਨਣਾ ਅਤੇ ਗੁਰੂ ਦੇ ਦੱਸੇ ਰਸਤੇ ’ਤੇ ਤੁਰਨਾ ਹੈ। ਗੁਰੂ ਰਾਮਦਾਸ ਜੀ ਸਮਝਾ ਰਹੇ ਹਨ ਕਿ -

**ਗੁਰਸਿਖ ਮੀਤ ਚਲਹੁ ਗੁਰ ਚਾਲੀ ॥**
**ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥**

**(ਅੰਕ ੬੬੭)**

ਅਕਾਲ ਪੁਰਖ ਗੁਰੂ ਦੇ ਹੁਕਮ ’ਤੇ ਅਮਲ ਕਰਨ ਵਾਲਿਆਂ ਦਾ ਹੀ ਗੁਰਬਾਣੀ ਗਾਉਣਾ ਅਤੇ ਸੁਣਨਾ ਕਬੂਲ ਕਰਦਾ ਹੈ -

**ਸੇਵਕ ਸਿਖ ਪੂਜਣ ਸਭਿ ਆਵਹਿ**
**ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥**
**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ**
**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥**

**(ਅੰਕ ੬੬੯)**

ਅੱਜ ਗੁਰਮਤਿ ਤੋਂ ਦੂਰ ਦੁਰਮਤਿ ਵੱਲ ਜਾ ਰਿਹਾ ਗੁਰੂ ਦਾ ਸਿੱਖ ‘ਬਿਪਰਨ ਕੀ ਰੀਤਿ’ ਦੇ ਚੱਕ੍ਰਵਿਊਹ ਵਿਚ ਫਸ ਗਿਆ ਹੈ। ਧੜੇਬਾਜੀ ਦਾ ਸ਼ਿਕਾਰ ਹੋ ਗਿਆ ਹੈ। ਆਪਣੇ ਆਪ ਨੂੰ ਚੰਗਾ ਸਮਝਦਾ ਹੋਇਆ ਦੂਜਿਆਂ ਦੇ ਐਬ ਫਰੋਲਦਾ ਫਿਰਦਾ ਹੈ। ਗੁਰੂ ਰਾਮਦਾਸ ਜੀ ਸੰਕੇਤ ਕਰ ਰਹੇ ਹਨ -

**ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ ॥**
**ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ ॥**

**(ਅੰਕ ੩੬੬)**

ਦੂਜਿਆਂ ਦੀਆਂ ਵਡਿਆਈਆਂ ਜਾਂ ਸ਼ੋਭਾ ਸਹਾਰ ਨਹੀਂ ਸਕਦਾ। ਈਰਖਾ ਅਤੇ ਅਹੰਕਾਰ ਦੇ ਕਾਰਣ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਫਸਦਾ ਜਾ ਰਿਹਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜਿਸ ਦੇ ਅੰਦਰ ਈਰਖਾ ਹੈ, ਉਸ ਦਾ ਕਲਿਆਣ ਨਹੀਂ ਹੋ ਸਕਦਾ -

**ਜਿਸੁ ਅੰਦਰਿ ਤਾਤਿ ਪਰਾਈ ਹੋਵੈ**
**ਤਿਸ ਦਾ ਕਦੇ ਨ ਹੋਵੀ ਭਲਾ ॥**

**(ਅੰਕ ੩੦੮)**

ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਬਾਰ ਬਾਰ ਬਿਨਾਂ ਕਿਸੇ ਸੁਆਲ ਜੁਆਬ ਦੇ ਥੜ੍ਹੇ ਨੂੰ ਢਾਹ ਕੇ ਅਤੇ ਬਣਾ ਕੇ ਗੁਰੂ ਦੇ ਪ੍ਰਤੀ ਸ਼ਰਧਾ-ਪਿਆਰ, ਆਪਾ-ਭਾਵ ਤਿਆਗਨ ਅਤੇ ਹੁਕਮ ਮੰਨਣ ਦੀ ਜਾਚ ਸਿਖਾਈ ਅਤੇ ਸਮਝਾਇਆ ਕਿ ਮਨੁੱਖ ਆਪਣੇ ਜੀਵਨ ਵਿਚ ਭਾਵੇਂ ਬਹੁਤ ਕੁੱਝ ਹਾਸਲ ਕਰ ਲਏ, ਕਿੰਨੀਆਂ ਹੀ ਮੱਲਾਂ ਮੱਲ ਲਏ, ਉਸਨੂੰ ਨਿਮ੍ਰਤਾ ਨਹੀਂ ਛੱਡਣੀ ਚਾਹੀਦੀ। ਗੁਰੂ ਪਾਤਸ਼ਾਹ ਜਦੋਂ ਗੁਰੂ ਥਾਪੇ ਗਏ ਤਾਂ ਵੈਰਾਗ ਵਿਚ ਆ ਕੇ ਨਿਮ੍ਰਤਾ ਨਾਲ ਬੋਲ ਉੱਠੇ ਕਿ ਮੈਂ ਤਾਂ ਇੱਕ ਕੀੜਾ ਸੀ, ਆਪ ਜੀ ਨੇ ਮਿਹਰ ਅਤੇ ਪਿਆਰ ਨਾਲ ਮੈਨੂੰ ਯਤੀਮ ਨੂੰ ਅਰਸਾਂ ’ਤੇ ਪਹੁੰਚਾ ਦਿੱਤਾ ਹੈ -

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥**

**(ਅੰਕ ੧੬੭)**

ਧਨ-ਜਾਇਦਾਦ ਲਈ ਪਿਉ ਨਾਲ ਝਗੜਾ ਕਰਨ ਵਾਲੇ ਪੁੱਤਰਾਂ ਲਈ ਉਪਦੇਸ਼ ਦਿੱਤਾ -

**ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥**
**ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥**

**(ਅੰਕ ੧੨੦੦)**

ਅੱਜਕਲ ਵਿਆਹਾਂ ਵਿਚ ਗੰਦੇ ਲਚਰ ਗੀਤਾਂ ਦੇ ਗਾਇਨ ਸੁਣਨ ਦਾ ਰਿਵਾਜ ਵੱਧ ਰਿਹਾ ਹੈ। ਜੋ ਮਨ ਦੀ ਚੰਚਲਤਾ ਅਤੇ ਵਿਕਾਰਾਂ ਨੂੰ ਵਧਾਂਦੇ ਹਨ। ਗੁਰੂ ਰਾਮਦਾਸ ਜੀ ਨੇ ਵਡਹੰਸੁ ਰਾਗੁ ਵਿਚ ‘ਘੋੜੀ’ ਦੇ ਅਲੰਕਾਰ ਨੂੰ ਲੈ ਕੇ ਦੋ ਸ਼ਬਦ ਰਚੇ, ਜਿਨ੍ਹਾਂ ਵਿਚ ਪ੍ਰਭੂ ਦੀ ਪ੍ਰਾਪਤੀ ਦਾ ਰਾਹ ਦੱਸਿਆ ਅਤੇ ਆਦੇਸ਼ ਦਿੱਤਾ ਕਿ ਵਿਆਹ ਵੇਲੇ ਪਰਮਾਰਥਿਕ ਉਦੇਸ਼ ਵਾਲੀਆਂ ਘੋੜੀਆਂ ਗਾਈਆਂ ਜਾਣ ਤਾਂ ਕਿ ਸ਼ੁਭ ਕੰਮ ਕਰਦੇ ਹੋਏ ਵੀ ਅਕਾਲ ਪੁਰਖ ਨਾਲ ਨੇੜਤਾ ਬਣੀ ਰਹੇ। ਕੁੜੀ ਦੇ ਵਿਆਹ ਸਮੇਂ ਨਿਰਾਦਰ ਦੀ ਜੜ ‘ਦਾਜ’ ਦੇ ਲੈਣ ਦੇਣ ਦਾ ਵਿਰੋਧ ਕਰਦੇ ਹੋਏ ਆਪ ਜੀ ਨੇ ਫੁਰਮਾਇਆ ਕਿ ਸੰਸਾਰਿਕ ਧਨ ਅਤੇ ਸਮਾਨ ਆਦਿਕ ਦਾ ਦਾਜ ਲੈ ਕੇ ਵਿਖਾਵਾ ਕਰਨ ਵਾਲੇ ਹੰਕਾਰੀ ਮਨੁੱਖ ਮਨਮੁੱਖ ਅਖਵਾਉਂਦੇ ਹਨ। ਅਕਾਲ ਪੁਰਖ ਦੇ ਨਾਮ ਨਾਲ ਸਿੰਗਾਰੀ ਹੋਈ ਇਸਤ੍ਰੀ ਗੁਰਮਤਿ ਵਿਚ ਪਰਵਾਨ ਹੈ। ਹਰਿ ਦੇ ਨਾਮ ਰੂਪ ਦਾਜ ਨਾਲ ਹੋਰ ਕੋਈ ਦਾਜ ਬਰਾਬਰੀ ਨਹੀਂ ਕਰ ਸਕਦਾ -

**ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ**
**ਸੁ ਕੂੜੁ ਅਹੰਕਾਰੁ ਕਚੁ ਪਾਜੋ ॥**
**ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥**

**(ਅੰਕ ੭੯)**

ਇਹੀ ਨਹੀਂ ਜਾਤਿ ਪਾਤਿ ਦੇ ਭੇਦ-ਭਾਵ ਨੂੰ ਮਿਟਾ ਕੇ ਸਭ ਨੂੰ ਇੱਕ ਜਾਣਨ ਦਾ ਉਦੇਸ਼ ਦਿੱਤਾ ਅਤੇ ਫੁਰਮਾਇਆ ਕਿ ਗੁਰੂ ਹੀ ਗੁਰੂ ਦੇ ਸਿੱਖ ਦੀ ਜਾਤਿ ਹੈ। ਜਾਤਿ ਪਾਤਿ ਦਾ ਵਿਤਕਰਾ ਮੇਰ-ਤੇਰ ਨਫਰਤ ਅਤੇ ਸੰਕੀਰਣਤਾ ਨੂੰ ਵਧਾਂਦਾ ਹੈ-

**ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ**
**ਹਮ ਵੇਚਿਓ ਸਿਰੁ ਗੁਰ ਕੇ ॥**
**ਜਨ ਨਾਨਕ ਨਾਮੁ ਪਰਿਓ ਗੁਰ ਚੇਲਾ**
**ਗੁਰ ਰਾਖਹੁ ਲਾਜ ਜਨ ਕੇ ॥**

**(ਅੰਕ ੭੩੧)**

ਤਰ੍ਹਾਂ ਤਰ੍ਹਾਂ ਦੇ ਧਾਰਮਿਕ ਮੰਨੇ ਜਾਣ ਵਾਲੇ ਪਹਿਰਾਵਿਆਂ ਦਾ ਆਸਰਾ ਲੈ ਕੇ, ਕਈ ਤਰ੍ਹਾਂ ਦੇ ਭੇਖ ਧਾਰਣ ਕਰਕੇ ਪ੍ਰਭੂ ਦੀ ਪ੍ਰਾਪਤੀ ਦਾ ਜਤਨ ਕਰਨ ਵਾਲੇ ਅਨੇਕਾਂ ਲੋਕ ਆਗਿਆਨਤਾ ਦੇ ਕਾਰਣ ਪਾਣੀ ਨੂੰ ਰਿੜਕ ਰਿੜਕ ਕੇ ਮੱਖਣ ਕੱਢਣ ਦਾ ਯਤਨ ਕਰਦੇ ਹਨ। ਨਾਮ ਦਾ ਆਸਰਾ ਲੈਣ ਤੋਂ ਬਿਨਾਂ ਸਾਰੇ ਭੇਖ ਤੇ ਸਾਰੇ ਕਰਮਕਾਂਡ ਅਵਗੁਣਾਂ ਨੂੰ ਨਸ਼ਟ ਕਰਨ ਵਿਚ ਅਸਮਰੱਥ ਹੁੰਦੇ ਹਨ। ਜਿਸ ਦੇ ਅੰਦਰ ਲੋਭ ਦੀਆਂ ਲਹਿਰਾਂ ਉੱਠਦੀਆਂ ਹੋਣ, ਨਿੰਦਾ ਦੀ ਆਦਤ ਹੋਵੇ, ਖ਼ਸ਼ਾਮਦ ਕਰਨ ਵਿਚ ਮਾਣ ਸਮਝਦਾ ਹੋਵੇ, ਮਨ ਨੂੰ ਵੱਸ ਵਿਚ ਕਰਨ ਦੀ ਸਮਰੱਥਾ ਨਾ ਹੋਵੇ, ਮਾਇਆ ਦੀ ਭੁੱਖ, ਤ੍ਰਿਸ਼ਣਾ ਦਾ ਜੋਰ ਮਨ ਨੂੰ ਅਸ਼ਾਂਤ ਕਰਦਾ ਰਹੇ, ਉਹ ਮਨੁੱਖ ਭਾਵੇਂ ਜਿਤਨੇ ਮਰਜੀ ਕਰਮਕਾਂਡ ਕਰਦਾ ਰਹੇ, ਪ੍ਰਭੂ ਪ੍ਰਾਪਤੀ ਦੇ ਰਸਤੇ 'ਤੇ ਇੱਕ ਕਦਮ ਵੀ ਨਹੀਂ ਚੱਲ ਸਕਦਾ। ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ-

**ਬਾਹਰਿ ਭਸਮ ਲੇਪਨ ਕਰੇ ਅੰਤਰਿ ਗੁਬਾਰੀ ॥**
**ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ ॥**
**ਸਾਹਿਬ ਸਬਦੁ ਨ ਉਚਰੈ ਮਾਇਆ ਮੋਹ ਪਸਾਰੀ ॥**
**ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ ॥**
**ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ ॥**

**(ਅੰਕ ੧੨੪੩)**

ਮਨੁੱਖ ਵਿਚ ਆਉਣ ਵਾਲੀਆਂ ਸਾਰੀਆਂ ਕਮਜੋਰੀਆਂ ਅਤੇ ਸਾਰੇ ਅਵਗੁਣਾਂ ਦਾ ਕਾਰਣ ਮਨ ਨੂੰ ਵੱਸ ਵਿਚ ਕਰਨ ਵਿਚ ਅਸਮਰੱਥ ਹੋਕੇ ਆਪਣੇ ਮਨ ਦੇ ਪਿੱਛੇ ਲੱਗ ਕੇ ਤੁਰਨਾ ਹੈ -

**ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥**
**ਝਗੜਾ ਕਰਦਿਆ ਅਨਦਿਨੁ ਗੁਦਰੈ**
**ਸਬਦਿ ਨ ਕਰਹਿ ਵੀਚਾਰੁ ॥**

**(ਅੰਕ ੩੧੬)**

ਆਪਣੇ ਜਨਮ ਨੂੰ ਸਫਲ ਕਰਨ ਲਈ ਨਾਮ-ਸਿਮਰਨ ਦੇ ਮਾਰਗ 'ਤੇ ਤੁਰਨ ਲਈ ਸਭ ਤੋਂ ਪਹਿਲਾਂ ਮਨ ਨੂੰ ਸਮਝਾਉਣਾ ਜਰੂਰੀ ਹੈ। ਗੁਰੂ ਸਾਹਿਬ ਮਨ ਨੂੰ ਸਮਝਾਉਂਦੇ ਹਨ ਕਿ ਹੇ ਥਾਂ ਥਾਂ 'ਤੇ ਭਟਕਣ ਵਾਲੇ ਪਰਦੇਸੀ ਮਨ! ਤੂੰ ਹਰ ਵੇਲੇ ਦੌੜਦਾ ਰਹਿੰਦਾ ਹੈਂ, ਵਿਸ਼ਰਾਮ ਨਹੀਂ ਕਰਦਾ, ਕਦੇ ਤਾਂ ਪ੍ਰਭੂ ਚਰਣਾਂ ਵਿਚ ਜੁੜ ਕੇ ਰਹੋ -

**ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥**
**ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ॥**

**(ਅੰਕ ੪੫੧)**

ਗੁਰੂ ਜੀ ਸਮਝਾਉਂਦੇ ਹਨ ਕਿ ਮਨ ਇੱਕ ਹੈ, ਇੱਕ ਪਾਸੇ ਹੀ ਲੱਗ ਸਕਦਾ ਹੈ। ਜਿੱਥੇ ਲੱਗਦਾ ਹੈ ਉਹ ਵਸਤੂ ਪ੍ਰਾਪਤ ਕਰ ਲੈਂਦਾ ਹੈ -

**ਇਕੁ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ ॥**

**(ਅੰਕ ੩੦੩)**

ਇਸ ਲਈ ਗੁਰਸਿੱਖ ਨੇ ਮਨ ਨੂੰ ਵੱਸ ਵਿਚ ਕਰਕੇ ਸੇਵਾ ਸਿਮਰਨ ਵਿੱਚ ਲਗਾਉਣਾ ਹੈ। ਗੁਰਮਤਿ ਵਿਚ ਸੇਵਾ ਦਾ ਬਹੁਤ ਮਹੱਤਵ ਹੈ। ਸੇਵਾ ਕਰਨ ਵੇਲੇ ਸਿਰਫ ਸੇਵਾ ਦੀ ਭਾਵਨਾ ਹੀ ਅੰਦਰ ਰੱਖਣੀ ਚਾਹੀਦੀ ਹੈ। ਪਵਿੱਤਰ ਹਿਰਦੇ ਨਾਲ ਕਪਟ ਤੋਂ ਰਹਿਤ ਹੋ ਕੇ ਕੀਤੀ ਗਈ ਸੇਵਾ ਹੀ ਕਬੂਲ ਹੁੰਦੀ ਹੈ। ਸੇਵਾ ਕਰਨ ਵਾਲੇ ਦੇ ਅੰਦਰ ਕੋਈ ਦਿਖਾਵਾ, ਮਾਣ ਅਤੇ ਹੰਕਾਰ ਦੀ ਭਾਵਨਾ ਨਹੀਂ ਹੋਣੀ ਚਾਹੀਦੀ। ਗਿਣਤੀਆਂ ਗਿਣਦੇ ਹੋਏ ਕੀਤੀ ਗਈ ਸੇਵਾ ਅਭਿਮਾਨ ਦਾ ਕਾਰਣ ਬਣਦੀ ਹੈ ਅਤੇ ਨਿਸ਼ਫਲ ਹੋ ਜਾਂਦੀ ਹੈ। ਗੁਰ ਵਾਕ ਹਨ -

**ਵਿਚਿ ਹਉਮੈ ਸੇਵਾ ਥਾਇ ਨ ਪਾਏ ॥**

**(ਅੰਕ ੧੦੭੧)**

**ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥**

**(ਅੰਕ ੧੨੪੬)**

ਗੁਰੂ ਸਾਹਿਬ ਦੁਆਰਾ ਦਿੱਤੇ ਸਿਧਾਂਤਾਂ ਦਾ ਪਾਲਨ ਕਰਨ ਵਾਲਾ ਹੀ ਗੁਰਸਿੱਖ ਅਖਵਾਉਣ ਦਾ ਅਧਿਕਾਰੀ ਹੋ ਸਕਦਾ ਹੈ। ਸਮਾਜ ਵਿਚ ਰਹਿੰਦੇ ਹੋਏ ਸਮਾਜਿਕ ਨਿਯਮਾਂ ਦਾ ਪਾਲਨ ਵੀ ਕਰਨਾ ਹੈ ਅਤੇ ਗੁਰੂ ਸਾਹਿਬ ਦੁਆਰਾ ਦਿੱਤਾ ਗੁਰਮਤਿ ਮਾਰਗ ਨੂੰ ਨਹੀਂ ਛੱਡਣਾ। ਨੌਜਵਾਨਾਂ ਲਈ ਨਿਸ਼ਚੇ ਹੀ ਇਸ ਮਾਰਗ ਵਿਚ ਆਧੁਨਿਕਤਾ ਅਤੇ ਫੈਸ਼ਨ ਦੇ ਝਾੜ ਖੜੇ ਹਨ, ਝੂਠੀ ਸ਼ਾਨ ਦੇ ਟਿੱਬੇ-ਟੋਏ ਹਨ ਅਤੇ ਰਾਗ-ਰੰਗ ਦੀ ਦਲਦਲ ਹੈ। ਪਰ ਅਸਾਂ ਐਸਾ ਵਾਤਾਵਰਣ ਪੈਦਾ ਕਰਨਾ ਹੈ, ਐਸੇ ਪੂਰਨੇ ਪਾਉਣੇ ਹਨ ਕਿ ਨੌਜਵਾਨ ਪੀੜੀ ਪ੍ਰੇਰਣਾ ਲੈ ਕੇ ਇਹ ਜਾਣੇ-ਸਮਝੇ ਕਿ ਸਿੱਖ ਬਣਨ ਵਿਚ ਹੀ ਸਾਡਾ ਮਾਣ ਹੈ, ਗੁਰ ਸਿੱਖੀ ਹੀ ਸਾਡੀ ਸ਼ਾਨ ਹੈ। ਜਿੰਨ੍ਹਾ ਨੇ ਵੀ ਗੁਰੂ-ਉਪਦੇਸ਼ ਸੁਣ ਕੇ ਗੁਰੂ ਉੱਤੇ ਯਕੀਨ ਕੀਤਾ ਹੈ, ਉਨ੍ਹਾਂ ਦੀ ਮਾਇਆ ਦੀ ਸਾਰੀ ਭੁੱਖ ਦੂਰ ਹੋ ਗਈ ਹੈ। ਉਹ ਸੁਖੀ ਅਤੇ ਸੁਹੇਲੇ ਹੋ ਗਏ ਹਨ -

**ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥**
**ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥**

**(ਅੰਕ ੭੨੬)**

- ਡਾ. ਪਰਮਜੀਤ ਕੌਰ, ਯਮੁਨਾ ਨਗਰ

# ਸੱਚੀ ਬਾਣੀ ਅਤੇ ਕੱਚੀ ਬਾਣੀ

## ਸੰਤੁਲਤ ਅਧਿਐਨ

ਅਨੰਦੁ ਬਾਣੀ ਦੇ ਦਾਤੇ ਸ੍ਰੀ ਗੁਰੂ ਅਮਰ ਦਾਸ ਜੀ ਨੇ 23ਵੀਂ ਤੇ 24ਵੀਂ ਪਉੜੀਆਂ ਰਾਹੀਂ ਗੁਰਸਿੱਖ ਪੁੱਤਰਾਂ ਨੂੰ ਜੋ ਆਦੇਸ਼ ਅਤੇ ਉਪਦੇਸ਼ ਦਿੱਤਾ ਹੈ, ਉਹ ਸਾਵਧਾਨ ਹੋ ਕੇ ਇਕਾਗਰ ਚਿੱਤ ਨਾਲ ਸੁਣਨ ਵਾਲਾ ਹੈ :

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**
**(ਅੰਕ ੯੨੦)**

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥**
**ਬਾਣੀ ਤ ਕਚੀ ਸਤਿਗੁਰ ਬਾਝਹੁ ਹੋਰ ਕਚੀ ਬਾਣੀ ॥**
**(ਅੰਕ ੯੨੦)**

ਇਹ ਹੁਕਮਾਉ ਰੂਪ ਪੰਕਤੀਆਂ ਕੇਵਲ ਪੜ੍ਹਨ ਅਤੇ ਸੁਣਨ ਤੱਕ ਹੀ ਸੀਮਤ ਨਹੀਂ ਰਹੀਆਂ, ਗੁਰਸਿੱਖਾਂ ਦੇ ਹਿਰਦਿਆਂ ਉਤੇ ਉਕਰੀਆਂ ਹੀ ਨਹੀਂ ਗਈਆਂ, ਸਗੋਂ ਤਰਾਸ਼ੀਆਂ ਗਈਆਂ ਹਨ। ਇਹ ਪਾਵਨ ਪੰਕਤੀਆਂ ਸੱਚੀ ਅਤੇ ਕੱਚੀ ਬਾਣੀ ਦਾ ਨਿਰਣਾ ਕਰਨ ਲਈ ਮੀਲ ਪੱਥਰ ਦਾ ਕੰਮ ਦਿੰਦੀਆਂ ਹਨ।

ਸਿੱਖ ਇਤਿਹਾਸ ਇਹ ਸਿੱਧ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਕਾਲ ਵਿਚ ਹੀ ਗੁਰੂ ਘਰ ਦੇ ਵਿਰੋਧੀਆਂ ਅਤੇ ਗੁਰ-ਗੱਦੀ ਨੂੰ ਪ੍ਰਾਪਤ ਕਰਨ ਦੇ ਇੱਛਾਧਾਰੀਆਂ ਨੇ ਸੱਚੀ ਬਾਣੀ 'ਚ ਕੱਚੀ ਬਾਣੀ ਰਲਾਉਣ ਦਾ ਕੰਮ ਅਰੰਭ ਦਿੱਤਾ ਸੀ। ਵਿਉਂਤ ਇਹ ਵਰਤਦੇ ਸਨ ਕਿ ਆਪਣਾ ਨਾਮ ਦੇਣ ਦੀ ਥਾਂ 'ਨਾਨਕ' ਨਾਮ ਦਾ ਪ੍ਰਯੋਗ ਕਰਦੇ ਸਨ ਤਾਂ ਜੋ ਕਿਸੇ ਸਿੱਖ ਦੇ ਹਿਰਦੇ ਵਿਚ ਕਿਸੇ ਪ੍ਰਕਾਰ ਦੀ ਸ਼ੰਕਾ ਨਾ ਉਠੇ ਅਤੇ ਕੋਈ ਸਿੱਖ ਵਿਰੋਧ ਨਾ ਕਰ ਸਕੇ। 'ਬੰਸਾਵਲੀ ਨਾਮਾ ਦਸਾਂ ਪਾਤਸਾਹੀਆਂ ਕਾ' ਵਿਚ ਭਾ. ਕੇਸਰ ਸਿੰਘ ਛਿੱਬਰ ਨੇ ਸੱਚੀ ਬਾਣੀ ਵਿਚ ਕੱਚੀ ਬਾਣੀ ਦੇ ਰਲਾਉਣ ਬਾਰੇ ਆਪਣੀ ਗਵਾਹੀ ਇਉਂ ਦਿੱਤੀ ਹੈ :

ਮਿਹਰਵਾਨ ਪੁਤੁ ਪ੍ਰਿਥੀਏ ਦਾ ਕਬੀਸਰੀ ਕਰੇ।
ਪਾਰਸੀ, ਹਿੰਦਵੀ, ਸਹਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ ।
ਤਿਨ ਭੀ ਬਾਣੀ ਬਹੁਤ ਬਣਾਈ।
ਭੋਗੁ ਗੁਰੂ ਨਾਨਕ ਦੇਵ ਜੀ ਦਾ ਹੀ ਪਾਈ ॥੯੭॥
ਮੀਣਿਆ ਭੀ ਪੁਸਤਕ ਇਕ ਗ੍ਰੰਥ* ਬਣਾਇਆ॥
ਚਹੁੰ ਪਾਤਸਾਹੀਆਂ ਦੇ ਸਬਦ ਬਾਣੀ ਲਿਖਿ ਵਿਚਿ ਪਾਇਆ॥
ਬਚਨ ਕੀਤਾ ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ॥
ਮੀਣੇ ਪਾਣ ਲੱਗੇ ਨੀ ਰਲਾ, ਸੋ ਨਿਆਰੀ ਕਰ ਧਰੀਏ ॥
ਇੱਕ ਸਿੱਖ ਬੋਲਯੋ ਜੋਰਿ ਕਰੁ, ਗੁਰ ਜੀ ਸੁਨਿ ਲੀਜੈ ॥
ਪ੍ਰਿਥੀਆ ਆਦਿਕ ਅਪਰ ਬਹੁ, ਤਿਨ ਕਰਮ ਲਖੀਜੈ ॥
ਆਪ ਬਨਾਵਤ ਸਬਦ ਕੋ, ਨਿਜ ਬੁਧਿ ਅਨੁਸਾਰੀ ॥
ਸ੍ਰੀ ਨਾਨਕ ਕੋ ਨਾਮ ਸੁਭ, ਧਰਿ ਦੇਤ ਮਝਾਰੀ ॥
(ਗੁਰ ਪ੍ਰਤਾਪ ਸੂਰਯ ਰਾਸਿ 3, ਅੰਸ 32)*

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕ੍ਰਿਤ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਜੀ ਅਤੇ ਮਿਹਰਬਾਨ ਦੇ ਪੁੱਤਰ ਹਰਿ ਅਤੇ ਚਤੁਰਭੁਜ ਦੀਆਂ ਪੋਥੀਆਂ ਵਿਚ ਭੀ 'ਨਾਨਕ ਨਾਮ' ਨਾਲ ਕਚੀ ਬਾਣੀ ਦਰਜ ਹੈ।

ਸਿੱਖਾਂ ਦੀ ਭਗਤ ਮਾਲਾ ਦੇ ਪੰਨਾ 129 ਉਤੇ ਦਰਜ ਹੈ। 'ਜੀ ਸਾਚੇ ਪਾਤਿਸ਼ਾਹ ਗੁਰੂ ਕੀ ਬਾਣੀ ਨੂੰ ਸੁਣ ਕੇ ਤੇ ਭੈ ਪ੍ਰਾਪਤ ਹੁੰਦਾ ਹੈ ਅਤੇ ਪ੍ਰਿਥੀ ਮਲੁ, ਮਹਾਂਦੇਉ ਅਤੇ ਹੋਰ ਸੋਢੀਆਂ ਬਾਣੀ ਕਰਕੈ ਵਿਚ ਗੁਰੂ ਨਾਨਕ ਦੇਵ ਜੀ ਦਾ ਭੋਗੁ ਪਾਇਆ ਹੈ। ਉਨ੍ਹਾਂ ਦੀਆਂ ਬਾਣੀਆਂ ਨੂੰ ਸੁਣਕੇ ਮਨ ਵਿਚ ਅਭਿਮਾਨ ਅਤੇ ਚੁਤਰਾਈ ਵਧਦੀ ਹੈ। ਤਾਂ ਬਚਨੁ ਹੋਇਆ, ਭਾਈ ਗੁਰਦਾਸ ! ਹੁਣ ਤਾਂ ਬਾਣੀਆਂ ਨੂੰ ਸਿੱਖ ਜਾਣਦੇ ਹੈਨਿ ਅਤੇ ਅਗੇ ਜੋ ਹੋਵਨਗੇ ਸੋ ਪਛਾਣਨਗੇ ਨਹੀਂ, ਜੋ ਗੁਰੂ ਕੀ ਬਾਣੀ ਕੌਨ ਹੈ ਅਤੇ ਬਾਹਰਿ ਦੀ ਬਾਣੀ ਕੌਨ ਹੈ, ਤਾਂ ਤੇ ਸਭ ਬਾਣੀਆਂ ਇਕੱਠੀਆਂ ਕਰਕੇ ਗ੍ਰੰਥ ਜੀ ਦੀ ਬੀੜ ਕੀਚੈ ਤੇ ਅਖਰ ਭੀ ਗੁਰਮੁਖੀ ਸੁਗਮ ਕੀਚਨ।'

'ਗੁਰੂ ਨਾਨਕ ਸਾਹਿਬ ਦੇ ਨਾਮ ਪੁਰ ਬਾਣੀ ਰਚਣੀ ਤਾਂ ਸਾਧਾਂ ਫ਼ਕੀਰਾਂ ਨੇ ਉਹਨਾਂ ਦੇ ਵੇਲੇ ਸ਼ੁਰੂ ਕਰ ਦਿੱਤੀ ਸੀ ਅਤੇ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੱਕ ਪੌਣੀ ਸਦੀ ਹੋਰ ਏਸੇ ਠਗੀ ਵਿਚ ਲੰਘ ਚੁੱਕੀ ਸੀ। ਜੇਕਰ ਗੋਸ਼ਟਾਂ ਅਤੇ ਸਾਖੀਆਂ ਆਦਿ ਤੋਂ ਜਾਚ ਕਰੀਏ ਤਦ ਇਹ ਨਕਲੀ ਬਾਣੀ ਲੱਗਭੱਗ ਉਤਨੀ ਹੀ ਬਣ ਚੁੱਕੀ ਸੀ ਜਿੰਨੀ ਕੁ ਖੁਦ ਗੁਰੂ ਸਾਹਿਬ ਦੀ ਆਪਣੀ ਰਚੀ ਅਸਲੀ ਬਾਣੀ ਅਤੇ ਦੋਵੇਂ ਤਰ੍ਹਾਂ ਦੀਆਂ ਬਾਣੀਆਂ ਨਕਲੀ ਵੀ ਤੇ ਅਸਲੀ ਵੀ ਸਿੱਖਾਂ ਵਿਚ ਇਕੋ ਜਿਹੀਆਂ ਫੈਲੀਆਂ ਹੋਈਆਂ ਸਨ। ਕੋਈ ਗ੍ਰੰਥ ਜਾਂ ਪੋਥੀ ਜਿਸ ਵਿਚ ਅਸਲੀ ਗੁਰਬਾਣੀ ਇਕੱਠੀ ਕੀਤੀ ਹੋਵੇ ਸਿੱਖਾਂ ਪਾਸ ਮੌਜੂਦ ਨਹੀਂ ਸੀ ਜਿਸਦੀ ਮਦਦ ਨਾਲ ਕਿ ਉਹ ਨਕਲੀ ਅਤੇ ਅਸਲੀ ਬਾਣੀ ਵਿਚ ਪਹਿਚਾਣ ਕਰ ਸਕਣ। ਬਾਣੀ ਬਹੁਤ ਕਰਕੇ ਜ਼ਬਾਨੀ ਹੀ ਚਲੀ ਆਉਂਦੀ ਸੀ ਜਿਸ ਕਰਕੇ ਅਸਲੀ ਬਾਣੀ ਵਿਚ ਵੀ ਸਹਿਜ ਸੁਭਾ ਲਫਜ਼ੀ ਫ਼ਰਕ

ਪੈਂਦੇ ਜਾਂਦੇ ਸਨ। ਇਹ ਇੱਕ ਕੁਦਰਤੀ ਗੱਲ ਹੈ।'

ਕਈ ਚਤੁਰ ਮਨੁੱਖ ਇਹ ਆਖਦੇ ਹਨ ਕਿ 'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ' ਵਾਲੀ ਪੰਕਤੀ ਵੇਦਾਂ, ਸਿਮ੍ਰਤੀਆਂ, ਸ਼ਾਸ਼ਤਰਾਂ ਅਤੇ ਪੁਰਾਣਾਂ 'ਤੇ ਲਾਗੂ ਨਹੀਂ ਹੁੰਦੀ ਕਿਉਂਕਿ ਇਹ ਪੰਕਤੀ ਸਚੀ ਬਾਣੀ 'ਚ ਰਲਾ ਪਾਉਣ ਵਾਲੇ ਗੁਰੂ ਦੇ ਵਿਦਰੋਹੀਆਂ ਦੇ ਭੈੜੇ ਵਤੀਰੇ ਨੂੰ ਮੁੱਖ ਰੱਖ ਕੇ ਉਚਾਰਨ ਕੀਤੀ ਗਈ ਸੀ ਪਰ ਗੁਰਬਾਣੀ ਦਾ ਅਧਿਐਨ ਕਰਨ ਮਗਰੋਂ ਵੇਦ-ਬਾਣੀ ਤੇ ਗੁਰਬਾਣੀ ਦਾ ਅੰਤਰ ਸਪਸ਼ਟ ਰੂਪ ਵਿਚ ਉਘੜ ਕੇ ਸਾਹਮਣੇ ਆਉਂਦਾ ਹੈ :

**ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥**
**ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥**

ਇਸ ਸਲੋਕ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੀਚਾਰ ਇਹ ਹਨ ਕਿ ਵੇਦਾਂ ਤੋਂ ਲੋਕਾਂ ਨੂੰ ਅਗਵਾਈ ਨਹੀਂ ਮਿਲ ਸਕਦੀ, ਕਿਉਂਕਿ ਉਹਨਾਂ ਵਿੱਚ ਕਰਮਕਾਂਡਾਂ ਅਤੇ ਉਚੀਆਂ, ਨੀਵੀਆਂ ਜਾਤਾਂ ਦੇ ਭਰਮ ਭਰੇ ਪਏ ਹਨ। ਬ੍ਰਹਮ-ਗਿਆਨ ਅਤੇ ਲਿਵ ਵਾਲੀਆਂ ਗੱਲਾਂ ਕੇਵਲ ਸਤਿਗੁਰੂ ਦੀ ਸੱਚੀ ਬਾਣੀ ਹੀ ਦੱਸਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ ੧੬੨ 'ਤੇ 'ਮਹਲਾ ੩ ਗਉੜੀ ਬੈਰਾਗਣਿ।। 'ਜੈਸੀ ਧਰਤੀ ਊਪਰਿ ਮਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ' ਵਾਲੇ ਸ਼ਬਦ ਦਾ ਇਤਿਹਾਸਕ ਪਿਛੋਕੜ ਇਹ ਦੱਸਿਆ ਜਾਂਦਾ ਹੈ ਕਿ ਜਦੋਂ ਸ੍ਰੀ ਗੁਰੂ ਅਮਰ ਦਾਸ ਜੀ ਹਰਦੁਆਰ ਗਏ ਤਾਂ ਆਪ ਪਾਸੋਂ ਉਥੋਂ ਦੇ ਪੰਡਤਾਂ ਨੇ ਪ੍ਰਸ਼ਨ ਪੁਛਿਆ 'ਗੁਰੂ ਜੀ ? ਜਦੋਂ ਸੰਸਕ੍ਰਿਤ ਵਿਚ ਪਹਿਲਾਂ ਹੀ ਵੇਦਾਂ-ਸਾਸ਼ਤਰਾਂ ਦੀ ਬਾਣੀ ਮੌਜੂਦ ਸੀ ਤਾਂ ਗੁਰੂ ਨਾਨਕ ਦੇਵ ਜੀ ਨੂੰ ਆਪਣੀ ਬਾਣੀ ਰਚਨ ਦੀ ਕੀ ਲੋੜ ਸੀ? ਕੀ ਵੇਦ-ਬਾਣੀ ਮਨੁੱਖਤਾ ਦਾ ਕਲਿਆਣ ਨਹੀਂ ਕਰ ਸਕਦੀ ਸੀ? ਆਪ ਜੀ ਨੇ ਉੱਤਰ ਦਿੱਤਾ ਪੰਡਤ ਜੀ ! ਧਰਤੀ ਵਿਚ ਪਾਣੀ ਤਾਂ ਬਹੁਤ ਹੈ ਪਰ ਬੱਦਲ ਫਿਰ ਭੀ ਵੱਸਦਾ ਹੈ, ਇਹ ਕਿਉਂ ਵੱਸਦਾ ਹੈ? ਕੀ ਇਸ ਨੂੰ ਇਹ ਗਿਆਨ ਨਹੀਂ ਕਿ ਖੂਹ, ਨਦੀਆਂ, ਨਾਲੇ ਅਤੇ ਸਮੁੰਦਰ ਵੀ ਸੰਸਾਰ ਵਿਚ ਮੌਜੂਦ ਹਨ ? ਅਸਲੀਅਤ ਇਹ ਹੈ ਕਿ ਧਰਤੀ ਧਰਤੀ ਦੇ ਪਾਣੀ ਨਾਲ ਇਤਨੀ ਛੇਤੀ ਨਹੀਂ ਪੁੰਗਰਦੀ ਜਿਤਨੀ ਕਿ ਮੀਂਹ ਦੇ ਪਾਣੀ ਨਾਲ ਪੁੰਗਰਦੀ ਤੇ ਫਲਦੀ ਹੈ। ਬੋਲੀ ਕੋਈ ਵੀ ਪਵਿੱਤਰ ਜਾਂ ਅਪਵਿੱਤਰ ਨਹੀਂ ਹੁੰਦੀ, ਉਸ ਵਿਚ ਦਿਤੇ ਵੀਚਾਰ ਹੀ ਆਦਰ ਅਤੇ ਸਤਿਕਾਰ ਦਾ ਪ੍ਰਤੀਕ ਹੁੰਦੇ ਹਨ। ਜਿਵੇਂ ਬੱਦਲ ਵਿਚ ਪਾਣੀ ਅਤੇ ਪਾਣੀ ਵਿਚ ਬੱਦਲ ਸਮਾਇਆ ਹੋਇਆ ਹੈ ਇਸੇ ਤਰ੍ਹਾਂ ਗੁਰੂ ਅਤੇ ਪ੍ਰਮੇਸ਼ਰ ਸਮ ਰੂਪ ਹਨ :

**'ਗੁਰੁ ਪਰਮੇਸਰੁ ਏਕੋ ਜਾਣੁ॥'**

**(ਅੰਕ ੮੬੪)**

ਭਾਈ ਗੁਰਦਾਸ ਜੀ ਦੀ ਰਚਿਤ ਪੰਕਤੀ **'ਸਿਧਿ ਤੰਤ੍ਰ ਮੰਤ੍ਰਿ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ'** ਤੋਂ ਪ੍ਰਗਟ ਹੈ ਕਿ ਗੁਰਬਾਣੀ ਦੀ ਆਮ ਸ਼ਕਤੀ ਅੱਗੇ ਸਭ ਰਚਨਾਵਾਂ ਫਿਕੀਆਂ ਅਤੇ ਫੋਕੀਆਂ ਸਨ। ਗੁਰਬਾਣੀ ਦਾ ਵਧਦਾ ਪ੍ਰਤਾਪ ਦੇਖਕੇ ਕਈ ਵੇਦਾਂਤੀ ਭੀ ਘਬਰਾ ਗਏ ਸਨ ਅਜਿਹੇ ਘਬਰਾਏ ਹੋਏ ਲੋਕਾਂ ਨੇ ਹੀ ਅਜਿਹਾ ਵੀਚਾਰ ਪ੍ਰਚਲਤ ਕੀਤਾ ਹੋਵੇਗਾ ਕਿ ਗੁਰੂ ਅਮਰ ਦਾਸ ਜੀ ਦੇ ਅੰਮ੍ਰਿਤ ਬਚਨ **'ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ'** ਗੁਰੂ ਕਾਲ ਦੇ ਕਵੀਆਂ ਨਾਲ ਸੰਬਧਤ ਹੈ, ਵੇਦਾਂ, ਸਾਸ਼ਤ੍ਰਾਂ ਨਾਲ ਨਹੀਂ।

ਅਨੰਦੁ ਸਾਹਿਬ ਵਿਚ ਹੇਠ ਲਿਖੀ ਪਉੜੀ ਇਸ ਮਸਲੇ 'ਤੇ ਆਪਣਾ ਫੈਸਲਾ ਇਉਂ ਦਿੰਦੀ ਹੈ :

**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥**
**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥**

ਇਸ ਵਿਚ ਸ਼ੱਕ ਨਹੀਂ ਕਿ ਗੁਰਬਾਣੀ ਵਿਚ ਵੇਦਾਂ, ਪੁਰਾਣਾ ਅਤੇ ਸਿਮ੍ਰਤੀਆਂ ਦਾ ਜ਼ਿਕਰ ਆਇਆ ਹੈ ਪਰ ਉਹ ਵੇਦ ਧਰਮ ਦੇ ਸ਼ਰਧਾਲੂਆਂ ਜਾਂ ਸ਼ਰਧਾ ਭਾਵਨੀ ਰੱਖਣ ਵਾਲੇ ਰੂਪ ਵਿਚ ਨਹੀਂ ਆਇਆ। 'ਦੋਹਿਤਾ ਬਾਣੀ ਕਾ ਬੋਹਿਥਾ' ਵਰ ਦੇਣ ਵਾਲੇ ਦਾਤੇ ਨੇ ਵੇਦਾਂ ਦੇ ਸਿਧਾਂਤ ਨੂੰ ਬਿਲਕੁਲ ਨਹੀਂ ਅਪਣਾਇਆ ਅਤੇ ਨਾ ਹੀ ਧੁਰ ਕੀ ਬਾਣੀ ਨਾਲ ਤੁਲਨਾ ਦਿੱਤੀ ਹੈ। ਪੰਚਮ ਗੁਰਦੇਵ ਜੀ ਨੇ ਇਸ ਵਿਸ਼ੇ 'ਤੇ ਕਿਸੇ ਪ੍ਰਕਾਰ ਦਾ ਕੋਈ ਭਰਮ ਰਹਿਣ ਹੀ ਨਹੀਂ ਦਿੱਤਾ:

**ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥**

**(ਅੰਕ ੨੧੬)**

**ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ**
**ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥**

**(ਅੰਕ ੬੮੭)**

**ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ**
**ਇਨ੍ ਪੜਿਆ ਮੁਕਤਿ ਨ ਹੋਈ ॥**

**(ਅੰਕ ੭੪੭)**

ਮਨੁੱਖੀ ਜੀਵਨ ਨੂੰ ਚਾਰ ਅਸ਼ਰਮਾਂ ਵਿਚ ਵੰਡਣ ਵਾਲੇ ਵੇਦ-ਪਾਠੀ ਹੀ ਸਨ ਪਰ ਗੁਰੂ ਜੀ ਨੇ ਇਸ ਵੀਚਾਰ ਨੂੰ ਸਵੀਕਾਰ ਹੀ ਨਹੀਂ ਕੀਤਾ। ਗੁਰਮਤਿ ਵਿਚ ਗ੍ਰਿਹਸਤ ਆਸ਼ਰਮ ਦੀ ਪ੍ਰਧਾਨਤਾ ਹੈ ਕਿਉਂਕਿ ਜੀਵ ਧਰਮ ਦੀ ਕਿਰਤ ਕਰਕੇ ਵੰਡਣ ਵਾਲਾ ਪਰਉਪਕਾਰੀ ਜੀਵਨ ਬਤੀਤ ਕਰ ਸਕਦਾ ਹੈ। ਸੰਸਾਰ ਵਿਚ ਰਹਿੰਦੇ ਹੋਏ ਕਾਰ-ਵਿਹਾਰ ਕਰਦਿਆਂ ਕਰਤਾਰ ਨੂੰ ਚਿੱਤ ਵਿਚ ਵਸਾਉਣਾ ਸਭ ਤੋਂ ਵੱਡਾ ਧਰਮ ਹੈ ਅਤੇ ਇਹੋ ਹੀ ਪਰਵਾਣ ਹੋਣ ਦੀ ਵੱਡੀ ਨਿਸ਼ਾਨੀ ਹੈ :

**ਨਾਨਕ ਨਾਮੁ ਵਸਿਆ ਜਿਸੁ ਅੰਤਰਿ**
**ਪਰਵਾਣੁ ਗਿਰਸਤ ਉਦਾਸਾ ਜੀਉ ॥**

**(ਅੰਕ ੧੦੮)**

ਭਾਵੇਂ ਵੇਦਾਂ ਵਿਚ ਤਿੰਨਾ ਗੁਣਾ ਦਾ ਵਿਸਥਾਰ ਤੇ ਕਰਮ-ਕਾਂਡਾਂ ਦੀ ਜਕੜ ਹੈ ਪਰ ਇਨ੍ਹਾਂ ਨੂੰ ਨਾਮ ਤੋਂ ਖਾਲੀ ਕਹਿਣਾ ਵੀ ਅਨਿਆ

ਵਾਲੀ ਗੱਲ ਹੈ। ਕਿਉਂਕਿ **'ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ'** ਵਾਲੀ ਪੰਕਤੀ ਇਸ ਵੀਚਾਰ ਉਤੇ ਆਪਣੀ ਛਾਪ ਲਾਉਂਦੀ ਹੈ। ਵੇਦਾਂ ਵਿਚ ਨਾਮ ਦੀ ਗੱਲ ਸਕੇਤ ਮਾਤਰ ਕੀਤੀ ਗਈ ਹੈ। ਵੇਦਾਂ ਦੀ ਬਾਣੀ ਕਥਾ ਕਹਾਣੀ ਹੈ ਪਰ ਗੁਰਬਾਣੀ ਨਿਰੋਲ **'ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥' (ਅੰਕ ੭੨੩)** ਦਾ ਪ੍ਰਤੀਕ ਹੈ।

ਸੱਚੀ ਅਤੇ ਕੱਚੀ ਬਾਣੀ ਦੀ ਜੋ ਪ੍ਰਭਾਸ਼ਾ ਗੁਰੂ ਅਮਰ ਦਾਸ ਜੀ ਨੇ ਘੜੀ ਹੈ, ਉਸ ਵਿਚ ਸੰਸਾਰ ਦਾ ਕੋਈ ਵੱਡੇ ਤੋਂ ਵੱਡਾ ਵਿਦਵਾਨ ਜਾਂ ਸੰਤ ਵੀ ਵਾਧਾ ਘਾਟਾ ਨਹੀਂ ਕਰ ਸਕਦਾ। ਬੁੱਧੀ ਜੀਵੀਆਂ ਦਾ ਇਹ ਆਖਣਾ ਕਿ ਜਿਸ ਰਚਨਾ ਵਿਚ ਸੱਚ ਦਾ ਝਲਕਾਰਾ ਵੱਜੇ ਉਹ 'ਸਚੀ ਬਾਣੀ' ਹੈ, ਇਹ ਪ੍ਰਭਾਸ਼ਾ ਨਾ-ਮੁਕੰਮਲ ਹੈ। ਭਾ. ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਇਸ ਬਾਰੇ ਇਉਂ ਦਰਸਾਇਆ ਹੈ:

> ਸਚੀ ਬਾਣੀ-ਵਿ. ਸਤਯ ਦਾ ਪ੍ਰਕਾਸ਼ ਕਰਨ ਵਾਲੀ ਬਾਣੀ।
> ਅਸਤਯ ਰਹਿਤ ਸਤਯ ਰੂਪ ਬਾਣੀ।।
> ਸੰਗਯਾ-ਗੁਰਬਾਣੀ 'ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ
> ਗਾਵਹੁ ਸਚੀ ਬਾਣੀ।।' (ਅਨੰਦੁ)

ਸੋ 'ਸਚੀ ਬਾਣੀ' ਤੋਂ ਭਾਵ 'ਗੁਰਬਾਣੀ' ਹੈ। ਹੋਰ ਕਿਸੇ ਵਿਅਕਤੀ ਦੀ ਕਵਿਤਾ ਜਿਸ ਵਿਚ ਭਾਵੇਂ ਨਿਰੋਲ ਸੱਚ ਹੀ ਕਿਉਂ ਨਾ ਹੋਵੇ, ਸਚੀ ਬਾਣੀ ਦੀ ਪ੍ਰਭਾਸ਼ਾ ਵਿਚ ਨਹੀਂ ਆ ਸਕਦੀ। ਗੁਰੂ ਦੀ ਪਹੁੰਚ ਤੱਕ ਕਿਸੇ ਸੁਰਤੇ ਦੀ ਪਹੁੰਚ ਨਹੀਂ ਹੋ ਸਕਦੀ। ਇਸ ਲਈ ਉਸ ਦੀ ਰਚਨਾ ਨੂੰ 'ਸਚੀ ਬਾਣੀ' ਆਖਣਾ ਭੁੱਲ ਹੈ।

ਸੱਚੀ ਬਾਣੀ ਦਾ ਕਿਸੇ ਇੱਕ ਸੰਪਰਦਾ ਨਾਲ ਸਬੰਧ ਨਹੀਂ ਹੁੰਦਾ ਸਾਰਿਆਂ ਲਈ ਸਾਂਝੀ ਹੁੰਦੀ ਹੈ, ਕਿਉਂਕਿ ਗੁਰੂ ਸਾਹਿਬ ਜੀ ਦਾ ਫੁਰਮਾਨ ਹੈ:

**ਨਾਨਕ ਸਤਿਗੁਰੁ ਐਸਾ ਜਾਣੀਐ**
**ਜੋ ਸਭਸੈ ਲਏ ਮਿਲਾਇ ਜੀਉ ॥**

**(ਅੰਕ ੭੨)**

ਇਸ ਲਈ ਗੁਰੂ ਨਾਨਕ ਦੇਵ ਜੀ ਦੇ ਸਿੱਖ ਸਿਵਾਏ ਸੱਚੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਕਿਸੇ ਦੇਹਧਾਰੀ ਨੂੰ ਆਪਣਾ ਇਸ਼ਟਦੇਵ (ਗੁਰੂ) ਨਹੀਂ ਮੰਨਦੇ। ਦੇਹਧਾਰੀ ਗੁਰੂ ਦੀ ਧਾਰਨਾ ਨਾਮ ਧਾਰੀਆਂ, ਨਿਰੰਕਾਰੀਆਂ, ਰਾਧਾ ਸੁਆਮੀਆਂ, ਨੀਲ ਧਾਰੀਆਂ ਅਥਵਾ ਅਖੌਤੀ ਸਾਧਾਂ ਸੰਤਾਂ ਨੇ ਖੜੀ ਕੀਤੀ ਹੋਈ ਹੈ। ਬਾਕੀ ਸਾਰਾ ਸਿੱਖ ਜਗਤ 'ਸੱਚੀ ਬਾਣੀ' ਦੇ ਆਦੇਸ਼ ਅਨੁਸਾਰ ਗੁਰਬਾਣੀ ਨੂੰ ਹੀ ਗੁਰੂ ਮੰਨਦਾ ਹੈ:

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥**
**(ਅੰਕ ੯੮੨)**

ਸੱਚੀ ਬਾਣੀ ਕੇਵਲ ਸੱਚੇ ਸਤਿਗੁਰਾਂ ਦੀ ਹੈ ਜਿਨ੍ਹਾਂ ਦੀ ਕਥਨੀ ਤੇ ਕਰਣੀ ਵਿਚ ਕੋਈ ਅੰਤਰ ਨਹੀਂ ਹੈ। ਸੱਚੀ ਬਾਣੀ ਸਤਿਗੁਰਾਂ ਨੂੰ ਧੁਰੋਂ ਆਪਣੇ ਖਸਮ ਦੀ ਭੇਜੀ ਹੋਈ ਅਨੁਭਵ ਮੰਡਲ ਵਿਚ ਪ੍ਰਕਾਸ਼ਮਾਨ ਹੋਈ ਹੈ ਜਿਵੇਂ ਕਿ ਪਵਿੱਤਰ ਵਾਕ ਹਨ:

**ਹਉ ਆਪਹੁ ਬੋਲਿ ਨ ਜਾਣਦਾ**
**ਮੈ ਕਹਿਆ ਸਭੁ ਹੁਕਮਾਉ ਜੀਉ ॥**

**(ਅੰਕ ੭੬੩)**

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**

**(ਅੰਕ ੭੨੨)**

**ਧੁਰ ਕੀ ਬਾਣੀ ਆਈ ॥**
**ਤਿਨਿ ਸਗਲੀ ਚਿੰਤ ਮਿਟਾਈ॥**

**(ਅੰਕ ੬੨੮)**

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ॥**

**(ਅੰਕ ੩੦੮)**

ਸੱਚੀ ਬਾਣੀ ਦੀ ਇਹ ਨਿਸ਼ਾਨੀ ਹੈ ਕਿ ਉਹ ਸਰਬਕਾਲ 'ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ॥ (ਅੰਕ ੪੪) ਦਾ ਪੈਗਾਮ ਦਿੰਦੀ ਹੈ। ਜਗਤ ਜਲੰਦੇ ਨੂੰ ਸ਼ਾਂਤ ਰੂਪ ਸ਼ਕਤੀ ਨਾਲ ਠਾਰਦੀ ਹੈ। ਇਸ ਵਿਚ ਸੰਦੇਹ ਨਹੀਂ ਕਿ ਆਤਮ-ਦਰਸ਼ੀ ਪੁਰਸ਼ਾਂ ਦੀ ਬਾਣੀ ਸੱਚੀ ਹੁੰਦੀ ਹੈ ਜਿਵੇਂ ਗੁਰਬਾਣੀ ਵਿਚ ਭੀ ਅੰਕਿਤ ਹੈ:

**ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ॥**
**(ਅੰਕ ੪੨੯)**

ਪਰ ਸਮੂਹ ਜਗਤ ਦੇ ਜਗਿਆਸੂਆਂ ਨੂੰ ਉਨ੍ਹਾਂ ਭਗਤਾਂ ਅਤੇ ਮਹਾਂ ਪੁਰਸ਼ਾਂ ਦੀਆਂ ਰਚਨਾਵਾਂ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਦੇ ਅੰਦਰ ਬਾਹਰ ਸੱਚ ਹੈ। ਸਾਕਤ ਪੁਰਸ਼ਾਂ ਦੀ ਬਾਣੀ ਸਦਾ ਕੱਚੀ ਹੁੰਦੀ ਹੈ। ਕੱਚੀ ਬਾਣੀ ਹਉਮੈ ਅਤੇ ਵੈਰ ਵਿਰੋਧ ਨਾਲ ਭਰੀ ਹੋਈ ਹੁੰਦੀ ਹੈ ਜਿਵੇਂ 'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥ (ਅੰਕ ੧੪੫) ਵਾਲਾ ਸਿਧਾਂਤ ਅਟਲ ਹੈ, ਇਸੇ ਤਰ੍ਹਾਂ ਸੱਚੀ ਤੇ ਕੱਚੀ ਬਾਣੀ ਦਾ ਪਰਸਪਰ ਮੇਲ ਨਹੀਂ ਹੋ ਸਕਦਾ। ਗੁਰੂ ਸਾਹਿਬ ਜੀ ਦੇ ਬਚਨ ਹਨ:

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥**
**ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ**
**ਸੇ ਕੂੜਿਆਰ ਕੂੜੇ ਝੜਿ ਪੜੀਐ॥**

**(ਅੰਕ ੩੦੪)**

ਗੁਰਬਾਣੀ ਦੇ ਮੁਕਾਬਲੇ ਤੇ ਕਿਸੇ ਮਨੁੱਖ ਦੀ ਰਚਨਾ ਨਿਰੋਲ ਸੱਚੀ ਸਾਬਤ ਨਹੀਂ ਹੋ ਸਕਦੀ ਕਿਉਂਕਿ ਉਸ ਵਿਚ ਗੁਰੂ ਜੋਤਿ ਦੀ

ਕਲਾ ਦਾ ਪ੍ਰਕਾਸ਼ ਨਹੀਂ ਹੁੰਦਾ। ਨਾਲ ਹੀ ਸੱਚੀ ਬਾਣੀ ਵਿਚ ਮੰਤਕੀਆਂ ਦੀਆਂ ਦਲੀਲਾਂ ਜਾਂ ਫੋਕੀ ਫਿਲਾਸਫੀ ਨਹੀਂ ਹੁੰਦੀ ਜਿਹੜੀ ਕਿ ਪਰਖ ਕਸਵੱਟੀ 'ਤੇ ਪਰਖਿਆਂ ਅਪੂਰਨ ਸਾਬਤ ਹੁੰਦੀ ਰਹੇ। ਸੋ ਸੰਸਾਰੀਆਂ ਦੀ ਬਾਣੀ ਨਰਕ-ਧਾਰੀਆਂ ਨਾਲ ਮੇਲ ਕਰਾਉਂਦੀ ਹੈ ਅਤੇ ਕਰਤਾਰੀ ਬਾਣੀ ਕਰਤਾ ਪੁਰਖ ਜੀ ਦੇ ਸੱਚ ਖੰਡ ਦਰਬਾਰ ਦੇ ਦਰਸ਼ਨ ਦੀਦਾਰੇ ਕਰਾਉਂਦੀ ਹੈ:

**ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥**
**ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥**

(ਅੰਕ ੯੬੪)

ਭਾਵੇਂ ਸ੍ਰੀ ਦਸਮ ਗ੍ਰੰਥ, ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ (ਸਿੰਘ) ਦੀਆਂ ਰਚਨਾਵਾਂ ਸਿੱਖ ਧਰਮ ਵਿਚ ਪ੍ਰਮਾਣੀਕ ਮੰਨੀਆਂ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਭੀ ਗੁਰੂ ਪਦ ਪ੍ਰਾਪਤ ਨਹੀਂ ਹੈ।

'ਹਰਿਵਸੁ ਤਪਾ ਧਰਮਸਾਲ ਦੀ ਟਹਿਲ ਕਰਦਾ ਸੀ ਤਾਂ ਓਸ ਨੇ ਸਾਹਿਬ ਥੇ ਅਰਦਾਸ ਕੀਤੀ: ਜੋ ਜੀ ਭਾਈ ਗੁਰਦਾਸ ਦੀ ਬਾਣੀ ਪੜਿਆ ਕਰੀਏ ਕਿ ਨਾ ਪੜਿਆ ਕਰੀਏ ? ਤਾਂ ਬਚਨੁ ਹੋਇਆ : ਆਗਿਆਨੀਆ ਨੇ ਸ਼ਰੀਕਾ ਕਰਕੈ ਬਾਣੀਆ ਉਚਾਰੀਆਂ ਹੈਨਿ ਤੇ ਗੁਰੂ ਕੇ ਸਬਦ ਦੀ ਛਾਇਆਂ ਨਹੀਂ ਲੀਤੀ, ਓਸ ਬਾਣੀ ਨੂੰ ਬਰਜਿਆ ਹੈ ਅਤੇ ਭਾਈ ਜੀ ਦੀ ਬਾਣੀ ਤਾਂ ਮਾਨੋਂ ਸ਼ਬਦ ਦਾ ਟੀਕਾ ਹੈ। ਉਸ ਤੇ ਸਿਖੀ ਪ੍ਰਾਪਤਿ ਹੁੰਦੀ ਹੈ। ਜੋ ਈਸ਼ਰ ਦਾ ਰਿਦਾ ਗਯਾਨ ਹੈ ਅਤੇ ਗੁਰਾਂ ਦਾ ਰਿਦਾ ਸ਼ਬਦ ਹੈ ਜੋ ਸਿੱਖ ਦਾ ਰਿਦਾ ਸ਼ਬਦ ਨਾਲ ਮਿਲਿਆ ਹੋਵੈ ਸੋ ਬਿਸ਼ੱਕ ਓਹੁ ਪੜ੍ਹਨਾ। (ਸਿੱਖਾਂ ਦੀ ਭਗਤ ਮਾਲਾ)

ਇਸ ਸਬੰਧ ਵਿਚ ਇੱਕ ਹੋਰ ਸਾਖੀ ਜੋ 'ਪਰਚੀਆਂ ਸੇਵਾਦਾਸ' ਦੇ ਪੰ. 166 ਉਤੇ ਦਰਜ ਹੈ, ਇਹੋ ਸੇਧ ਮਿਲਦੀ ਹੈ:

ਸੁਣਿ ਸਿਖਾ ''ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ।।'' ਤਿਨ ਕੀ ਬਾਣੀ ਪੜ੍ਹਨੀ ਸੁਣਨੀ ਪਵਿੱਤਰ ਹੈ।।

ਇਹ ਜ਼ਰੂਰੀ ਨਹੀਂ ਕਿ ਹਰੇਕ ਮਨੁੱਖ ਅੰਦਰ ਸੱਚੀ ਤੇ ਕੱਚੀ ਵਸਤੂ ਨੂੰ ਪਰਖਣ ਦੀ ਸੂਝ-ਬੂਝ ਹੋਵੇ ਪਰ ਇਸ ਬਾਰੇ ਭੀ ਗੁਰਦੇਵ ਪਿਤਾ ਨੇ ਇੱਕ ਨਿਰਮਲ ਸੇਧ ਬਖਸ਼ ਦਿੱਤੀ ਹੈ:

**ਜੇ ਆਪਿ ਪਰਖ ਨ ਆਵਈ**
**ਤਾਂ ਪਾਰਖੀਆ ਥਾਵਹੁ ਲਇਉ ਪਰਖਾਇ॥**

**(ਪੰਨਾ ੧੨੪੯)**

ਭਾਈ ਗੁਰਦਾਸ ਜੀ ਨੇ ਕੱਚੀ ਬਾਣੀ ਬਣਾਉਣ ਵਾਲੇ ਮੀਣਿਆਂ ਨੂੰ ਪਰਖਣ ਵਾਸਤੇ ਨਿਸ਼ਾਨੀ ਭੀ ਦੱਸੀ ਹੈ:

**ਕਿਆ ਨੀਸਾਣੀ ਮੀਣਿਆ ਖੋਟੁ ਸਾਲੀ ਸਿਕੈ।**
**ਸਿਰਿ ਸਿਰਿ ਪਾਹਣੀ ਮਾਰੀਅਨਿ ਓਇ ਪੀਰ ਫਿਟਿਕੈ ॥**

**(ਵਾਰ ੩੬, ਪਉੜੀ ੮)**

ਭਾਵ ਮੀਣੇ ਖੋਟੀ ਟਕਸਾਲ ਦੇ ਸਿੱਕੇ ਹਨ। ਜਿਵੇਂ ਖੋਟਾ ਰੁਪਇਆ ਦਿੱਸਣ ਵਿਚ ਖਰੇ ਵਰਗਾ ਹੁੰਦਾ ਹੈ ਪਰ ਸਿੱਕਾ ਖੋਟਾ ਹੁੰਦਾ ਹੈ। ਇਸੇ ਤਰ੍ਹਾਂ ਮੀਣੇ ਦਿੱਸਣ ਨੂੰ ਗੁਰਸਿੱਖਾਂ ਵਰਗੇ ਅਤੇ ਦਿਲ ਦੇ ਕਪਟੀ ਹੁੰਦੇ ਹਨ। ਉਹਨਾਂ ਨੂੰ ਸਿਰੋ ਸਿਰ ਜੁੱਤੀਆਂ ਮਾਰੀਆਂ ਜਾਂਦੀਆਂ ਹਨ ਕਿਉਂਕਿ ਉਹ ਪੀਰ (ਗੁਰੂ) ਦੇ ਫਿਟਕੇ ਹੋਏ ਹੁੰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਿਆਸੂ ਰੂਪ ਇਸਤ੍ਰੀ ਨੂੰ ਇਹ ਆਦੇਸ਼ ਦਿੱਤਾ ਹੈ ਕਿ ਕਿਸੇ ਵਸਤੂ ਨੂੰ ਵਿਹਾਝਣ ਤੋਂ ਪਹਿਲਾਂ ਉਹ ਉਸਦੀ ਪਰਖ ਕਰ ਲਵੇ:

**ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥**
**ਪਹਿਲਾ ਵਸਤੁ ਸਿਵਾਣਿ ਕੈ ਤਾਂ ਕੀਚੈ ਵਾਪਾਰੁ ॥**

**(ਅੰਕ ੧੪੧੦)**

ਪਾਠਕ ਜਾਣਦੇ ਹੀ ਹਨ ਕਿ ਦੁਨਿਆਵੀ ਬਜ਼ਾਰ ਵਿਚ ਅਸਲੀ ਅਤੇ ਨਕਲੀ ਵਸਤੂ ਖਰੀਦਣ ਲਈ ਕੋਈ ਨਾ ਕੋਈ ਕਸਵਟੀ ਹੁੰਦੀ ਹੈ। ਜਿਹੜੇ ਸੌਦੇ ਸਿੱਕੇ ਬੰਦ ਹੁੰਦੇ ਹਨ, ਵਪਾਰੀ ਉਨ੍ਹਾਂ ਦੀ ਕੇਵਲ ਮੋਹਰ ਵੇਖਦੇ ਹਨ। ਵਜ਼ਨ ਉਪਰ ਲਿਖਿਆ ਹੁੰਦਾ ਹੈ, ਕੋਈ ਭੀ ਤੋਲਦਾ ਨਹੀਂ ਕਿਉਂਕਿ ਗਾਹਕ ਨੂੰ ਵਪਾਰੀ ਉਤੇ ਵਿਸ਼ਵਾਸ ਹੁੰਦਾ ਹੈ। ਮਿਸਾਲ ਵਜੋਂ ਜੇ ਸਰਾਫ਼ ਪਾਸੋਂ ਸੋਨੇ ਦੀ ਪੰਜ ਤੋਲੀ ਲੈਣੀ ਹੋਵੇ ਤਾਂ ਉਸ ਉਤੇ ਪਹਿਲਾਂ ਹੀ ਮੋਹਰ ਲੱਗੀ ਹੋਈ ਹੁੰਦੀ ਹੈ। ਮੋਹਰ ਪੜ੍ਹ ਕੇ ਗਾਹਕ ਦੀ ਤਸੱਲੀ ਹੋ ਜਾਂਦੀ ਹੈ। ਪਰ ਜਦੋਂ ਬਿਨਾਂ ਮੋਹਰ ਤੋਂ ਹੋਵੇ ਤਾਂ ਉਸ ਨੂੰ ਕਸਵਟੀ ਤੋਂ ਲਵਾਉਂਦੇ, 'ਧਰਮ ਕਾਂਟੇ' ਤੇ ਫਿਰ ਵਜ਼ਨ ਕਰਾਉਂਦੇ ਹਨ, ਕਿਉਂਕਿ ਕਈ ਧੋਖੇਬਾਜ ਲੋਕ ਮਿਲਾਵਟ ਕਰਨੋਂ ਬਾਜ਼ ਨਹੀਂ ਆਉਂਦੇ, ਅਸਲ ਵਿਚ ਸੱਚ ਹੀ ਸੱਚ ਹੁੰਦਾ ਹੈ ਤੇ ਕੂੜ ਨਿਰੋਲ ਕੂੜ ਹੁੰਦਾ ਹੈ। ਸੱਚ ਵਿਚ ਕੂੜ ਨਹੀਂ ਸਮਾ ਸਕਦਾ:

**ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥**

**(ਅੰਕ ੩੧੪)**

ਭਗਤ ਕਬੀਰ ਜੀ ਦੇ ਬਚਨ ਹਨ:

**ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ।।**
**ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ।।**

**(ਅੰਕ ੯੪੮)**

ਸੋ ਅਲੋਚਨਾਤਮਿਕ ਅਧਿਐਨ ਕੱਚੀ ਬਾਣੀ ਦਾ ਹੋ ਸਕਦਾ ਹੈ ਪਰ ਜਿਹੜੀ ਸੱਚੀ ਬਾਣੀ ਹੈ, ਭਾਵ ਜਿਸ ਉਤੇ ਸਤਿਗੁਰਾਂ ਨੇ 'ਮੁੰਦਾਵਣੀ' ਦੀ ਮੋਹਰ ਛਾਪ ਲਾ ਦਿੱਤੀ ਹੈ, ਉਸ ਨੂੰ ਪਰਖਣ ਦੀ ਲੋੜ ਨਹੀਂ ਹੈ।

ਜਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ, ਉਸ 'ਤੇ ਭਾਵੇਂ 'ਨਾਨਕ ਨਾਮ' ਦੀ ਮੋਹਰ ਭੀ ਕਿਉਂ ਨਾ ਲੱਗੀ ਹੋਵੇ, ਗੁਰਬਾਣੀ ਨਾਲ ਭਾਵਕ ਮੇਲ ਭੀ ਰੱਖਦੀ ਹੋਵੇ, ਫਿਰ ਭੀ ਉਹ ਗੁਰਬਾਣੀ (ਸੱਚੀ ਬਾਣੀ) ਦੀ ਪ੍ਰਤੀਕ ਨਹੀਂ ਮੰਨੀ ਜਾ ਸਕਦੀ ਕਿਉਂਕਿ ਉਹ ਪ੍ਰਵਾਨ ਹੋਈ ਬਾਣੀ ਤੋਂ ਬਾਹਰ ਹੈ।

ਸ੍ਰੀ ਗੁਰੂ ਅਮਰ ਦਾਸ ਜੀ ਨੇ 'ਸੱਚੀ ਬਾਣੀ' ਦੀ ਵਰਤੋਂ ਕੇਵਲ ਅਨੰਦੁ ਸਾਹਿਬ ਵਿਚ ਹੀ ਨਹੀਂ ਕੀਤੀ, ਬਾਕੀ ਰਚਨਾ ਵਿੱਚ ਵੀ ਅਨੇਕ ਥਾਵਾਂ ਤੇ ਕੀਤੀ ਹੈ। (ਵੇਰਵੇ ਲਈ ਵੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਕ ੩੫, ੩੬, ੬੭, ੩੬੧, ੫੫੯, ੫੬੪, ੫੯੩, ੬੦੦, ੭੫੩, ੭੬੯, ੯੫੪, ੧੦੫੩ ਅਤੇ ੧੦੫੫ ਆਦਿ) ਆਪ ਜੀ ਨੂੰ ਇਹਨਾਂ ਸ਼ਬਦਾਂ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਦੇ ਭੰਡਾਰੇ ਵਿਚੋਂ ਹੀ ਬਖਸ਼ਿਸ਼ ਹੋਈ ਹੈ ਕਿਉਂਕਿ ਗੁਰੂ ਬਾਬਾ ਜੀ ਨੇ 'ਸੱਚੀ ਬਾਣੀ' ਦੀ ਵਰਤੋਂ ਆਪ ਭੀ ਕੀਤੀ ਹੈ:

**ਸਚੀ ਬਾਣੀ ਜੁਗ ਚਾਰੇ ਜਾਪੈ ॥**

**(ਅੰਕ ੧੫੮)**

**ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ**

**(ਅੰਕ ੧੦੦੯)**

**ਸਚੀ ਬਾਣੀ ਹਰਿ ਗੁਣ ਗਾਵੈ ॥**

**(ਅੰਕ ੧੩੪੨)**

ਸ੍ਰੀ ਗੁਰੂ ਅਰਜਨ ਦੇਵ ਜੀ ਨੇ **'ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ॥' (ਅੰਕ ੪੦੪)** ਦਾ ਸੰਕੇਤ ਦੇ ਕੇ ਗੁਰਬਾਣੀ ਨਾਲ ਪ੍ਰੇਮ ਕਰਨ ਦੇ ਸਿਖਰ ਨੂੰ ਜਾ ਛੋਹਿਆ ਹੈ। ਸਦਾ ਅਨੰਦ ਅਨੰਦੀ ਸਾਹਿਬੁ ਦੇ ਨਿਰਗੁਣ ਸਰੂਪ ਦੇ ਦਰਸ਼ਨ ਸੱਚੀ ਬਾਣੀ (ਗੁਰਬਾਣੀ) ਦੁਆਰਾ ਹੀ ਹੋ ਸਕਦੇ ਹਨ। ਕੱਚੀ ਬਾਣੀ ਨੂੰ ਪੜਨ ਅਤੇ ਸੁਣਨ ਵਾਲੇ ਕਚੇ ਬਿਰਹੀ ਹੁੰਦੇ ਹਨ, ਜਿਹੜੇ ਝੜਿ ਝੜਿ ਪੈਂਦੇ ਹਨ ਅਤੇ ਉਨ੍ਹਾਂ ਨੂੰ ਸੱਚੀ ਬਾਣੀ ਦੀ ਕਾਰ ਸੇਵਾ ਕਰਨੀ ਨਹੀਂ ਆਉਂਦੀ। ਆਉ ਸੱਚੀ ਬਾਣੀ ਦੇ ਸ਼ੀਸ਼ੇ ਵਿਚੋਂ ਸੱਚੀ ਬਾਣੀ (ਗੁਰਬਾਣੀ ਦੀ ਮਹਿਮਾ) ਦੇ ਦਰਸ਼ਨ ਕਰੀਏ:

**ਗੁਰਬਾਣੀ ਇਸੁ ਜਗ ਮਹਿ ਚਾਨਣੁ**
**ਕਰਮਿ ਵਸੈ ਮਨਿ ਆਇ ॥**

**(ਅੰਕ ੬੭)**

**ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥**
**ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥**

**(ਅੰਕ ੪੪੨)**

**ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ ॥**
**ਜਿਨ ਕਉ ਕਰਮਿ ਲਿਖੀ ਤਿਸੁ ਰਿਦੈ ਸਮਾਣੀ ਰਾਮ ॥**

**(ਅੰਕ ੫੪੫)**

**ਸਚਾ ਸਤਿਗੁਰੁ ਸਾਚੀ ਜਿਸੁ ਬਾਣੀ**
**ਭਜਿ ਛੂਟਹਿ ਗੁਰ ਸਰਣਾਈ ॥**

**(ਅੰਕ ੬੩੮)**

**ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਏ ॥**
**ਜੋ ਇਛਹਿ ਸੋਈ ਫਲੁ ਪਾਵਹਿ.....**

ਗੁਰਬਾਣੀ ਦੀ ਬੇਅੰਤ ਮਹਿਮਾ ਦਰਜ ਹੈ। (ਹੋਰ ਵੇਖੋ ਅੰਕ ੧੧੩, ੧੧੯, ੪੯੭, ੬੨੯, ੭੯੭, ੯੩੭, ੧੦੬੬, ੧੨੭੫ ਆਦਿ)

ਗੁਰਬਾਣੀ ਦਾ ਅਸਲ ਰੂਪ ਸਿਆਹੀ, ਕਾਗਜ਼ ਜਾਂ ਰੁਮਾਲ ਆਦਿ ਨਹੀਂ, ਗੁਰਬਾਣੀ ਅਦ੍ਰਿਸ਼ਟ ਹੈ ਪਰ ਅੱਖਰਾਂ ਦੁਆਰਾ ਪ੍ਰਕਾਸ਼ਮਾਨ ਹੋ ਕੇ ਸੇਵਕਾਂ ਨੂੰ ਸੰਸਾਰ ਸਾਗਰ ਤੋਂ ਤਾਰਨ ਲਈ ਸਮਰੱਥ ਹੈ:

'ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ' ਵਾਲੇ ਪਵਿੱਤਰ ਵਾਕ ਨੂੰ ਮੁੱਖ ਰੱਖ ਕੇ ਸਦਾ ਹੀ ਗੁਰਬਾਣੀ ਦਾ ਅਦਬ ਅਤੇ ਭੈ ਆਪਣੇ ਮਨ ਵਿਚ ਰੱਖਣਾ ਚਾਹੀਦਾ ਹੈ।

ਸੱਚੀ ਬਾਣੀ ਦੀ ਮਾਨਤਾ ਇਸ ਕਰਕੇ ਹੈ ਕਿ ਇਸ ਨੂੰ ਗੁਰੂ ਪਦ ਪ੍ਰਾਪਤ ਹੈ। ਸੰਸਾਰ ਵਿਚ ਜੋ ਸਤਿਕਾਰ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਾਪਤ ਹੈ, ਉਹ ਹੋਰ ਕਿਸੇ ਧਰਮ ਦੇ ਗ੍ਰੰਥ ਨੂੰ ਪ੍ਰਾਪਤ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸੱਚੀ ਬਾਣੀ ਨੂੰ ਸਤਿਗੁਰਾਂ ਨੇ ਆਪਣੇ ਪਾਵਨ ਹਸਤ ਕਮਲਾਂ ਨਾਲ ਲਿਖਿਆ ਹੈ ਅਤੇ ਆਪਣੀ ਸਰਪ੍ਰਸਤੀ ਵਿਚ ਸੱਚੀ ਬਾਣੀ ਦੀ ਸੰਪਾਦਨਾ ਕਰਵਾਈ ਹੈ।

ਸੰਸਾਰ ਵਿਚ ਕਿਸੇ ਗ੍ਰੰਥ ਦਾ ਪ੍ਰਕਾਸ਼ ਅਤੇ ਗੁਰ-ਗੱਦੀ ਦਿਵਸ ਨਹੀਂ ਮਨਾਇਆ ਜਾਂਦਾ ਕਿਉਂਕਿ ਉਹ ਨਿਰੇ ਧਾਰਮਿਕ ਗ੍ਰੰਥ ਹਨ, ਗੁਰੂ ਨਹੀਂ ਹਨ। ਫਿਰ ਉਹ ਕਿਸੇ ਧਰਮ ਦੇ ਮੋਢੀ ਨੇ ਆਪ ਨਹੀਂ ਲਿਖੇ, ਪਿਛੋਂ ਹੀ ਹੋਂਦ ਵਿਚ ਲਿਆਂਦੇ ਗਏ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਗੁਰ-ਗੱਦੀ ਦਿਵਸ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਸਾਰੇ ਸੰਸਾਰ ਵਿਚ ਮਨਾਇਆ ਜਾਦਾ ਹੈ। ਗੁਰੂ ਵਾਕ ਹਨ:

**ਗੁਰੁ ਪੂਰਾ ਮੇਰਾ ਗੁਰੁ ਪੂਰਾ ॥**
**ਰਾਮ ਨਾਮੁ ਜਪਿ ਸਦਾ ਸੁਹੇਲੇ ਸਗਲ ਬਿਨਾਸੇ ਰੋਗ ਕੂਰਾ ॥**

**(ਅੰਕ ੯੦੧)**

**ਗੁਰੁ ਪੂਰਾ ਪੂਰੀ ਤਾ ਕੀ ਕਲਾ ॥**
**ਗੁਰ ਕਾ ਸਬਦੁ ਸਦਾ ਸਦ ਅਟਲਾ ॥**
**ਗੁਰ ਕੀ ਬਾਣੀ ਜਿਸੁ ਮਨਿ ਵਸੈ ॥**
**ਦੂਖੁ ਦਰਦੁ ਸਭੁ ਤਾ ਕਾ ਨਸੈ ॥**

**(ਅੰਕ ੧੩੩੯-੪੦)**

* ਭਾਦੋਂ ਸੁਦੀ 1, ਸੰਮਤ 1661 ਨੂੰ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਹੋਇਆ।

** ਕੱਤਕ ਸੁਦੀ 4, ਸੰਮਤ 1765 ਬਿਕਰਮੀ ਨੂੰ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਗੁਰਤਾ ਗੱਦੀ ਦਿੱਤੀ।

– ਗਿਆਨੀ ਹਰਿਬੰਸ ਸਿੰਘ ਚੰਡੀਗੜ੍ਹ

# ਰਾਗੀ ਭਾਈ ਸਮੁੰਦ ਸਿੰਘ ਜੀ



ਸਤਿਗੁਰੂ ਜੀ ਨੇ ਕੀਰਤਨ ਨੂੰ ਭਗਤੀ ਦਾ ਦਰਜਾ ਦਿੱਤਾ ਹੈ। ਇਹ ਵੀ ਬਚਨ ਕੀਤਾ ਹੈ 'ਕਲਜੁਗ ਮਹਿ ਕੀਰਤਨੁ ਪ੍ਰਧਾਨਾ', ਫਿਰ 'ਨਿਰਮੋਲਕ ਹੀਰਾ' ਤੇ ਇਹ ਵੀ ਆਖ ਦਿੱਤਾ 'ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ'। ਜੋ ਹਉਂ ਤੋਂ ਰਹਿਤ ਹੋ ਕੇ ਸਾਹਿਬ ਨੂੰ ਹਾਜ਼ਰ ਨਾਜ਼ਰ ਜਾਣ ਕੇ ਕੀਰਤਨ ਕਰਦੇ ਹਨ, ਉਨ੍ਹਾਂ ਨੂੰ 'ਭਲੋ ਭਲੋ ਰੇ ਕੀਰਤਨੀਆ' ਆਖ ਕੇ ਇਸ ਧੁਰ ਕੀ ਬਾਣੀ ਵਿਚ ਨਿਵਾਜਿਆ ਹੈ। ਸਿੱਖ ਪੰਥ ਵਿਚ ਬੜੇ ਬੜੇ ਮਹਾਨ ਵਿਦਵਾਨ ਕੀਰਤਨੀਏ ਹੋਏ ਹਨ। ਪਿਛਲੇ ਸਮੇਂ ਵਿਚ ਮਹੰਤ ਗੱਜਾ ਸਿੰਘ ਜੀ, ਬਾਬਾ ਵਸਾਵਾ ਸਿੰਘ ਜੀ, ਰੰਗੀ ਰਾਮ ਜੀ, ਬਾਬਾ ਸੇਵਾ ਸਿੰਘ ਜੀ, ਭਾਈ ਸੁਰਪਤ ਸਿੰਘ ਜੀ, ਭਾਈ ਗੁਰਮੁਖ ਸਿੰਘ ਜੀ , ਬਾਬਾ ਕੁਸ਼ਾਲ ਸਿੰਘ ਜੀ, ਬਾਬਾ ਸਰਧਾ ਸਿੰਘ ਜੀ ਸੇਖਵਾਂ ਇਤਿਆਦਿ। ਫਿਰ ਸਾਡੇ ਪੂਜ ਪਿਤਾ ਜੀ ਭਾਈ ਸਾਹਿਬ ਜਵਾਲਾ ਸਿੰਘ ਜੀ, ਭਾਈ ਸਾਹਿਬ ਹੀਰਾ ਸਿੰਘ ਭਾਗ ਸਿੰਘ ਜੀ, ਭਾਈ ਸਾਹਿਬ ਸੁਧ ਸਿੰਘ ਪ੍ਰਧਾਨ ਸਿੰਘ ਜੀ, ਭਾਈ ਸਾਹਿਬ ਮੋਤੀ ਜੀ ਰਬਾਬੀ, ਭਾਈ ਸਾਹਿਬ ਸੁੰਦਰ ਸਿੰਘ ਜੀ ਅੰਮ੍ਰਿਤਸਰ।

ਫਿਰ ਸਮਾਂ ਆਇਆ ਭਾਈ ਸਾਹਿਬ ਸਮੁੰਦ ਸਿੰਘ ਜੀ, ਭਾਈ ਸਾਹਿਬ ਸੰਤ ਸੁਜਾਨ ਸਿੰਘ ਜੀ, ਭਾਈ ਸਾਹਿਬ ਸੰਤਾ ਸਿੰਘ ਜੀ, ਭਾਈ ਸਾਹਿਬ ਗੁਰਮੁਖ ਸਿੰਘ ਸਰਮੁਖ ਸਿੰਘ ਜੀ, ਭਾਈ ਸਾਹਿਬ ਚਾਂਦ ਜੀ ਇਤਿਆਦਿ।

ਅੱਜ ਮੈਂ ਭਾਈ ਸਾਹਿਬ ਸਮੁੰਦ ਸਿੰਘ ਜੀ ਬਾਰੇ ਬਚਨ ਲਿਖ ਰਿਹਾ ਹਾਂ। ਸਾਡੇ ਪੂਜ ਪਿਤਾ ਭਾਈ ਸਾਹਿਬ ਜਵਾਲਾ ਸਿੰਘ ਜੀ ਲਾਇਲਪੁਰ ਬਾਰ (ਹੁਣ ਪਾਕਿਸਤਾਨ) ਵਿਚ ਇੱਕ ਦੀਵਾਨ 'ਤੇ ਗਏ। ਉਸੇ ਦੀਵਾਨ ਵਿਚ ਭਾਈ ਸਾਹਿਬ ਸਮੁੰਦ ਸਿੰਘ ਜੀ ਸ੍ਰੀ ਨਨਕਾਣਾ ਸਾਹਿਬ ਤੋਂ ਆਏ ਹੋਏ ਸਨ। ਇਹ ਸੰਨ 1935 ਈ: ਦੀ ਗੱਲ ਹੈ। ਮੇਰੀ ਉਮਰ ਉਸ ਸਮੇਂ 9 ਸਾਲ ਦੀ ਸੀ। ਸੈਕਟਰੀ ਸਾਹਿਬ ਨੇ ਅਨਾਊਂਸ ਕੀਤਾ ਕਿ ਭਾਈ ਸਾਹਿਬ ਕਾਕਾ ਸਮੁੰਦ ਸਿੰਘ ਜੀ ਕੀਰਤਨ ਕਰਨਗੇ। ਬਹੁਤ ਸਮਾਂ ਕਾਕਾ ਸਮੁੰਦ ਸਿੰਘ ਹੀ ਨਾਮ ਪ੍ਰਚਲਤ ਰਿਹਾ। ਬਜ਼ੁਰਗਾਂ ਤੋਂ ਐਸਾ ਸੁਣਿਆ ਹੈ ਕਿ ਭਾਈ ਸਾਹਿਬ ਛੋਟੀ ਉਮਰ ਵਿਚ ਹੀ ਸ਼ਬਦ ਪੜ੍ਹਨ ਲੱਗ ਪਏ ਸਨ। ਵਾਜਾ ਉੱਚਾ ਹੁੰਦਾ ਸੀ, ਇਹ ਛੋਟੇ ਹੋਣ ਕਰਕੇ ਥੱਲੇ ਗੱਦਾ ਰੱਖਕੇ ਵਾਜੇ ਦੇ ਬਰਾਬਰ ਹੋ ਕੇ ਸ਼ਬਦ ਪੜ੍ਹਦੇ ਸਨ।

ਭਾਈ ਸਾਹਿਬ ਪਿਤਾ ਜੀ ਨੂੰ ਮਿਲਣ ਵਾਸਤੇ ਕਮਰੇ ਵਿਚ ਆਏ, ਜੋ ਗੁਰਦੁਆਰਾ ਸਿੰਘ ਸਭਾ ਵਿੱਚ ਸੀ, ਮੈਂ ਸਭ ਤੋਂ ਪਹਿਲਾਂ ਉਦੋਂ ਦਰਸ਼ਨ ਕੀਤੇ। ਫਿਰ ਤਾਂ ਬਹੁਤ ਦੀਵਾਨਾਂ 'ਤੇ ਇਕੱਠੇ ਹੋਏ। ਪਿਤਾ ਜੀ ਨੇ ਜਦੋਂ ਵੀ ਨਨਕਾਣਾ ਸਾਹਿਬ ਆਉਣਾ, ਭਾਈ ਸਾਹਿਬ ਨੇ ਸਾਰੀ ਆਸਾ ਦੀ ਵਾਰ ਦਾ ਕੀਰਤਨ ਬੈਠ ਕੇ ਸੁਣਨਾ। ਫਿਰ ਆਪਣੇ ਘਰ ਲੈ ਜਾਣਾ। ਸੇਵਾ ਕਰਨੀ, ਪ੍ਰਸ਼ਾਦਿ ਇਕੱਠਿਆਂ ਹੀ ਛਕਣਾ। ਭਾਈ ਸਾਹਿਬ ਦਾ ਕੀਰਤਨ ਅਸਾਂ ਰੱਜ ਕੇ ਸੁਣਿਆ ਹੈ, ਜਿਨ੍ਹਾਂ ਨੇ ਸੁਣਿਆ ਹੈ, ਉਹੋ ਹੀ ਅਨੁਭਵ ਕਰ ਸਕਦੇ ਹਨ। ਉਹ ਰਸ ਅੱਖਰਾਂ ਤੋਂ ਪਰੇ ਦੀ ਗੱਲ ਹੈ, ਖੰਡ ਆਖਣੀ ਤੇ ਖੰਡ ਖਾਣੀ, ਏਨਾ ਹੀ ਫਰਕ ਹੈ, 'ਗੁੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੇ', ਵਾਲੀ ਗੱਲ ਹੈ।

1944 ਵਿਚ ਪਹਿਲੀ ਆਲ ਇੰਡੀਆ ਰਾਗੀ ਕਾਨਫਰੰਸ ਅੰਮ੍ਰਿਤਸਰ ਵਿੱਚ ਹੋਈ। ਇਸ ਕਾਨਫਰੰਸ ਦੇ ਪ੍ਰਧਾਨ ਸਾਡੇ ਪੂਜ ਪਿਤਾ ਭਾਈ ਸਾਹਿਬ ਜਵਾਲਾ ਸਿੰਘ ਜੀ ਸਨ ਤੇ ਅੰਮ੍ਰਿਤਸਰ ਰਾਗੀ ਸਭਾ ਦੇ ਪ੍ਰਧਾਨ ਭਾਈ ਸੰਤਾ ਸਿੰਘ ਜੀ। ਉਸ ਕਾਨਫਰੰਸ ਵਿਚ ਬਹੁਤੇ ਸਿੱਖ ਲੀਡਰ ਆਏ ਸਨ। ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ, ਗਿਆਨੀ ਕਰਤਾਰ ਸਿੰਘ ਜੀ, ਜਥੇਦਾਰ ਮੋਹਣ ਸਿੰਘ ਜੀ, ਜਥੇਦਾਰ ਉਧਮ ਸਿੰਘ ਜੀ। ਸਾਰੇ ਹੀ ਹਿੰਦੁਸਤਾਨ ਵਿਚੋਂ ਵਿਦਵਾਨ ਰਾਗੀ ਸਿੰਘ ਆਏ ਹੋਏ ਸਨ। ਪਹਿਲਾ ਮੌਕਾ ਸੀ ਕਿ ਸ੍ਰੀ ਅੰਮ੍ਰਿਤਸਰ ਦੇ ਬਾਜ਼ਾਰਾਂ ਵਿਚ ਰਾਗੀ ਸਿੰਘਾਂ ਦਾ ਇੱਕ ਮਹਾਨ ਇਕੱਠ ਨਿਕਲਿਆ। ਕੀਰਤਨ ਦਰਬਾਰ ਹੋਏ, ਉਚੇਚੇ ਤੌਰ 'ਤੇ ਭਾਈ ਸਾਹਿਬ ਸਮੁੰਦ ਸਿੰਘ ਜੀ ਨੂੰ ਸੱਦਿਆ ਗਿਆ। ਉਸ ਕਾਨਫਰੰਸ ਦੀ ਫੋਟੋ ਸਾਡੀ ਲਿਖੀ ਪੁਸਤਕ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਵਿਚ ਹੈ। ਸਾਡੇ ਪੂਜ ਪਿਤਾ ਜੀ ਖੜੇ ਹੋ ਕੇ ਕੀਰਤਨ ਸਬੰਧੀ ਕੁੱਝ ਸ਼ਬਦ ਆਖ ਰਹੇ ਸਨ। ਇਸ ਗੱਲ 'ਤੇ ਜ਼ਿਆਦਾ ਜ਼ੋਰ ਦਿੱਤਾ ਸੀ ਕਿ ਨਿਰਾ ਰਾਗ ਗਾਉਣਾ ਕੀਰਤਨ ਨਹੀਂ। ਅਸਲ ਕੀਰਤਨ ਉਹ ਹੈ ਜੋ ਜੀਵਨ ਵੀ ਹੋਵੇ, ਵਿਦਿਆ ਵੀ ਹੋਵੇ, ਭਾਵਨਾ ਨਾਲ ਫਿਰ ਕੀਰਤਨ ਹੋਵੇ। ਪੁਰਾਣੇ ਰਾਗੀ ਸਿੰਘ ਆਸਾ ਦੀ ਵਾਰ ਦੇ ਕੀਰਤਨ ਤੋਂ ਪਹਿਲਾਂ ਘਟੋ ਘੱਟ ਪੰਜ ਬਾਣੀਆਂ ਦਾ ਪਾਠ ਜਾਂ ਸੁਖਮਨੀ ਸਾਹਿਬ ਦਾ ਪਾਠ ਕਰ ਲਿਆ ਕਰਦੇ

ਸਨ।

ਫੋਟੋ ਵਿਚ ਸੱਭ ਤੋਂ ਅੱਗੇ ਭਾਈ ਸਮੁੰਦ ਸਿੰਘ ਜੀ, ਭਾਈ ਸਾਹਿਬ ਸੰਤਾ ਸਿਘ ਜੀ, ਭਾਈ ਮਹਿਤਾਬ ਸਿੰਘ ਜੀ, ਸਟੇਜ 'ਤੇ ਸਾਰੇ ਰਾਗੀ ਸਿੰਘ ਹੀ ਬੈਠੇ ਹਨ। ਸ੍ਰ: ਸਾਧੂ ਸਿੰਘ ਹਮਦਰਦ ਬਾਨੀ ਅਜੀਤ ਅਖ਼ਬਾਰ ਵੀ ਸਟੇਜ 'ਤੇ ਬੈਠੇ ਹਨ। ਪ੍ਰਿੰ: ਗੰਗਾ ਸਿੰਘ ਜੀ ਨੇ ਆਪਣੇ ਲੈਕਚਰ ਵਿਚ ਇਹ ਸਿੱਧ ਕੀਤਾ ਕਿ ਸੱਭ ਉਸ ਅਕਾਲ ਪੁਰਖ ਨੂੰ ਗਾ ਰਹੇ ਹਨ, ਆਪਣੇ ਢੰਗ ਨਾਲ। ਜੋ ਗਾ ਰਹੇ ਹਨ, ਉਚੇਰੀ ਆਤਮਕ ਅਵਸਥਾ ਵਿਚ, ਉਹ ਕੀਰਤਨੀਏ ਹਨ। ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ, ਗਿਆਨੀ ਕਰਤਾਰ ਸਿੰਘ, ਜਥੇਦਾਰ ਮੋਹਨ ਸਿੰਘ ਸਾਰੇ ਲੀਡਰਾਂ ਵੱਲ ਹੱਥ ਕਰਕੇ ਕਹਿਣ ਲੱਗੇ ਕਿ ਇਹ ਵੀ ਸਾਡੇ ਕੀਰਤਨੀਏ ਭਰਾ ਹਨ। ਪ੍ਰਿੰ: ਗੰਗਾ ਸਿੰਘ ਜੀ ਦਾ ਬੋਲਣਾ ਆਪਣੀ ਮਿਸਾਲ ਆਪ ਹੀ ਸੀ।

ਭਾਈ ਸਾਹਿਬ ਸਮੁੰਦ ਸਿੰਘ ਜੀ ਦਾ ਇਹ ਨਿਯਮ ਸਾਰੀ ਜ਼ਿੰਦਗੀ ਰਿਹਾ ਸੀ ਕਿ ਕੀਰਤਨ ਕਰਨਾ ਹੋਵੇ ਜਾਂ ਨਾ ਪਰ ਅੰਮ੍ਰਿਤ ਵੇਲੇ ਅੰਦਾਜ਼ਨ 4 ਵਜੇ ਤੋਂ ਪਹਿਲਾਂ ਜ਼ਰੂਰ ਉੱਠਦੇ। ਕਈ ਵਾਰ ਅਸੀਂ ਵੇਖਿਆ ਰਾਤ 12-1 ਵਜੇ ਤੱਕ ਕੀਰਤਨ ਵਿਚ ਰੁਝੇ ਹੋਣ 'ਤੇ ਵੀ ਤੜਕੇ ਫਿਰ ਉੱਠਣਾ ਤੇ ਆਸਾ ਦੀ ਵਾਰ ਦੇ ਕੀਰਤਨ ਵਿਚ ਕੁੱਝ ਸਮਾਂ ਬੈਠਣਾ। ਪੁਰਾਤਨ ਰੀਤਾਂ ਉਨ੍ਹਾਂ ਨੂੰ ਸੁਣਾ ਕੇ ਸਾਨੂੰ ਖੁਸ਼ੀ ਹੁੰਦੀ ਸੀ। ਉਹ ਵੀ ਬਹੁਤ ਪਿਆਰ ਕਰਦੇ ਸਨ।

ਅਸੀਂ 1946 ਈ: ਵਿਚ ਪਿਤਾ ਜੀ ਦੀ ਆਗਿਆ ਵਿਚ ਵੱਖਰਾ ਕੀਰਤਨ ਕਰਨਾ ਸ਼ੁਰੂ ਕੀਤਾ। ਮੈਂ ਤੇ ਮੇਰੇ ਵੱਡੇ ਭਾਈ ਸਾਹਿਬ ਗੁਰਚਰਨ ਸਿੰਘ ਜੀ ਤੇ ਨਾਲ ਤਬਲੇ ਵਾਲਾ ਸਿੰਘ, ਇਕ ਤਰ੍ਹਾਂ ਜਥਾ ਬਣਾਇਆ। ਇਹ ਗੱਲ ਅੰਦਾਜ਼ਨ 1950-51 ਦੀ ਹੋਵੇਗੀ। ਲੁਧਿਆਣੇ ਭਾਈ ਸਾਹਿਬ ਦੇ ਘਰ ਦੇ ਲਾਗੇ ਇੱਕ ਗੁਰਦੁਆਰਾ ਸਾਹਿਬ ਵਿਚ ਸਾਡੇ ਜਥੇ ਦਾ ਆਸਾ ਦੀ ਵਾਰ ਦਾ ਕੀਰਤਨ ਸੀ। ਅਸੀਂ 7-8 ਸਲੋਕ ਹੀ ਅਜੇ ਲਾਏ ਸਨ ਕਿ ਭਾਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਕੇ ਤਾਬਿਆ ਬੈਠ ਗਏ। ਅਸੀਂ ਪੁਰਾਤਨ ਰੀਤਾਂ ਦਾ ਹੀ ਕੀਰਤਨ ਕੀਤਾ। ਭਾਈ ਸਾਹਿਬ ਬਹੁਤ ਪ੍ਰਸੰਨ ਹੋਏ। ਕੀਰਤਨ ਤੋਂ ਪਿਛੋਂ ਤਾਬਿਆ ਬੈਠਿਆਂ ਹੀ 10-15 ਮਿੰਟ ਪੂਜ ਪਿਤਾ ਜੀ ਬਾਰੇ ਅਤੇ ਫਿਰ ਸਾਡੇ ਬਾਰੇ ਅਤੇ ਪੁਰਾਤਨ ਰੀਤਾਂ ਬਾਰੇ ਬਚਨ ਕੀਤੇ ਤੇ ਸਾਨੂੰ ਆਸੀਸਾਂ ਬਖ਼ਸ਼ੀਆਂ।

ਪਿਤਾ ਜੀ 1952 ਵਿਚ ਚੜ੍ਹਾਈ ਕਰ ਗਏ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਨੇ ਸਾਨੂੰ ਗੁਰਪੁਰਬ 'ਤੇ ਸੱਦਿਆ। ਪ੍ਰਬੰਧਕਾਂ ਨੇ ਪ੍ਰੇਰਨਾ ਕੀਤੀ ਕਿ ਸਰਵਿਸ ਵਿਚ ਆ ਜਾਓ, ਪਰ ਸਰਵਿਸ ਕਰਨ ਵਿਚ ਸਾਡਾ ਮਨ ਨਹੀਂ ਸੀ। 1953 ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫਿਰ ਸਾਨੂੰ ਬੁਲਾਇਆ ਤੇ ਇਸ ਵਾਰ ਫਿਰ ਗੁਰਦੁਆਰਾ ਕਮੇਟੀ ਪਾਸ ਸੇਵਾ ਕਰਨ 'ਤੇ ਜ਼ੋਰ ਪਾਇਆ ਗਿਆ। ਕੁੱਝ ਸੱਜਨਾਂ ਮਿੱਤਰਾਂ ਨੇ ਸਾਨੂੰ ਪ੍ਰੇਰ ਹੀ ਲਿਆ ਤੇ ਅਸੀਂ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀ ਸਰਵਿੱਸ ਸ਼ੁਰੂ ਕਰ ਦਿੱਤੀ।

ਭਾਈ ਸਾਹਿਬ ਸਮੁੰਦ ਸਿੰਘ ਜੀ ਦਾ ਕੀਰਤਨ ਦਾ ਢੰਗ ਇੱਕ ਵੱਖਰਾ ਹੀ ਸੀ। ਭਾਈ ਸਾਹਿਬ ਵੱਡੇ ਤੋਂ ਵੱਡੇ ਤਾਲ ਐਸੇ ਢੰਗ ਨਾਲ ਗਾਉਂਦੇ ਸਨ-9-11-13-15-18 ਮਾਤਰਾਂ, ਆਡਾ, ਚੁਤਾਲਾ, ਧੁਮਾਰ, ਫਰੋਦਸਤ- ਹਰ ਬੰਦਾ ਆਨੰਦ ਮਾਣਦਾ ਸੀ। ਉਹਨਾਂ ਦੀ ਆਵਾਜ਼ ਵਿਚ ਐਸੀ ਕੁਦਰਤੀ ਮਹਿਕ ਸੀ ਜੋ ਹੋਰ ਕਿਸੇ ਦੀ ਆਵਾਜ਼ ਵਿਚ ਘੱਟ ਹੀ ਵੇਖੀ ਹੈ। ਬਿਖੜੇ ਤਾਲ ਨੂੰ ਗਾਉਣ ਦਾ ਜੋ ਭਾਈ ਸਾਹਿਬ ਦਾ ਅਭਿਆਸ ਸੀ, ਇਹ ਵੀ ਇੱਕ ਵਿਲੱਖਣ ਗੱਲ ਹੈ।

ਜਿਥੇ ਨਿਰੰਕਾਰ ਨੇ ਭਾਈ ਸਾਹਿਬ ਨੂੰ ਆਵਾਜ਼ ਬਖ਼ਸ਼ੀ, ਉਥੇ ਤਨ ਵੀ ਸੋਹਣੀ ਮੂਰਤ ਸੀ। ਮਨ ਵੀ ਅਤਿ ਸੁੰਦਰ ਸੀ। ਦਿੱਲੀ ਵਿਚ ਭਾਈ ਸਾਹਿਬ ਸਮੁੰਦ ਸਿੰਘ ਜੀ ਹਰ ਸਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ 'ਤੇ ਆਉਂਦੇ ਸਨ। ਉਸ ਸਮੇਂ ਭਾਈ ਸਾਹਿਬ ਸੰਤਾ ਸਿੰਘ ਜੀ ਵੀ ਗੁਰਦੁਆਰਾ ਸੀਸ ਗੰਜ ਸਾਹਿਬ ਸਰਵਿਸ ਕਰਦੇ ਸਨ। ਭਾਈ ਸਾਹਿਬ ਪਰਤਾਪ ਸਿੰਘ ਜੀ ਰਾਗੀ ਸਰਵਿਸ ਵਿਚ ਸਨ। ਪਹਿਲੇ ਦਿਨ ਕੀਰਤਨ ਦਰਬਾਰ ਵਿਚ ਸਾਰਿਆਂ ਜਥਿਆਂ ਨੇ ਕੀਰਤਨ ਕਰਨਾ। ਅਸਾਂ ਵੀ ਪੁਰਾਤਨ ਰੀਤਾਂ ਤਿਆਰੀ ਨਾਲ ਗਾਉਣੀਆਂ। ਭਾਈ ਸਾਹਿਬ 3-4 ਘੰਟੇ ਬੈਠ ਕੇ ਜਥਿਆਂ ਦਾ ਕੀਰਤਨ ਸੁਣਿਆ ਕਰਦੇ ਸਨ, ਅੱਜਕਲ੍ਹ ਦੇ ਰਾਗੀ ਸਿੰਘ ਐਸਾ ਨਹੀਂ ਕਰਦੇ। ਭਾਈ ਸਾਹਿਬ ਪੁਰਾਤਨ ਰੀਤਾਂ, ਧਰੁਪਦ, ਪੜਤਾਲਾਂ ਸੁਣਕੇ ਬਹੁਤ ਹੀ ਪ੍ਰਸੰਨ ਹੁੰਦੇ ਸਨ। ਕਈ ਵੇਰ ਸਟੇਜ 'ਤੇ ਹੀ ਪ੍ਰਸੰਸਾ ਕਰਨੀ, ਅਸ਼ੀਰਵਾਦ ਦੇਣੀ।

ਇਹ ਦਿਨ ਸਾਡੇ ਬਹੁਤ ਚਾਅ ਤੇ ਉਤਸ਼ਾਹ ਵਿਚ ਬੀਤਦੇ ਸਨ। ਕੀਰਤਨ ਤੋਂ ਅੱਗੋਂ ਪਿਛੋਂ ਮਿਲਣ ਜਾਣਾ। ਕਈ ਵਾਰ ਤਾਂ ਸ੍ਰੀ ਮਾਨ ਗਿਆਨੀ ਗੁਰਦੀਪ ਸਿੰਘ ਜੀ ਨੇ ਜੋ ਉਸ ਸਮੇਂ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਹੈੱਡ ਗ੍ਰੰਥੀ ਸਨ (ਜੋ ਮਹਾਨ ਵਿਦਵਾਨ ਸਨ ਅਤੇ ਕੀਰਤਨ ਬਾਰੇ ਵੀ ਸਮਝ ਰੱਖਦੇ ਸਨ) ਦੇ ਕਮਰੇ ਵਿਚ ਤੇ ਕਈ ਦਫਾ ਜਿਥੇ ਭਾਈ ਸਾਹਿਬ ਠਹਿਰਦੇ ਸਨ, ਉਥੇ ਅਸਾਂ ਇਕੱਠੇ ਬੈਠ ਜਾਣ। ਬਜ਼ੁਰਗਾਂ ਦੇ ਬਹੁਤ ਹੀ ਪੁਰਾਣੇ ਬਚਨ ਸੁਣਾਉਣੇ। ਕਈ ਪੁਰਾਤਨ ਰੀਤਾਂ ਵੀ ਹੱਥੀਂ ਤਾਲ ਦੇ ਕੇ ਸੁਣਾਉਣੀਆਂ। ਉਨ੍ਹਾਂ ਪਾਸ ਕੀਰਤਨ ਦਾ ਤੇ ਹੋਰ ਰੀਤਾਂ ਦਾ ਬੇਅੰਤ ਭੰਡਾਰਾ ਸੀ।

ਇੱਕ ਵੇਰ ਦਿੱਲੀ ਗੁਰਪੁਰਬ 'ਤੇ (ਉਦੋਂ ਭਾਈ ਹਰਨਾਮ ਸਿੰਘ ਤੇ ਭਾਈ ਤੇਜਾ ਸਿੰਘ ਹੁਰੀਂ ਨਾਲ ਨਹੀਂ ਸਨ।) ਭਾਈ ਸਾਹਿਬ ਦੇ ਗੋਡਿਆਂ ਵਿਚ ਕਾਫੀ ਦਰਦ ਸੀ, ਬਿਰਧ ਅਵਸਥਾ ਸੀ। ਗੁਰਦੁਆਰਾ ਰਕਾਬ ਗੰਜ ਸਾਹਿਬ ਕਥਾ ਤੋਂ ਪਿਛੋਂ ਕੀਰਤਨ ਕੀਤਾ। ਸਿਹਤ ਖਰਾਬ ਹੋਣ ਕਾਰਨ ਸਹਿਜੇ ਸਹਿਜੇ ਮਾਈਕ ਲਾਗੇ ਗਏ। ਬੈਠਦਿਆਂ ਸਾਰ

ਮੰਗਲਾਚਰਣ ਕਰਕੇ ਸੰਗਤਾਂ ਨੂੰ ਮੋਹਤ ਕਰ ਦਿੱਤਾ। ਕੋਈ ਨਹੀਂ ਸੀ ਕਹਿ ਸਕਦਾ ਕਿ ਭਾਈ ਸਾਹਿਬ ਸਮੁੰਦ ਸਿੰਘ ਜੀ ਬਿਰਧ ਹਨ ਜਾਂ ਢਿੱਲੇ ਮੱਠੇ ਹਨ।

**ਭਗਤਿ ਵਛਲ ਅਨਾਥ ਨਾਥੇ**

ਇਹ ਰਸ ਵੀ ਆਪਣੀ ਮਿਸਾਲ ਆਪ ਹੀ ਸੀ। ਫਿਰ ਝਪਤਾਲ ਵਿਚ "ਯਹ ਮਨੁ ਨੈਕ ਨ ਕਹਿਓ ਕਰੈ" ਸ਼ਬਦ ਗਾਵਿਆ। ਫਿਰ ਇੱਕ ਦੋ ਸ਼ਬਦ ਹੋਰ ਪੜ੍ਹੇ, ਅਕਥ ਕਥਾ ਵਾਲੀ ਗੱਲ ਹੀ ਸੀ। ਭਾਈ ਸਾਹਿਬ ਸੰਤਾ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਪਿਛੋਂ ਭਾਈ ਸਾਹਿਬ ਧਰਮ ਸਿੰਘ ਜੀ ਜ਼ਖ਼ਮੀ ਗੁਰਪੁਰਬ 'ਤੇ ਆਉਂਦੇ ਸਨ। ਸ੍ਰ: ਗਿਆਨ ਸਿੰਘ ਜੀ ਐਬਟਾਬਾਦੀ ਗੁਰਦੁਆਰਾ ਕਮੇਟੀ ਦਿੱਲੀ ਦੇ ਪ੍ਰਧਾਨ ਸਨ। ਸਾਰੇ ਕੀਰਤਨ ਉਤਸ਼ਾਹ ਵਿਚ ਤਿਆਰੀ ਨਾਲ ਹੁੰਦੇ ਸਨ। ਬਹੁਤ ਅਨੰਦ ਬੱਝਦਾ ਸੀ।

ਜਦ ਪੰਜਾਬੀ ਯਨੀਵਰਸਿਟੀ ਪਟਿਆਲਾ ਬਣੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਡਾਕਟਰ ਤਾਰਨ ਸਿੰਘ ਜੀ ਸਨ। ਉਨ੍ਹਾਂ ਨੇ ਤੇ ਹੋਰ ਸਿਆਣਿਆਂ ਮਹਿਸੂਸ ਕੀਤਾ ਕਿ ਕੀਰਤਨ ਦੀ ਮਰਯਾਦਾ ਖ਼ਤਮ ਹੋ ਰਹੀ ਹੈ। ਇਸ ਦੀ ਸੰਭਾਲ ਲਈ ਇੱਕ ਕਮੇਟੀ ਬਣਾਈ ਗਈ, ਜਿਸ ਵਿਚ ਭਾਈ ਸਾਹਿਬ ਅਰਦਮਨ ਸਿੰਘ ਜੀ ਬਾਗੜੀਆ, ਸ੍ਰ: ਸੋਹਣ ਸਿੰਘ ਜੀ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਡਾ: ਅਜੀਤ ਸਿੰਘ ਜੀ ਪੈਂਟਲ ਦਿੱਲੀ ਯੂਨੀਵਰਸਿਟੀ, ਭਾਈ ਜੋਧ ਸਿੰਘ ਜੀ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ, ਡਾ: ਤਾਰਨ ਸਿੰਘ ਜੀ ਮੁੱਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਸ਼ਾਮਲ ਸਨ। ਇਨ੍ਹਾਂ ਨੇ ਪੁਰਾਣਿਆਂ ਬਜ਼ੁਰਗਾਂ ਨੂੰ ਸੱਦ ਕੇ ਕੀਰਤਨ ਰੀਤਾਂ ਟੇਪ ਕਰਨੀਆਂ ਸ਼ੁਰੂ ਕੀਤੀਆਂ। ਬਹੁਤ ਜਥੇ ਗਏ, ਭਾਈ ਸਾਹਿਬ ਸਮੁੰਦ ਸਿੰਘ ਜੀ ਨੂੰ ਵੀ ਉਨ੍ਹਾਂ ਸੱਦਿਆ। ਜਿਸ ਫਰਾਖ਼ ਦਿੱਲੀ ਨਾਲ ਇਨ੍ਹਾਂ ਸਾਡੇ ਬਾਰੇ ਆਖਿਆ ਕਿ ਐਸ ਸਮੇਂ ਜੇ ਤੁਹਾਨੂੰ ਸੈਂਕੜੇ ਬਰਸ ਪੁਰਾਣੀਆਂ ਸ਼ਬਦ-ਰੀਤਾਂ ਜ਼ਿਆਦਾ ਗਿਣਤੀ ਵਿਚ ਮਿਲ ਸਕਦੀਆਂ ਹਨ ਤਾਂ ਭਾਈ ਸਾਹਿਬ ਜਵਾਲਾ ਸਿੰਘ ਜੀ ਦੇ ਸਪੁੱਤਰ ਭਾਈ ਅਵਤਾਰ ਸਿੰਘ ਤੇ ਗੁਰਚਰਨ ਸਿੰਘ ਰਾਗੀ ਪਾਸੋਂ ਹੀ ਮਿਲਣਗੀਆਂ, ਮੈਂ ਸੁਣੀਆਂ ਹੋਈਆਂ ਨੇ। ਐਸੀ ਵਡਿਆਈ, ਇਹ ਭਾਈ ਸਾਹਿਬ ਦਾ ਵੱਡਪਣ ਹੀ ਸੀ, ਜੋ ਅਜਿਹੇ ਸਮੇਂ ਬਹੁਤ ਹੀ ਘੱਟ ਵੇਖਣ ਵਿਚ ਮਿਲਦਾ ਹੈ। ਇਹ ਸੱਭ ਗੱਲਾਂ ਸਾਨੂੰ ਡਾ: ਤਾਰਨ ਸਿੰਘ ਨੇ ਲਿਖ ਕੇ ਭੇਜੀਆਂ ਜੋ ਚਿੱਠੀ ਅਜੇ ਵੀ ਸਾਡੇ ਕੋਲ ਹੈ। ਅਸੀਂ ਵੀ ਜੋ ਕੁੱਝ ਸੇਵਾ ਕਿਣਕਾ ਮਾਤਰ ਕਰ ਸਕੇ ਹਾਂ, ਉਹ ਸਭ ਭਾਈ ਸਾਹਿਬ ਦੇ ਪਿਆਰ ਸਦਕਾ ਹੋਇਆ ਹੈ। ਪੰਜਾਬੀ ਯੂਨੀਵਰਸਿਟੀ ਨੇ ਉੱਦਮ ਕੀਤਾ ਅਤੇ ਭਾਈ ਸਾਹਿਬ ਅਰਦਮਨ ਸਿੰਘ ਜੀ ਬਾਗੜੀਆ ਦੀ ਪ੍ਰੇਰਨਾ ਮਿਲੀ।

ਭਾਈ ਸਾਹਿਬ ਲੁਧਿਆਣਾ ਰਾਗੀ ਸਭਾ ਦੇ ਪ੍ਰਧਾਨ ਸਨ। ਸਾਲਾਨਾ ਇੱਕ ਬਹੁਤ ਵੱਡਾ ਸਮਾਗਮ ਰਾਗੀ ਸਭਾ ਵੱਲੋਂ ਹੁੰਦਾ ਹੈ। ਬਾਹਰੋਂ ਰਾਗੀ ਜਥੇ, ਗਿਆਨੀ, ਪ੍ਰਚਾਰਕ ਸੱਦ ਕੇ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਧੂਮ ਧਾਮ ਨਾਲ ਦਿਨ ਮਨਾਇਆ ਜਾਂਦਾ ਹੈ। ਸਾਡੇ ਜਥੇ ਨੂੰ ਵੀ ਦੋ ਵੇਰ ਸੱਦਿਆ। ਜੋ ਰਾਗੀ ਸਿੰਘਾਂ ਵੱਲੋਂ ਸੇਵਾ, ਜਿਥੇ ਵੀ ਕਿਸੇ ਦੀ ਡਿਊਟੀ ਹੈ, ਤਤਪਰ ਹੈ, ਉਤਸ਼ਾਹ ਹੈ। ਇੱਕ ਵੇਰ ਉਦੋਂ ਭਾਈ ਸਮੁੰਦ ਸਿੰਘ ਜੀ ਰਾਗੀ ਸਭਾ ਦੇ ਪ੍ਰਧਾਨ, ਮੀਤ ਪ੍ਰਧਾਨ ਪ੍ਰੋਫ਼ੈਸਰ ਹਰਚੰਦ ਸਿੰਘ ਜੀ ਤੇ ਸਕੱਤਰ ਪ੍ਰੋਫ਼ੈਸਰ ਕਰਤਾਰ ਸਿੰਘ ਜੀ ਸਨ। ਜੋ ਸਾਨੂੰ ਰਾਗੀ ਸਿੰਘ ਭਰਾਵਾਂ ਵੱਲੋਂ ਪਿਆਰ ਸਤਿਕਾਰ ਮਿਲਿਆ ਉਹ ਅਲੌਕਕ ਗੱਲ ਹੀ ਹੈ। ਸਾਰੇ ਰਾਗੀ ਸਿੰਘ ਬੈਠ ਕੇ ਸੰਗਤ ਵਿਚ ਕੀਰਤਨ ਕਥਾ ਸੁਣਦੇ ਸਨ। ਲੁਧਿਆਣਾ ਰਾਗੀ ਸਿੰਘਾਂ ਦਾ ਗੜ੍ਹ ਸੀ। ਬੜੇ-ਬੜੇ ਸੰਗੀਤ ਦੇ ਵਿਦਵਾਨ ਸਨ ਤੇ ਹੁਣ ਵੀ ਹਨ। ਕੁੱਝ ਨਾਮ ਯਾਦ ਹਨ: ਸ੍ਰ: ਗੁਰਬਖ਼ਸ਼ ਸਿੰਘ ਜੀ ਘੜੀ ਸਾਜ਼, ਸੰਤ ਨਿਰਮਲ ਸਿੰਘ ਜੀ, ਭਾਈ ਹਰਨਾਮ ਸਿੰਘ ਜੀ ਜ਼ਖ਼ਮੀ, ਭਾਈ ਲੱਛਮਣ ਸਿੰਘ ਜੀ ਗੰਧਰਬ, ਭਾਈ ਦਲੀਪ ਸਿੰਘ ਜੀ ਤਬਲਾ ਵਾਦਕ, ਭਾਈ ਵਰਿਆਮ ਸਿੰਘ ਜੀ ਸਾਬਕਾ ਰਾਗੀ ਸ੍ਰੀ ਦਰਬਾਰ ਸਾਹਿਬ, ਪ੍ਰੋ: ਹਰਚੰਦ ਸਿੰਘ ਜੀ ਮਹਾਨ ਗੁਣੀ ਹਨ, ਪ੍ਰੋਫ਼ੈਸਰ ਕਰਤਾਰ ਸਿੰਘ ਜੀ ਸਾਬਕਾ ਜਨਰਲ ਸਕੱਤਰ ਗੁਰਮਤਿ ਰਾਗੀ ਸਭਾ ਲੁਧਿਆਣਾ ਜੋ ਬਹੁਤ ਦੇਰ ਤੋਂ ਇੱਕ ਸੰਗੀਤ ਵਿਦਿਆਲਾ ਚਲਾ ਰਹੇ ਹਨ ਤੇ ਵਿਦਵਾਨ ਕੀਰਤਨੀਏ ਹਨ।

ਪ੍ਰੋਫ਼ੈਸਰ ਪਰਮਜੋਤ ਸਿੰਘ ਜੀ ਇੱਕ ਉਤਸ਼ਾਹੀ ਪੁਰਸ਼ ਹਨ। ਇਨ੍ਹਾਂ ਦਾ ਪਿਛੋਕੜ ਬੜਾ ਸ਼ਾਨਦਾਰ ਹੈ। ਇਨ੍ਹਾਂ ਦੇ ਪੂਜ ਪਿਤਾ ਭਾਈ ਸਾਹਿਬ ਇੰਦਰ ਸਿੰਘ ਜੀ ਸਨ। ਉਨ੍ਹਾਂ ਤਰਨ-ਤਾਰਨ ਵਿਦਿਆਲੇ 'ਚ ਪੰਡਤ ਉਸਤਾਦ ਨੱਥੂ ਰਾਮ ਜੀ ਪਾਸੋਂ ਸੰਗੀਤ ਦੀ ਵਿਦਿਆ ਪ੍ਰਾਪਤ ਕੀਤੀ ਸੀ। ਪੰਡਤ ਜੀ ਨੇ ਬਾਬਾ ਬੂਟਾ ਸਿੰਘ ਜੀ ਪਾਸੋਂ ਵਿਦਿਆ ਪ੍ਰਾਪਤ ਕੀਤੀ ਸੀ। ਸਾਡੇ ਪੂਜ ਪਿਤਾ ਭਾਈ ਸਾਹਿਬ ਜਵਾਲਾ ਸਿੰਘ ਜੀ ਰਾਗੀ ਦੇ ਪਹਿਲੇ ਉਸਤਾਦ ਬਾਬਾ ਸ਼ਰਧਾ ਸਿੰਘ ਜੀ ਤੇ ਬਾਬਾ ਬੂਟਾ ਸਿੰਘ ਜੀ ਗੁਰਭਾਈ ਸਨ। ਜਦੋਂ ਵੀ ਸਾਡੇ ਪਿਤਾ ਜੀ ਲੁਧਿਆਣੇ ਆਉਂਦੇ, ਭਾਈ ਸਾਹਿਬ ਇੰਦਰ ਸਿੰਘ ਜੀ ਪਾਸ ਹੀ ਠਹਿਰਦੇ ਸਨ। ਅਸੀਂ ਵੀ ਸਰਵਿਸ ਤੋਂ ਪਹਿਲੇ ਕਾਫੀ ਦਰਸ਼ਨ ਦੀਦਾਰੇ ਕਰਦੇ ਰਹੇ ਹਾਂ। ਭਾਈ ਇੰਦਰ ਸਿੰਘ ਜੀ ਬਹੁਤ ਹੀ ਪਿਆਰ ਵਾਲੇ ਤੇ ਪਵਿੱਤਰ ਆਤਮਾ ਵਾਲੇ ਪੁਰਸ਼ ਸਨ। ਕਈ ਵੇਰ ਪਰਮਜੋਤ ਸਿੰਘ ਨੂੰ ਕਹਿਣਾ ਸ਼ਬਦ ਸੁਣਾਓ। ਪ੍ਰੋਫ਼ੈਸਰ ਪਰਮਜੋਤ ਸਿੰਘ ਭਾਈ ਸਾਹਿਬ ਸਮੁੰਦ ਸਿੰਘ ਜੀ ਦੇ ਸ਼ਗਿਰਦ ਹਨ ਤੇ ਕਈ ਰੀਤਾਂ ਉਸੇ ਢੰਗ ਨਾਲ ਅਨੰਦ ਵਿਚ ਗਾਉਂਦੇ ਹਨ।

ਭਾਈ ਸਾਹਿਬ ਸਮੁੰਦ ਸਿੰਘ ਜੀ ਦਾ ਜੀਵਨ ਬਹੁਤ ਹੀ ਪਵਿੱਤਰ ਜੀਵਨ ਸੀ। ਜਿਥੇ ਮਿਹਨਤ ਸੀ, ਨਾਲ ਭਾਵਨਾ ਵੀ ਸੀ। ਕੀਰਤਨ ਕਰਨ ਵੇਲੇ ਗੁਰੂ ਸਾਹਿਬ ਨੂੰ ਹਾਜ਼ਰ ਸਮਝ ਕੇ ਕੀਰਤਨ ਕਰਦੇ ਸਨ। ਜੇ ਇਹ ਕਹਿ ਦਿੱਤਾ ਜਾਵੇ ਕਿ ਉਹ ਗੁਰੂ ਸਾਹਿਬ ਨੂੰ ਹਾਜ਼ਰ ਨਾਜ਼ਰ ਜਾਣਕੇ ਕੀਰਤਨ ਕਰਦੇ ਸਨ ਤਾਂ ਇਹ ਠੀਕ ਹੋਵੇਗਾ।

ਅਸੀਂ ਨਿਊਯਾਰਕ ਅਮਰੀਕਾ ਵਿਚ ਗਿਆਨੀ ਗੁਰਦੀਪ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਵਾਲਿਆਂ ਪਾਸ ਗਏ ਹੋਏ ਸੀ। ਉਨ੍ਹਾਂ ਪਾਸ ਇੱਕ ਟੇਪ ਸੀ ਜਿਸ ਵਿਚ ਸਤਿਕਾਰ ਯੋਗ ਸੰਤ ਸੁਜਾਨ ਸਿੰਘ ਜੀ ਤੇ ਸਤਿਕਾਰ ਯੋਗ ਭਾਈ ਸਮੁੰਦ ਸਿੰਘ ਜੀ ਨੇ ਇਕੱਠਿਆਂ ਕੀਰਤਨ ਕੀਤਾ ਸੀ, ਸਰਵਣ ਕੀਤਾ। ਉਹ ਜਾਂ ਤਾਂ ਲੁਧਿਆਣੇ ਟੇਪ ਹੋਈ ਸੀ ਜਾਂ ਦਿੱਲੀ ਵਿੱਚ ਪਰ ਉਹ ਟੇਪ ਸਾਂਭਣ ਵਾਲੀ ਹੈ। ਵਾਰੀ ਵਾਰੀ ਦੋਨਾਂ ਹੀ ਕਲਾ ਦੇ ਧਨੀਆਂ ਨੇ ਅਲਾਪ ਕੀਤਾ ਤੇ ਤਾਨਾਂ ਪਲਟੇ ਇੱਕ ਵਖਰਾ ਹੀ ਢੰਗ ਸੀ।

ਸਾਨੂੰ ਰਾਜਾ ਪਦਮਜੀਤ ਸਿੰਘ ਜੀ ਦੀ ਲੜਕੀ ਦੀ ਸ਼ਾਦੀ 'ਤੇ ਸ਼ਿਮਲੇ ਸੱਦਿਆ ਗਿਆ। ਉਥੇ ਭਾਈ ਸਾਹਿਬ ਅਰਦਮਨ ਸਿੰਘ ਜੀ ਬਾਗੜੀਆ ਨੇ ਦੱਸਿਆ ਕਿ ਭਾਈ ਸਮੁੰਦ ਸਿੰਘ ਜੀ ਬਹੁਤ ਬੀਮਾਰ ਹਨ। ਅਸੀਂ ਆਪਣੇ ਤਬਲੇ ਵਾਲੇ ਭਾਈ ਸਵਰਨ ਸਿੰਘ ਨੂੰ ਤਾਂ ਦਿੱਲੀ ਭੇਜ ਦਿੱਤਾ ਅਤੇ ਮੈਂ ਤੇ ਮੇਰੇ ਭਾਈ ਸਾਹਿਬ ਗੁਰਚਰਨ ਸਿੰਘ ਹੁਰੀਂ ਲੁਧਿਆਣੇ ਮਿਲਣ ਵਾਸਤੇ ਮਾਡਲ ਟਾਊਨ ਗਏ। ਮਾਲੀ ਨੇ ਬਾਹਰਲਾ ਗੇਟ ਖੋਹਲ ਦਿੱਤਾ, ਅਸੀਂ ਦਰਵਾਜ਼ਾ ਖੜਕਾਇਆ। ਬਹੁਤ ਦੇਰ ਬਾਅਦ ਭਾਈ ਸਾਹਿਬ ਨੇ ਉੱਠ ਕੇ ਦਰਵਾਜ਼ਾ ਖੋਲ੍ਹਿਆ। ਦੂਸਰੇ ਕਮਰੇ ਵਿਚ ਭਾਈ ਸਾਹਿਬ ਜੀ ਦੀ ਧਰਮ ਪਤਨੀ ਬੀਮਾਰ ਪਈ ਸੀ। ਉਸ ਸਮੇਂ ਹੋਰ ਘਰ ਵਿਚ ਕੋਈ ਨਹੀਂ ਸੀ। ਮਨ ਬਹੁਤ ਦੁਖੀ ਹੋਇਆ। ਏਡਾ ਵੱਡਾ ਮਹਾਨ ਕੀਰਤਨੀਆ ਜਿਸ 'ਤੇ ਸਾਰੀ ਕੌਮ, ਪੰਥ ਨੂੰ ਮਾਣ ਹੈ, ਕੋਈ ਵੀ ਸੇਵਾ ਵਾਸਤੇ ਕੋਲ ਨਹੀਂ। ਉਸ ਸਮੇਂ ਵੀ ਭਾਈ ਸਾਹਿਬ ਦੇ ਮੰਜੇ 'ਤੇ ਤਾਨਪੂਰਾ ਪਿਆ ਸੀ। ਅਸੀਂ ਆਖਿਆ ਏਨੀ ਬੀਮਾਰੀ ਵਿਚ ਵੀ ਤਾਨਪੂਰਾ ਤਾਂ ਕਹਿਣ ਲੱਗੇ "ਮੈਂ ਆਪਣੀ ਕਲਾ ਨੂੰ ਜਦ ਤੱਕ ਸੁਆਸ ਹਨ, ਬੁੱਢਿਆਂ ਨਹੀਂ ਹੋਣ ਦੇਣਾ। ਸਵੇਰ ਤੋਂ ਹੁਣ ਤੱਕ 2-3 ਵਾਰ ਤਾਨਪੂਰੇ ਨਾਲ ਕੀਰਤਨ ਅਭਿਆਸ ਕਰ ਚੁੱਕਾ ਹਾਂ। ਕੀਰਤਨ ਮੇਰੀ ਖ਼ੁਰਾਕ ਹੈ, ਮੇਰਾ ਜੀਵਨ ਹੈ।"

ਅਸੀਂ ਤਕਰੀਬਨ ਘੰਟਾ ਡੇਢ ਘੰਟਾ ਉਹਨਾਂ ਪਾਸ ਠਹਿਰੇ। ਸ਼ਾਮ ਨੂੰ ਭਾਈ ਸਾਹਿਬ ਦਾ ਇੱਕ ਸ਼ਾਗਿਰਦ (ਸ਼ਾਇਦ ਪ੍ਰੋਫ਼ੈਸਰ ਪਰਮਜੋਤ ਸਿੰਘ ਸੀ) ਆ ਗਿਆ, ਜਿਸ ਨੇ ਚਾਹ ਬਣਾਈ। ਅਸੀਂ ਇਕੱਠਿਆਂ ਬੈਠ ਕੇ ਚਾਹ ਪੀਤੀ। ਨਵੀਆਂ ਪੁਰਾਣੀਆਂ ਗੱਲਾਂ ਬਾਤਾਂ ਕੀਤੀਆਂ, ਹੱਸੇ-ਖੇਡੇ ਵੀ, ਚਿਹਰੇ ਦਾ ਰੰਗ ਵੀ ਬਦਲ ਗਿਆ, ਚੜ੍ਹਦੀਆਂ ਕਲਾਂ ਵਿਚ ਹੋ ਗਿਆ। ਜਿਥੇ ਪਹਿਲਾਂ ਦਰਵਾਜ਼ਾ ਖੋਲ੍ਹਣ ਵਿਚ ਕਾਫੀ ਦੇਰ ਲਾਈ ਸੀ, ਰੰਗ ਬਿਲਕੁਲ ਬੱਗਾ ਸੀ, ਬਹੁਤ ਹੀ ਕਮਜ਼ੋਰੀ ਸੀ, ਉਥੇ ਹੁਣ ਸਾਨੂੰ ਤੋਰਨ ਸਮੇਂ ਬਾਹਰਲੀ ਸੜਕ ਤੱਕ ਚੱਲ ਕੇ ਸਾਡੇ ਨਾਲ ਆਏ। ਅਸੀਂ ਮਹਿਸੂਸ ਕੀਤਾ ਕਿ ਮਿੱਤਰਾਂ ਨੂੰ ਮਿਲ ਕੇ ਵੀ ਮਨ ਚੜ੍ਹਦੀਆਂ ਕਲਾਂ ਵਿੱਚ ਹੁੰਦਾ ਹੈ। ਪਬਲਿਕ ਲਾਈਫ਼ ਵਾਲੇ ਵਾਸਤੇ ਇਕੱਲਿਆਂ ਰਹਿਣ ਨਾਲ ਸੇਹਤ 'ਤੇ ਬੁਰਾ ਅਸਰ ਪੈਂਦਾ ਹੈ। ਭਾਈ ਸਾਹਿਬ ਹੀਰਾ ਸਿੰਘ ਜੀ ਨੇ ਵੀ ਹਸਪਤਾਲ ਵਿਚ ਇਹ ਮਹਿਸੂਸ ਕੀਤਾ ਸੀ। ਉਹਨਾਂ ਦੇ ਮਿੱਤਰ ਨੇ ਸਾਨੂੰ ਦੱਸਿਆ ਸੀ ਕਿ ਬਹੁਤੀ ਦੁਨੀਆਂ ਰਸ ਚੂਸਦੀ ਹੈ ਐਪਰ ਰਸ ਭਰਨ ਵਾਲੇ ਗੁਰਮੁਖ ਵਿਰਲੇ ਹੀ ਹਨ। ਵਿਰਲੇ ਗੁਰਸਿੱਖਾਂ ਦੇ ਪਿਆਰ ਸਦਕਾ ਹੀ ਕੀਰਤਨੀਏ ਚੜ੍ਹਦੀ ਕਲਾ ਵਿਚ ਵਿਚਰਦੇ ਹਨ।

ਚੰਡੀਗੜ੍ਹ ਭਾਈ ਸਾਹਿਬ ਹਰਿਧਨ ਸਿੰਘ ਜੀ, ਭਾਈ ਸਾਹਿਬ ਅਸ਼ੋਕ ਸਿੰਘ ਜੀ, ਭਾਈ ਸਾਹਿਬ ਸਿਕੰਦਰ ਸਿੰਘ ਜੀ ਬਾਗੜੀਆਂ ਖਾਨਦਾਨ ਨੇ ਕੀਰਤਨ ਲਈ ਸੱਦਿਆ। ਉਹ ਪੁਰਾਤਨ ਰੀਤਾਂ ਸੁਣਕੇ ਬਹੁਤ ਹੀ ਪ੍ਰਸੰਨ ਹੁੰਦੇ ਹਨ। ਉਹਨਾਂ ਨੇ ਭਾਈ ਸਾਹਿਬ ਸਮੁੰਦ ਸਿੰਘ ਜੀ ਦੀ ਟੇਪ ਸੁਣਾਈ ਜੋ ਧਰੁਪਦ ਅੰਗ ਵਿਚ ਸੀ। ਬਹੁਤ ਬੈਠਵੀਂ ਲੈ ਵਿਚ ਗਾਇਆ ਹੋਇਆ ਸੀ। ਅਸੀਂ ਇਸ ਸਟਾਈਲ ਵਿਚ ਭਾਈ ਸਾਹਿਬ ਦਾ ਪਹਿਲੀ ਵਾਰੀ ਕੀਰਤਨ ਸੁਣਿਆ। ਅਸੀਂ ਪੁਛਿਆ ਕਿ ਏਨੀਂ ਬੈਠਵੀਂ ਲੈ ਵਿਚ ਰੀਤਾਂ, ਤਾਂ ਭਾਈ ਸਾਹਿਬ ਬਾਗੜੀਆਂ ਕਹਿਣ ਲੱਗੇ, ਸਾਡੇ ਪੂਜ ਪਿਤਾ ਭਾਈ ਸਾਹਿਬ ਅਰਦਮਨ ਸਿੰਘ ਜੀ ਨੇ ਆਖਿਆ ਸੀ ਕਿ ਇਸ ਵੇਰ ਅਸੀਂ ਏਸੇ ਢੰਗ 'ਚ ਸ਼ਬਦ ਰੀਤਾਂ ਸੁਣਨੀਆਂ ਹਨ।

ਫਿਰ ਗੁਰੂ ਨੇ ਕਿਰਪਾ ਕੀਤੀ ਅਤੇ ਭਾਈ ਸਮੁੰਦ ਸਿੰਘ ਜੀ ਦੀ ਸੇਹਤ ਕੁੱਝ ਠੀਕ ਹੋ ਗਈ। ਸੰਗਤਾਂ ਨੂੰ ਨਿਹਾਲ ਕੀਤਾ ਕੀਰਤਨ ਸੁਣਾ ਸੁਣਾ ਕੇ। ਇਹ 1970 ਦੀ ਗੱਲ ਹੈ। ਦਿੱਲੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ 'ਤੇ ਹੋਰਨਾਂ ਜਥਿਆਂ ਤੋਂ ਪਿਛੋਂ, ਪਹਿਲਾਂ ਭਾਈ ਪਰਤਾਪ ਸਿੰਘ ਜੀ ਅਤੇ ਫਿਰ ਅਸੀਂ ਕੀਰਤਨ ਕੀਤਾ। ਫਿਰ ਭਾਈ ਸਾਹਿਬ ਧਰਮ ਸਿੰਘ ਜ਼ਖ਼ਮੀ ਤੇ ਸਭ ਤੋਂ ਅਖ਼ੀਰ ਭਾਈ ਸਾਹਿਬ ਸਮੁੰਦ ਸਿੰਘ ਜੀ ਨੇ ਸਾਜ਼ ਸੁਰ ਕਰਨੇ ਸ਼ੁਰੂ ਕੀਤੇ। ਮੈਂ ਦੋ ਤਿੰਨ ਮਿੰਟ ਉਠ ਕੇ ਬਾਹਰ ਗਿਆ। ਭਾਈ ਸਾਹਿਬ ਨੇ ਮੰਗਲਾਚਰਣ ਸ਼ੁਰੂ ਕੀਤਾ। ਇੱਕ ਮੁਸਲਮਾਨ ਬਜ਼ੁਰਗ ਪੰਡਾਲ ਤੋਂ ਬਾਹਰ ਖੜਾ ਸੁਣ ਰਿਹਾ ਸੀ। ਮੈਨੂੰ ਉਸ ਨੇ ਪੁਛਿਆ ਕਿ ਇਹ ਕੌਣ ਗਾ ਰਿਹਾ ਹੈ। ਮੈਂ ਦੱਸਿਆ ਇਹ ਭਾਈ ਸਮੁੰਦ ਸਿੰਘ ਜੀ ਹਨ। ਫਿਰ ਉਸ ਨੇ ਪੁੱਛਿਆ ਕਿ ਇਨ੍ਹਾਂ ਦੀ ਉਮਰ ਕਿੰਨੀ ਕੁ ਹੈ। ਮੈਂ ਕਿਹਾ ਅੰਦਾਜ਼ਨ 70 ਸਾਲ ਹੋਵੇਗੀ। ਉਸ ਸਮੇਂ ਭਾਈ ਸਾਹਿਬ ਭਗਤ ਵਛਲ ਲਫਜ਼ਾਂ ਨੂੰ ਆਪਣੇ ਅੰਦਾਜ਼ ਵਿਚ ਆਖ ਰਹੇ ਸਨ। ਉਹ ਮੁਸਲਮਾਨ ਵਜਦ ਵਿਚ ਆ ਕੇ ਆਖਣ ਲੱਗ ਪਿਆ, "ਯਿਹ ਤੋ ਅਲਾਹ ਕੀ ਆਵਾਜ਼ ਹੈ, ਯਿਹ ਤੋ ਅਲਾਹ ਕੀ ਆਵਾਜ਼ ਹੈ।"

ਅਸੀਂ 1971-72 ਵਿਚ ਇੰਗਲੈਂਡ ਗਏ ਹੋਏ ਸਾਂ। ਇਸ ਸਮੇਂ ਵਿਚ ਨਿਰੰਕਾਰ ਨੇ ਭਾਈ ਸਾਹਿਬ ਸਮੁੰਦ ਸਿੰਘ ਜੀ ਨੂੰ ਸੱਚਖੰਡ ਬੁਲਾ ਲਿਆ। ਭਾਈ ਸਾਹਿਬ ਸਦਾ ਅਮਰ ਹਨ, ਐਸੀਆਂ ਜੀਵਨੀਆਂ ਸਦਾ ਲਈ ਮਾਰਗ ਦਰਸ਼ਨ ਕਰਦੀਆਂ ਰਹਿੰਦੀਆਂ ਹਨ।

– ਭਾਈ ਅਵਤਾਰ ਸਿੰਘ

(ਸਾਬਕਾ ਹਜ਼ੂਰੀ ਹੈਡ ਰਾਗੀ, ਗੁਰਦੁਆਰਾ ਸੀਸ ਗੰਜ ਸਾਹਿਬ)

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ
# ਸਰਗਰਮੀਆਂ

### ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੱਧ ਪ੍ਰਦੇਸ਼ ਦੇ ਖੰਡਵਾ ਨੇੜੇ ਸਿਕਲੀਘਰ ਸਿੱਖਾਂ ਦੇ ਕਾਜਲਪੁਰਾ ਪਿੰਡ ਨੂੰ ਗੋਦ ਲੈਣ ਦਾ ਐਲਾਨ ਕੀਤਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਖੇ ਹੋਏ ਮੁਖ ਸਮਾਗਮ ਦੌਰਾਨ ਬੋਲਦੇ ਹੋਏ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ 2019 'ਚ ਆ ਰਹੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਣ ਦੀ ਸੰਗਤਾਂ ਨੂੰ ਜਾਣਕਾਰੀ ਦਿੱਤੀ। ਇਸਤੋਂ ਪਹਿਲਾਂ ਗੁਰਦੁਆਰਾ ਬੰਗਲਾ ਸਾਹਿਬ ਦੇ ਸਰੋਵਰ ਕਿਨਾਰੇ ਰਾਤ ਨੂੰ ਹੋਏ ਸਮਾਗਮ ਦੌਰਾਨ ਕਮੇਟੀ ਵੱਲੋਂ ਨੀਟ ਪ੍ਰੀਖਿਆ 2017 'ਚ 11.50 ਲੱਖ ਵਿਦਿਆਰਥੀਆਂ ਵਿਚੋਂ ਪਹਿਲਾ ਸਥਾਨ ਹਾਸ਼ਿਲ ਕਰਨ ਵਾਲੇ ਨਵਦੀਪ ਸਿੰਘ ਨੂੰ ਸ਼ਾਲ ਅਤੇ 51 ਹਜਾਰ ਰੁਪਏ ਦਾ ਚੈਕ ਦੇ ਕੇ ਸਨਮਾਨਿਤ ਕੀਤਾ ਗਿਆ। ਰੰਗ-ਬਿਰੰਗੀ ਗੁਰਦੁਆਰਾ ਬੰਗਲਾ ਸਾਹਿਬ ਦੇ ਸਮਾਗਮ 'ਚ ਬਦਹਾਲ ਕਿਸਾਨਾਂ ਦੇ ਬੱਚਿਆਂ ਨੇ ਵੀ ਗੁਰੂ ਸਾਹਿਬ ਅੱਗੇ ਆਪਣਾ ਅਕੀਦਾ ਭੇਟ ਕਰ ਆਪਣੇ ਪਰਿਵਾਰਾਂ ਦੀ ਖੁਸ਼ਹਾਲੀ ਦੀ ਅਰਦਾਸ਼ ਕੀਤੀ। ਜੰਤਰ-ਮੰਤਰ ਵਿਖੇ ਪ੍ਰਦਰਸ਼ਨ ਲਈ ਆਏ ਹੋਏ ਕਿਸਾਨ ਜਥੇਬੰਦੀ ਦੇ ਉਕਤ ਬੱਚਿਆਂ ਨੇ ਆਪਣੀਆਂ ਮੰਗਾਂ ਨੂੰ ਪ੍ਰਦਰਸ਼ਿਤ ਕਰਦੀਆਂ ਚਿੱਟੀਆਂ ਟੋਪੀਆਂ ਪਾਈਆਂ ਹੋਈਆਂ ਸਨ। ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਪੰਥਕ ਵਿਚਾਰਾਂ ਦੌਰਾਨ ਤਕਰੀਰ ਕਰਦੇ ਹੋਏ ਮਨਜੀਤ ਸਿੰਘ ਜੀ.ਕੇ., ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਅਤੇ ਜੁਆਇੰਟ ਸਕੱਤਰ ਅਮਰਜੀਤ ਸਿੰਘ ਫਤਹਿ ਨਗਰ ਨੇ ਗੁਰੂ ਸਾਹਿਬ ਦੇ ਇਤਿਹਾਸ 'ਤੇ ਰੋਸ਼ਨੀ ਪਾਉਂਦੇ ਹੋਏ ਚਲ ਰਹੇ ਕੌਮੀ ਕਾਰਜਾਂ ਦਾ ਵੇਰਵਾ ਦਿੱਤਾ। ਜੀ.ਕੇ. ਨੇ ਕਿਹਾ ਕਿ ਸਿੱਖਿਆ ਅੱਜ ਦੇ ਸਮੇਂ ਵਿਚ ਸਭ ਤੋਂ ਵੱਡੀ ਲੋੜ ਹੈ। ਜੇਕਰ ਅਸੀਂ ਸਿੱਖ ਆਈ.ਏ.ਐਸ. ਅਤੇ ਆਈ.ਪੀ.ਐਸ. ਪੈਦਾ ਕਰਨ ਵਿਚ ਨਾਕਾਮ ਰਹੇ ਤਾਂ ਕੌਮ ਦਾ ਭਵਿੱਖ ਖੱਤਰੇ ਵਿਚ ਹੈ ਕਿਉਂਕਿ ਘੱਟਗਿਣਤੀ ਕੌਮ ਉੱਚ ਤੇ ਮਿਆਰੀ ਸਿੱਖਿਆ ਦੇ ਬਿਨਾ ਆਪਣੀ ਹੋਂਦ ਨੂੰ ਨਹੀਂ ਬਚਾ ਸਕਦੀ ਹੈ। ਇਸ ਸਬੰਧੀ ਘੱਟਗਿਣਤੀ ਵਿੱਦਿਅਕ ਅਦਾਰਿਆਂ ਦੇ ਦਰਜ਼ਾ ਮਿਲਣ ਉਪਰੰਤ ਖਾਲਸਾ ਕਾਲਜਾਂ ਵਿਚ ਸਿੱਖ









ਦੀ ਖੁਸ਼ੀ ਵਿੱਚ






ਗੁਰਪੁਰਬ ਦੀ ਖੁਸ਼ੀ ਵਿੱਚ



ਬੱਚਿਆਂ ਨੂੰ ਮਿਲ ਰਹੇ ਬਿਹਤਰ ਮੌਕਿਆਂ ਦਾ ਵੀ ਜੀ.ਕੇ. ਨੇ ਹਵਾਲਾ ਦਿੱਤਾ। ਜੀ.ਕੇ. ਨੇ ਕਿਹਾ ਕਿ ਕਮੇਟੀ ਦੇ ਅਦਾਰੇ ਜੀ.ਟੀ.ਬੀ.ਆਈ.ਟੀ. 'ਚ ਇਸ ਵਰ੍ਹੇ 600 ਸੀਟਾਂ 'ਤੇ ਹੋਏ ਦਾਖਲੇ 'ਚ ਜਿਥੇ ਜਨਰਲ ਸੀਟ 4 ਹਜਾਰ ਰੈਂਕ ਤਕ ਆਈ.ਪੀ. ਯੂਨੀਵਰਸਿਟੀ ਵੱਲੋਂ ਕਾਉਂਸਿਲਿੰਗ ਰਾਹੀਂ ਭਰੀ ਗਈ ਹੈ ਉਥੇ ਸਿੱਖ ਸੀਟਾਂ 40 ਹਜਾਰ ਰੈਂਕ ਵਾਲੇ ਬੱਚੇ ਵੀ ਪ੍ਰਾਪਤ ਕਰਨ ਵਿਚ ਕਾਮਯਾਬ ਰਹੇ ਹਨ। ਇਸੇ ਤਰ੍ਹਾਂ ਦਿੱਲੀ ਯੂਨੀਵਰਸਿਟੀ ਦੇ ਚਾਰੋ ਖਾਲਸਾ ਕਾਲਜਾਂ ਵਿਚ ਸਿੱਖ ਬੱਚਿਆਂ ਨੂੰ ਜਨਰਲ ਕੈਟਿਗਰੀ ਦੇ ਮੁਕਾਬਲੇ ਕੱਟ ਆਫ ਵਿਚ ਵੱਖ-ਵੱਖ ਕੋਰਸਾਂ 'ਚ 10 ਤੋਂ 40 ਫੀਸਦੀ ਦੇ ਫਰਕ ਨਾਲ ਦਾਖਲ ਹੋਣ ਦਾ ਸੁੱਚਜਾ ਮੌਕਾ ਮਿਲਿਆ ਹੈ। ਪਿੱਛਲੇ 50 ਸਾਲ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ। ਜੀ.ਕੇ. ਨੇ ਕਿਹਾ ਕਿ ਅਸੀਂ ਸਰਕਾਰ ਦੇ ਦਰਬਾਰ ਆਪਣੇ ਲਈ ਕੁਝ ਲੈਣ ਨਹੀਂ ਜਾਂਦੇ ਸਗੋਂ ਕੌਮ ਦੇ ਭਵਿੱਖ ਨੂੰ ਉਸਾਰਨ ਦਾ ਟੀਚਾ ਲੈ ਕੇ ਨਿਰੰਤਰ ਲੱਗੇ ਹੋਏ ਹਾਂ। ਜਿਸ ਕਰਕੇ ਅੱਜ ਉੱਚ ਸਿੱਖਿਆ ਨੂੰ ਸਿੱਖੀ ਸੰਭਾਲ ਦੇ ਨਾਲ ਜੋੜ ਕੇ ਜੋ ਇਤਿਹਾਸਕ ਕਾਰਜ ਕਮੇਟੀ ਨੇ ਕੀਤਾ ਹੈ ਉਸ ਕਰਕੇ 2-3 ਸਾਲ 'ਚ ਬਦਲਾਵ ਦੀ ਲਹਿਰ ਚਲੇਗੀ। ਜੀ.ਕੇ. ਨੇ ਜੱਸਾ ਸਿੰਘ ਆਹਲੂਵਾਲੀਆ ਦੀ ਤੀਜੀ ਜਨਮ ਸ਼ਤਾਬਦੀ ਅਤੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਰਾਹੀਂ ਹਰ ਧਰਮ ਅਤੇ ਹਰ ਮੁਲਕ ਨੂੰ ਜੋੜਨ ਦੀ ਗੱਲ ਕਹੀ।

ਗੁਰੂ ਨਾਨਕ ਸਾਹਿਬ ਦੇ ਸਿਧਾਂਤ : ਮਨੁੱਖਤਾ ਬਰਾਬਰਤਾ ਅਤੇ ਧਰਮ ਨਿਰਪੇਖਤਾ ਨੂੰ ਘਰ-ਘਰ ਤਕ ਪਹੁੰਚਾਉਣ ਦਾ ਜੀ.ਕੇ. ਨੇ ਅਹਿਦ ਲਿਆ। ਕਾਜਲਪੁਰਾ ਵਿਖੇ ਸਿਕਲੀਘਰ ਸਿੱਖਾ ਦੇ ਘਰ ਅਤੇ ਗੁਰਦੁਆਰੇ ਨੂੰ ਪੱਕਾ ਬਣਾਉਣ ਦਾ ਐਲਾਨ ਕਰਦੇ ਹੋਏ ਜੀ.ਕੇ. ਨੇ ਇਸ ਕਾਰਜ 'ਚ ਸਹਿਯੋਗ ਦੇ ਰਹੇ ਅਮਰੀਕਾ ਨਿਵਾਸੀ ਮਨਦੀਪ ਸਿੰਘ ਸੋਬਤੀ ਦਾ ਸਨਮਾਨ ਵੀ ਕੀਤਾ। ਜੀ.ਕੇ. ਨੇ ਜੈਕਾਰਿਆਂ ਦੀ ਗੂੰਜ 'ਚ ਸੰਗਤਾਂ ਤੋਂ ਜੀ.ਐਸ.ਟੀ. ਨਾ ਲਗਾਉਣ ਸਬੰਧੀ ਮਤੇ 'ਤੇ ਵੀ ਪ੍ਰਵਾਨਗੀ ਲਈ। ਸਿਰਸਾ ਨੇ ਸੰਗਤਾਂ ਨੂੰ ਤੋੜਨ ਦੀ ਥਾਂ ਜੋੜਨ ਵੱਲ ਤੁਰਨ ਦੀ ਪ੍ਰੇਰਣਾ ਕਰਦੇ ਹੋਏ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਦਿੱਤੀ ਗਈ ਸ਼ਹਾਦਤ ਨੂੰ ਧਰਮ ਦੀ ਸ਼ਹਾਦਤ ਦੀ ਥਾਂ ਮਨੁੱਖਤਾ ਲਈ ਸ਼ਹਾਦਤ ਦੱਸਿਆ। ਬੀਤੇ ਦਿਨੀਂ ਅੰਬਾਲਾ ਵਿਖੇ ਇੱਕ ਸਿੱਖ ਨਾਲ ਹੋਈ ਕੁੱਟਮਾਰ ਦੇ ਮਾਮਲੇ 'ਚ ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਦਿੰਦੇ ਹੋਏ ਸਿਰਸਾ ਨੇ ਇਸ ਮਸਲੇ ਨੂੰ ਸੋਸ਼ਲ ਮੀਡੀਆ 'ਤੇ ਫਿਰਕੂ ਅਤੇ ਵੱਖਵਾਦੀ ਰੰਗ ਦੇਣ ਵਾਲੇ ਲੋਕਾਂ ਦੀ ਸੋਚ ਦੀ ਨਿਖੇਧੀ ਕੀਤੀ। ਸਿਰਸਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਸਾਰੀ ਮਨੁੱਖਤਾ ਲਈ ਹੈ ਪਰ ਅਫਸੋਸ ਅਸੀਂ ਇਸਦੀ ਸਿੱਖਿਆਵਾਂ 'ਤੇ ਸਿਰਫ ਸਿੱਖਾਂ ਦਾ ਹੱਕ ਸਮਝ ਲਿਆ ਹੈ। ਇਸ ਸਬੰਧੀ ਸਿਰਸਾ ਨੇ ਅੰਬਾਲਾ ਦੇ ਐਸ.ਐਸ.ਪੀ. ਨਾਲ ਹੋਈ ਘਟਨਾਕ੍ਰੰਮ ਸਬੰਧੀ ਜਾਣਕਾਰੀ ਦਿੰਦੇ ਹੋਏ ਸਿੱਖਾਂ ਨੂੰ ਆਪਣੀ ਸੋਚ ਦਾ ਦਾਇਰਾ ਵੱਡਾ ਕਰਨ ਦੀ ਅਪੀਲ ਕੀਤੀ। ਸਿਰਸਾ ਨੇ ਕੌਮੀ ਅਤੇ ਪੰਥਕ ਕਾਰਜਾਂ ਦੀ ਸੇਵਾ ਲਈ ਸੰਗਤਾਂ ਤੋਂ ਸਹਿਯੋਗ ਵੀ ਮੰਗਿਆ। ਇਸ ਮੌਕੇ ਉੱਘੀ ਇਤਿਹਾਸਕਾਰ ਬੀਬੀ ਹਰਬੰਸ ਕੌਰ ਸਾਗੂ ਵੱਲੋਂ ਲਿਖੀਆਂ ਗਈਆਂ 2 ਕਿਤਾਬਾਂ ਦੀ ਘੁੰਡ ਚੁਕਾਈ ਕਮੇਟੀ ਪ੍ਰਬੰਧਕਾਂ ਵੱਲੋਂ ਕੀਤੀ ਗਈ। ਸਟੇਜ ਸਕੱਤਰ ਦੀ ਸੇਵਾ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੁਲਮੋਹਨ ਸਿੰਘ ਨੇ ਬਖ਼ੂਬੀ ਨਿਭਾਈ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਵਿਖੇ 12ਵੀਂ ਜਮਾਤ ਦੇ ਟੌਪਰ ਵਿਦਿਆਰਥੀਆਂ ਦਾ ਇਸ ਮੌਕੇ ਗੋਲਡ ਮੈਡਲ ਦੇ ਕੇ ਸਨਮਾਨ ਕੀਤਾ ਗਿਆ। ਜਿਸ ਵਿਚ ਲੋਨੀ ਰੋਡ ਬ੍ਰਾਂਚ ਦੇ ਅਯੂਸ਼ (ਵਿਗਿਆਨ) 'ਚ 95.6 ਫੀਸਦੀ, ਬਸੰਤ ਵਿਹਾਰ ਬ੍ਰਾਂਚ ਦੇ ਜਪਤੇਗ ਸਿੰਘ ਕੱਮਰਸ 'ਚ 95 ਫੀਸਦੀ ਅਤੇ ਇੰਡੀਆ ਗੇਟ ਬ੍ਰਾਂਚ ਦੀ ਕੁਦਰਤ ਕੌਰ (ਆਰਟ) 'ਚ 92 ਫੀਸਦੀ ਸ਼ਾਮਿਲ ਹਨ। ਇਸ ਮੌਕੇ ਕਮੇਟੀ ਦੇ ਸਮੂਹ ਮੈਂਬਰਾਨ ਮੌਜੂਦ ਸਨ।

## ਯੂ.ਕੇ. ਦੇ ਪਹਿਲੇ ਸਿੱਖ ਸਾਂਸਦ ਢੇਸੀ ਦਾ ਸਨਮਾਨ

ਇੰਗਲੈਂਡ 'ਚ ਪਹਿਲੇ ਸਿੱਖ ਸਾਂਸਦ ਬਣੇ ਤਨਮਨਜੀਤ ਸਿੰਘ ਢੇਸੀ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ। ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਕਮੇਟੀ ਦਫ਼ਤਰ ਵਿਖੇ ਪੁੱਜੇ ਢੇਸੀ ਨੂੰ ਅਕਾਲੀ ਸਾਂਸਦ ਬਲਵਿੰਦਰ ਸਿੰਘ ਭੂੰਦੜ, ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ, ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ, ਕੁਲਵੰਤ ਸਿੰਘ ਬਾਠ ਅਤੇ ਭਾਜਪਾ ਆਗੂ ਆਰ.ਪੀ.ਸਿੰਘ ਵੱਲੋਂ ਸ਼ਾਲ, ਸ੍ਰੀ ਸਾਹਿਬ ਅਤੇ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸਿਰਸਾ ਨੇ ਸਿੱਖ ਪੱਛਾਣ ਨਾਲ ਜੁੜੀਆਂ ਵਸਤੂਆਂ ਨੂੰ ਲੈ ਕੇ ਵਿਦੇਸ਼ਾਂ 'ਚ ਸਿੱਖਾਂ ਦੇ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਢੇਸੀ ਦਾ ਸਹਿਯੋਗ ਮੰਗਿਆ। ਸਿਰਸਾ ਨੇ ਇਸ ਮਸਲੇ 'ਤੇ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੂੰ ਇਸ ਸੰਬੰਧੀ ਭੇਜੇ ਗਏ ਮਾਮਲੇ ਦੀ ਜਾਣਕਾਰੀ ਦਿੱਤੀ। ਸਿਰਸਾ ਨੇ ਕਿਹਾ ਕਿ ਪੰਜ ਕਕਾਰ ਅਤੇ ਦਸਤਾਰ ਨੂੰ ਲੈ ਕੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਦੇ ਵੱਖਰੇ -ਵੱਖਰੇ ਕਾਨੂੰਨਾਂ ਕਰਕੇ ਸਿੱਖਾਂ ਨੂੰ ਮੁਸ਼ਕਿਲਾਂ ਦਾ ਸਾਹਮਣਾਂ ਕਰਨਾ ਪੈ ਰਿਹਾ ਹੈ। ਇਸ ਕਰਕੇ ਕਮੇਟੀ ਨੇ ਇਸ ਮਾਮਲੇ ਨੂੰ ਸੰਯੁਕਤ ਰਾਸ਼ਟਰ ਦੇ ਸਾਹਮਣੇ ਰੱਖਿਆ ਹੈ। ਸਿਰਸਾ ਨੇ ਕਮੇਟੀ ਦੇ ਪੱਖ ਨੂੰ ਮਜਬੂਤ ਕਰਨ ਲਈ ਢੇਸੀ ਨੂੰ ਮਾਮਲੇ ਦੇ ਸਮਰਥਨ ਵਿਚ ਪੱਤਰ ਦੇਣ ਦੀ ਅਪੀਲ ਕਰਦੇ ਹੋਏ ਇੰਗਲੈਂਡ ਦੇ ਵਿਦੇਸ਼ ਮੰਤਰੀ ਪਾਸੋਂ ਵੀ ਅਜਿਹਾ ਪੱਤਰ ਕਮੇਟੀ ਨੂੰ ਦਿਵਾਉਣ ਦੀ ਬੇਨਤੀ ਕੀਤੀ ਤਾਂਕਿ ਸੰਯੁਕਤ







ਰਾਸ਼ਟਰ ਦੇ ਸਾਹਮਣੇ ਮਜ਼ਬੂਤੀ ਨਾਲ ਸਿੱਖਾਂ ਦਾ ਪੱਖ ਰੱਖਿਆ ਜਾ ਸਕੇ। ਸੰਯੁਕਤ ਰਾਸ਼ਟਰ ਦੇ ਅਗਲੇ ਇਜਲਾਸ਼ 'ਚ ਇਸ ਮਸਲੇ 'ਤੇ ਸੁਣਵਾਈ ਹੋਣ ਦੀ ਆਸ ਜਤਾਉਂਦੇ ਹੋਏ ਸਿਰਸਾ ਨੇ ਸੰਯੁਕਤ ਰਾਸ਼ਟਰ ਵੱਲੋਂ ਕਾਨੂੰਨ ਬਣਨ ਉਪਰੰਤ ਸਿੱਖਾਂ ਦੀ ਧਾਰਮਿਕ ਤੌਰ ਤੇ ਹੋਣ ਵਾਲੀ ਖੱਜਲ ਖੁਆਰੀ ਰੁਕਣ ਦਾ ਦਾਅਵਾ ਕੀਤਾ। ਢੇਸੀ ਨੇ ਸਨਮਾਨ ਲਈ ਦਿੱਲੀ ਕਮੇਟੀ ਦਾ ਧੰਨਵਾਦ ਕਰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਤਿਹਾਸਿਕ ਸਥਾਨ 'ਤੇ ਉਨ੍ਹਾਂ ਦਾ ਸਨਮਾਨ ਕੀਤੇ ਜਾਣ ਨੂੰ ਮਾਣ ਵਾਲੀ ਗੱਲ ਦੱਸਿਆ। ਬਤੌਰ ਸਿੱਖ ਹੋਣ ਕਰਕੇ ਬਰਤਾਨੀਆ, ਪੰਜਾਬ ਅਤੇ ਸਿੱਖੀ ਮਸਲਿਆਂ 'ਤੇ ਡੱਟ ਕੇ ਕੌਮ ਦੀ ਅਵਾਜ ਬਣਨ ਦਾ ਭਰੋਸਾ ਦਿੰਦੇ ਹੋਏ ਢੇਸੀ ਨੇ ਉਨ੍ਹਾਂ ਨੂੰ ਸਾਂਸਦ ਬਣਾਉਣ 'ਚ ਸਹਿਯੋਗ ਦੇਣ ਵਾਲੇ ਸਮੂਹ ਪੰਜਾਬੀਆਂ ਦਾ ਧੰਨਵਾਦ ਕੀਤਾ। ਸਿਰਸਾ ਵੱਲੋਂ ਸਿੱਖ ਪੱਛਾਣ ਨਾਲ ਜੁੜੇ ਮਸਲੇ 'ਤੇ ਮੰਗੀ ਗਈ ਸਹਾਇਤਾ ਨੂੰ ਢੇਸੀ ਨੇ ਪੂਰਣ ਤੌਰ ਤੇ ਦੇਣ ਦਾ ਭਰੋਸਾ ਦਿੰਦੇ ਹੋਏ ਕਿਹਾ ਕਿ ਜੇਕਰ ਅਸੀਂ ਕੌਮ ਲਈ ਕੰਮ ਨਹੀਂ ਕੀਤੇ ਤਾਂ ਫਿਰ ਕਿਸ ਤੋਂ ਉਮੀਦ ਕਰਾਂਗੇ। ਭੂੰਦੜ ਨੇ ਕੌਮ ਦੀ ਆਵਾਜ਼ ਨੂੰ ਬੁਲੰਦ ਕਰਨ ਵਾਸਤੇ ਦਿੱਲੀ ਕਮੇਟੀ ਅਤੇ ਢੇਸੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸਲਾਘਾ ਕੀਤੀ। ਭੂੰਦੜ ਨੇ ਸਾਕਾ ਨੀਲਾ ਤਾਰਾ ਨੂੰ ਅੰਜਾਮ ਦੇਣ 'ਚ ਭਾਰਤ ਸਰਕਾਰ ਦੇ ਸਹਿਯੋਗੀ ਦੇ ਤੌਰ 'ਤੇ ਬਰਤਾਨੀਆਂ ਸਰਕਾਰ ਦੀ ਭੂਮਿਕਾ ਬਾਰੇ ਵੀ ਆਪਣੇ ਵਿਚਾਰ ਰੱਖੇ। ਇਥੇ ਦੱਸ ਦੇਈਏ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੂੰ ਲਿਖੇ ਇਕ ਵਿਸਥਾਰਿਤ ਪੱਤਰ ਵਿਚ ਸਿਰਸਾ ਉਹਨਾਂ ਨੂੰ ਸਿੱਖ ਗੁਰੂ ਸਾਹਿਬਾਨ ਵੱਲੋਂ ਦੱਸੇ ਪੰਜ ਕੱਕਾਰਾਂ ਦੀ ਅਹਿਮੀਅਤ ਦੀ ਜਾਣਕਾਰੀ ਦਿੰਦੀਆਂ ਦੱਸਿਆ ਹੈ ਕਿ ਹਰ ਸਿੱਖ ਲਈ ਇਹ ਧਾਰਨ ਕਰਨੇ ਲਾਜ਼ਮੀ ਹਨ। ਸਿਰਸਾ ਨੇ ਦੱਸਿਆ ਕਿ ਉਹਨਾਂ ਨੇ ਵਾਚਿਆ ਹੈ ਕਿ ਵੱਖ ਵੱਖ ਮੁਲਕਾਂ ਵਿਚ ਸਿੱਖਾਂ ਨੂੰ ਇਸ ਲਈ ਮੁਸ਼ਕਿਲਾਂ ਦਰਪੇਸ਼ ਹਨ ਕਿਉਂਕਿ ਉਹਨਾਂ ਮੁਲਕਾਂ ਵਿਚ ਅਜਿਹੇ ਕਾਨੂੰਨ ਲਾਗੂ ਹਨ ਅਤੇ ਉਥੇ ਦੀਆਂ ਅਦਾਲਤਾਂ ਤੈਅ ਸ਼ੁਦਾ ਕਾਨੂੰਨਾਂ ਦੇ ਦਾਇਰੇ ਵਿਚ ਰਹਿ ਕੇ ਕੇਸਾਂ ਦਾ ਨਿਪਟਾਰਾ ਕਰਦੀਆਂ ਹਨ। ਉਹਨਾਂ ਕਿਹਾ ਕਿ ਬਿਨਾਂ ਕੋਈ ਕਸੂਰ ਕੀਤਿਆਂ ਹੀ ਸਿੱਖਾਂ ਨੂੰ ਕਕਾਰ ਧਾਰਨ ਕਰਨ 'ਤੇ ਫੌਜਦਾਰੀ ਕੇਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਅਜਿਹਾ ਇਹਨਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਸਿੱਖ ਧਾਰਮਿਕ ਚਿੰਨ੍ਹਾਂ ਦੀ ਅਹਿਮੀਅਤ ਨਾ ਪਤਾ ਹੋਣ ਕਾਰਨ ਵਾਪਰ ਰਿਹਾ ਹੈ।ਸਿਰਸਾ ਨੇ ਕਿਹਾ ਕਿ ਭਾਵੇਂ ਭਾਈਚਾਰੇ ਦੇ ਮੈਂਬਰਾਂ ਦੀ ਗਿਣਤੀ ਘੱਟ ਹੈ ਪਰ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿਚ ਵਿਕਾਸ ਤੇ ਆਰਥਿਕ ਤਰੱਕੀ ਦੀ ਪ੍ਰਕਿਰਿਆ ਵਿਚ ਇਹਨਾਂ ਨੇ ਵਡਮੁੱਲਾ ਯੋਗਦਾਨ ਪਾਇਆ ਹੈ। ਉਹਨਾਂ ਕਿਹਾ ਕਿ ਅਨੇਕਾਂ ਵਾਰ ਇਹ ਸਾਬਤ ਹੋਇਆ ਹੈ ਜਿਸ ਸਮਾਜ ਵਿਚ ਇਹ ਰਹਿੰਦੇ ਹਨ, ਉਸ ਵਾਸਤੇ ਇਹ ਗਹਿਣਾ ਹੁੰਦੇ ਹਨ। ਉਹਨਾਂ ਕਿਹਾ ਕਿ ਗੁਰੂ ਸਾਹਿਬਾਨ ਦੇ ਹੁਕਮਾਂ ਅਨੁਸਾਰ ਸਮਾਜ ਦੀ ਬੇਹਤਰੀ ਵਾਸਤੇ ਕੰਮ ਕਰਨਾ ਹਰ ਸਿੱਖ ਦਾ ਫਰਜ਼ ਹੈ। ਸਿਰਸਾ ਨੇ ਕਿਹਾ ਕਿ ਧਾਰਮਿਕ ਚਿੰਨ੍ਹਾਂ ਯਾਨੀ ਪੰਜ ਕੱਕਾਰਾਂ ਤੋਂ ਇਲਾਵਾ ਸਿੱਖ ਪੁਰਸ਼ਾਂ ਲਈ ਦਸਤਾਰ ਸਜਾਉਣਾ ਲਾਜ਼ਮੀ ਹੈ ਜਦਕਿ ਗੁਰੂ ਸਾਹਿਬ ਨੇ ਟੋਪੀਆਂ ਜਾਂ ਹੈਲਮੈਟ ਪਹਿਨਣ 'ਤੇ ਰੋਕ ਲਗਾਈ ਹੈ।ਕਮੇਟੀ ਦੇ ਜਨਰਲ ਸਕੱਤਰ ਨੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੂੰ ਚੇਤੇ ਕਰਵਾਇਆ ਕਿ ਸੰਸਥਾ ਵੱਲੋਂ ਪਾਸ ਕੀਤੇ ਗਏ ਮਤੇ ਅਨੁਸਾਰ ਹਰ ਕੋਈ ਜਨਮ ਤੋਂ ਮੁਕਤ ਹੈ ਤੇ ਉਸਨੂੰ ਮਾਣ ਸਤਿਕਾਰ ਅਤੇ ਅਧਿਕਾਰ ਦੀ ਬਰਾਬਰੀ ਹਾਸਲ ਹੈ। ਭਾਵੇਂ ਵਿਅਕਤੀ ਦੀ ਰਾਸ਼ਟਰੀਅਤਾ, ਰਹਿਣ ਦਾ ਸਥਾਨ, ਲਿੰਗ, ਦੇਸ਼ ਜਾਂ ਨਸਲੀ ਜਨਮ, ਭਾਸ਼ਾ ਜਾਂ ਕੋਈ ਵੀ ਰੁਤਬਾ ਹੋਵੇ, ਅੰਤਰ ਰਾਸ਼ਟਰੀ ਭਾਈਚਾਰੇ ਨੇ 10 ਦਸੰਬਰ 1948 ਨੂੰ ਇਹ ਸੰਕਲਪ ਲਿਆ ਸੀ ਕਿ ਉਹ ਸਾਰਿਆਂ ਲਈ ਮਾਣ ਸਤਿਕਾਰ ਤੇ ਨਿਆਂ ਯਕੀਨੀ ਬਣਾਏਗੀ। ਉਹਨਾਂ ਕਿਹਾ ਕਿ ਇਸ ਅਨੁਸਾਰ ਸਿੱਖਾਂ ਨੂੰ ਵੀ ਆਪਣੀ ਮਰਜੀ ਅਨੁਸਾਰ ਜਿਉਣ ਤੇ ਆਪਣੇ ਧਰਮ ਦੀ ਪਾਲਣਾ ਕਰਨ ਦਾ ਅਧਿਕਾਰ ਹੈ। ਸੰਯੁਕਤ ਰਾਸ਼ਟਰ ਮਹਾਂ ਸਭਾ ਨੂੰ ਇਕ ਢੁਕਵਾਂ ਮਤਾ ਪਾਸ ਕਰਨ ਦੀ ਅਪੀਲ ਕਰਦਿਆਂ ਸ੍ਰ. ਸਿਰਸਾ ਨੇ ਕਿਹਾ ਕਿ ਮਤੇ ਰਾਹੀਂ ਸਾਰੇ ਮੈਂਬਰ ਰਾਜਾਂ

ਨੂੰ ਅਪੀਲ ਕੀਤੀ ਜਾਵੇ ਕਿ ਉਹ ਮੌਜੂਦਾ ਕਾਨੂੰਨਾਂ ਵਿਚ ਸੋਧ ਕਰ ਕੇ ਜਾਂ ਨਵੇਂ ਕਾਨੂੰਨ ਬਣਾ ਕੇ ਸਿੱਖਾਂ ਨੂੰ ਆਪੋ ਆਪਣੇ ਮੁਲਕ ਵਿਚ ਪੰਜ ਕੱਕਾਰ ਤੇ ਦਸਤਾਰ ਧਾਰਨ ਕਰਨ ਦੀ ਖੁਲ ਦੇਣ। ਉਹਨਾਂ ਕਿਹਾ ਕਿ ਅਜਿਹਾ ਮਤਾ ਪਾਸ ਹੋਣ ਨਾਲ ਇਹ ਮਸਲਾ ਸਥਾਈ ਤੌਰ 'ਤੇ ਹੱਲ ਹੋਣ ਦਾ ਰਾਹ ਖੁਲ੍ਹ ਜਾਵੇਗਾ। ਸਿਰਸਾ ਨੇ ਇਹ ਵੀ ਪੇਸ਼ਕਸ਼ ਕੀਤੀ ਕਿ ਜੇਕਰ ਸੰਯੁਕਤ ਰਾਸ਼ਟਰ ਵਿਚ ਢੁਕਵੀਂ ਅਥਾਰਟੀ ਠੀਕ ਹੋਣ ਸਮੇਂ ਤਾਂ ਡੀ ਐਸ ਜੀ ਐਮ ਸੀ ਆਪਣੀ ਵਿਸਥਾਰਿਤ ਪੇਸ਼ਕਾਰੀ ਦੇਣ ਵਾਸਤੇ ਤਿਆਰ ਹੈ ਜਿਸ ਸਦਕਾ ਮੈਂਬਰ ਇਸ ਜਟਿਲ ਸਮੱਸਿਆ ਨੂੰ ਸਮਝ ਸਕਣਗੇ ਅਤੇ ਸਿੱਖ ਭਾਈਚਾਰੇ ਦੀ ਗੈਰ ਲੋੜੀਂਦੀ ਮੁਸ਼ਕਿਲ ਹੱਲ ਹੋ ਸਕੇਗੀ। ਉਹਨਾਂ ਕਿਹਾ ਕਿ ਉਹ ਇਹ ਮਤਾ ਪਾਸ ਕਰਵਾਉਣ ਲਈ ਸੰਯੁਕਤ ਰਾਸ਼ਟਰ 'ਤੇ ਦਬਾਅ ਬਣਾਉਣ ਵਾਸਤੇ ਵੱਖ ਵੱਖ ਮੁਲਕਾਂ ਦੇ ਸਿੱਖ ਸੰਗਠਨਾਂ ਤੇ ਸਿੱਖ ਪ੍ਰਤੀਨਿਧਾਂ ਨਾਲ ਵੀ ਸੰਪਰਕ ਬਣਾਉਣਗੇ।

## ਸਿੱਖ ਮਸਲਿਆਂ 'ਤੇ ਕੇਂਦਰੀ ਗ੍ਰਹਿ ਮੰਤਰੀ ਨਾਲ ਕੀਤੀ ਮੁਲਾਕਾਤ

ਜਰੂਰੀ ਸਿੱਖ ਮਸਲਿਆਂ ਨੂੰ ਲੈ ਕੇ ਇੱਕ ਉੱਚ ਪੱਧਰੀ ਵਫ਼ਦ ਨੇ ਦੇਸ਼ ਦੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕੀਤੀ। ਵਫ਼ਦ 'ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਬੁਲਾਰੇ ਮਨਜੀਤ ਸਿੰਘ ਜੀ.ਕੇ., ਸਾਂਸਦ ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਇਸ ਚਾਂਸਲਰ ਡਾ. ਜਸਪਾਲ ਸਿੰਘ ਮੌਜੂਦ ਸਨ। ਵਫ਼ਦ ਨੇ ਹਰਿਦੁਆਰ ਵਿਖੇ ਹਰਿ ਕੀ ਪੌੜੀ 'ਤੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਮੁੜ੍ਹ ਸਥਾਪਨਾ ਕਰਨ, ਚੰਡੀਗੜ੍ਹ ਵਿਖੇ ਪੰਜਾਬੀ ਭਾਸ਼ਾ ਨੂੰ ਅਧਿਕਾਰਿਕਤ ਭਾਸ਼ਾ ਦਾ ਦਰਜਾ ਦੇਣ ਅਤੇ ਕਰਮਚਾਰੀਆਂ ਦੀ ਨਿਯੁਕਤੀ ਪੰਜਾਬ ਅਤੇ ਹਰਿਆਣਾ ਤੋਂ 60:40 ਦੇ ਅਨੁਪਾਤ 'ਚ ਕਰਨ, ਜੰਮੂ-ਕਸ਼ਮੀਰ ਵਿਚ ਵੱਸਦੇ ਸਿੱਖਾਂ ਨੂੰ ਘੱਟਗਿਣਤੀ ਕੌਮ ਦਾ ਦਰਜਾ ਦੇਣ, ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ 'ਚ ਕਾਨੂੰਨ ਅਨੁਸਾਰ 2 ਸਿੱਖ ਸਾਂਸਦਾਂ ਨੂੰ ਮੈਂਬਰਾਂ ਵੱਜੋਂ ਨਾਮਜਦ ਕਰਨ ਅਤੇ ਕੌਮੀ ਘੱਟਗਿਣਤੀ ਕਮਿਸ਼ਨ 'ਚ ਖਾਲੀ ਪਏ ਸਿੱਖ ਮੈਂਬਰ ਦੇ ਅਹੁਦੇ ਨੂੰ ਤੁਰੰਤ ਭਰਨ ਵਰਗੀਆਂ ਮੁੱਖ ਮੰਗਾਂ ਨੂੰ ਪ੍ਰਵਾਨ ਕਰਨ ਦੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ। ਗ੍ਰਹਿ ਮੰਤਰੀ ਨਾਲ ਮੁਲਾਕਾਤ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜੀ.ਕੇ. ਨੇ ਸਿੱਖ ਮਸਲਿਆਂ ਦੇ ਹੱਲ ਲਈ ਗ੍ਰਹਿ ਮੰਤਰੀ ਵੱਲੋਂ ਸੁਹਿਰਦਤਾ ਦਿਖਾਉਣ ਦੀ ਜਾਣਕਾਰੀ ਦਿੱਤੀ। ਜੀ.ਕੇ. ਨੇ ਦੱਸਿਆ ਕਿ ਕੇਂਦਰ 'ਚ ਐਨ.ਡੀ.ਏ. ਸਰਕਾਰ ਹੋਣ ਕਰਕੇ ਸਿੱਖ ਮਸਲਿਆਂ ਪ੍ਰਤੀ ਗੰਭੀਰਤਾ ਨਾਲ ਕਾਰਜ ਹੋਣ ਦੀ ਸਾਨੂੰ ਆਸ ਹੈ। ਹਰਿ ਕੀ ਪੌੜੀ 'ਤੇ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦੀ ਛੇਤੀ ਉਸਾਰੀ ਨੂੰ



ਜੀ.ਕੇ. ਨੇ ਸਿੱਖ ਭਾਵਨਾਵਾਂ ਦੇ ਸਨਮਾਨ ਅਤੇ ਗੁਰੂ ਨਾਨਕ ਦੇਵ ਜੀ ਦੇ ਆ ਰਹੇ 550ਵੇਂ ਪ੍ਰਕਾਸ਼ ਪੁਰਬ ਸੰਬੰਧੀ ਸਮਾਗਮਾਂ ਨਾਲ ਜੋੜਿਆ। ਜੀ.ਕੇ. ਨੇ ਕਿਹਾ ਕਿ ਸਿੱਖ ਘੱਟਗਿਣਤੀ ਹਨ ਇਸ ਕਰਕੇ ਸਰਕਾਰ ਨੂੰ ਤੁਰੰਤ ਕੌਮੀ ਘੱਟਗਿਣਤੀ ਕਮਿਸ਼ਨ 'ਚ ਖਾਲੀ ਪਏ ਸਿੱਖ ਮੈਂਬਰ ਦੇ ਅਹੁਦੇ ਨੂੰ ਭਰਨਾ ਚਾਹੀਦਾ ਹੈ। ਜੀ.ਕੇ. ਨੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਮਾ-ਬੋਲੀ ਪੰਜਾਬੀ ਨਾਲ ਕੀਤੇ ਜਾ ਰਹੇ ਧੱਕੇ ਨੂੰ ਮਤਰੇਈ ਮਾਂ ਜਿਹੇ ਵਿਵਹਾਰ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ। ਚੰਦੂਮਾਜਰਾ ਨੇ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ 'ਚ 2 ਸਿੱਖ ਸਾਂਸਦਾਂ ਦੀ ਮੈਂਬਰ ਵੱਜੋਂ ਤੁਰੰਤ ਨਿਯੁਕਤੀ ਦੀ ਵਕਾਲਤ ਕਰਦੇ ਹੋਏ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਅੰਗਰੇਜ਼ੀ ਭਾਸ਼ਾ ਨੂੰ ਅਧਿਕਾਰਿਕਤ ਭਾਸ਼ਾ ਦਾ ਦਰਜਾ ਦੇਣ ਨੂੰ ਭਾਸ਼ਾ ਵਿਗਿਆਨ ਅਧਿਕਾਰ ਦੀ ਉਲੰਘਣਾਂ ਨਾਲ ਜੋੜਿਆ। ਚੰਦੂਮਾਜਰਾ ਨੇ ਦੱਸਿਆ ਕਿ ਭਾਸ਼ਾ ਵਿਗਿਆਨ ਅਧਿਕਾਰ ਹਰ ਨਾਗਰਿਕ ਨੂੰ ਆਪਣੀ ਪਸੰਦ ਦੀ ਭਾਸ਼ਾਂ 'ਚ ਸਥਾਨਿਕ ਪ੍ਰਸ਼ਾਸਨ ਨਾਲ ਗੱਲਬਾਤ ਅਤੇ ਪੱਤਰ ਵਿਵਹਾਰ ਕਰਨ ਦੀ ਆਗਿਆ ਦਿੰਦਾ ਹੈ। ਪਰ ਚੰਡੀਗੜ੍ਹ ਪ੍ਰਸ਼ਾਸਨ ਨੇ ਪੰਜਾਬੀ ਭਾਸ਼ਾ ਨੂੰ ਦਫ਼ਤਰਾਂ ਤੋਂ ਬਾਹਰ ਛੇਕ ਕੇ ਪੰਜਾਬ ਦੇ ਚੰਡੀਗੜ੍ਹ 'ਤੇ ਰਾਜਧਾਨੀ ਦੇ ਦਾਅਵੇ ਨੂੰ ਕਮਜ਼ੋਰ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਹੈ। ਚੰਦੂਮਾਜਰਾ ਨੇ ਦੱਸਿਆ ਕਿ ਚੰਡੀਗੜ੍ਹ ਸ਼ਹਿਰ ਨੂੰ ਵਸਾਉਣ ਵੇਲੇ ਲਗਭਗ ਇੱਕ ਦਰਜ਼ਨ ਪੰਜਾਬੀ ਬੋਲਦੇ ਪਿੰਡਾਂ ਨੂੰ ਕਬਜਾ ਕੇ ਸ਼ਹਿਰ ਦੀ ਸ਼ਕਲ ਦਿੱਤੀ ਗਈ ਸੀ। ਪਰ ਹੁਣ ਪੰਜਾਬੀ ਬੋਲਣ ਵਾਲੇ ਲੋਕਾਂ ਨੂੰ ਮਾਂ-ਬੋਲੀ ਤੋਂ ਦੂਰ ਕਰਨ ਲਈ ਸਰਕਾਰੀ ਸਕੂਲਾਂ 'ਚ ਖਾਲੀ ਪਈਆਂ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਨਾ ਭਰ ਕੇ ਪ੍ਰਸ਼ਾਸਨ ਪੰਜਾਬੀਆਂ ਦੇ ਭਾਸ਼ਾ ਵਿਗਿਆਨ ਦੇ ਅਧਿਕਾਰ 'ਤੇ ਚੋਟ ਕਰ ਰਿਹਾ ਹੈ। ਚੰਦੂਮਾਜਰਾ ਨੇ ਕਿਹਾ ਕਿ ਚੰਡੀਗੜ੍ਹ ਅੱਜੇ ਤਕ ਪੰਜਾਬ ਅਤੇ ਹਰਿਆਣਾ ਵਿਚਕਾਰ ਵਿਵਾਦ ਦਾ ਵਿਸ਼ਾ ਹੈ। ਪਰ ਜਿਸ ਪ੍ਰਕਾਰ ਚੰਡੀਗੜ੍ਹ ਪ੍ਰਸ਼ਾਸਨ ਨੇ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਨੂੰ ਅਧਿਕਾਰਿਕਤ ਭਾਸ਼ਾ ਬਣਾ ਦਿੱਤਾ ਹੈ। ਉਸ ਕਰਕੇ ਸ਼ਹਿਰ 'ਚ ਵੱਸਦੇ ਪੰਜਾਬੀ ਮਜਬੂਰੀ ਵਿਚ ਹਿੰਦੀ ਪੜ੍ਹਨ ਨੂੰ ਮਜਬੂਰ ਹੋ ਗਏ ਹਨ ਅਤੇ ਰਾਜਧਾਨੀ ਦੇ ਮਾਮਲੇ ਦੇ ਹੱਲ ਮੌਕੇ ਉਨ੍ਹਾਂ ਦਾ ਪੰਜਾਬ ਦੇ ਹੱਕ ਵਿਚ ਖੜਾ ਹੋਣਾ ਸਵਾਲਿਆ ਘੇਰੇ ਵਿਚ ਆ ਗਿਆ ਹੈ। ਜਿਸ ਕਰਕੇ ਹਰਿਆਣਾ ਦਾ ਦਾਅਵਾ ਪੰਜਾਬ 'ਤੇ ਭਾਰੀ ਪੈਣ ਦਾ ਖਦਸਾ ਉਭਰ ਸਕਦਾ ਹੈ। ਪੰਜਾਬ ਦੀ ਰਾਜਧਾਨੀ ਹੋਣ ਕਰਕੇ ਰੋਜ਼ਾਨਾ ਹਜ਼ਾਰਾਂ ਪੰਜਾਬੀਆਂ ਦੇ ਚੰਡੀਗੜ੍ਹ ਆਉਣ ਦਾ ਹਵਾਲਾ ਦਿੰਦੇ ਹੋਏ ਚੰਦੂਮਾਜਰਾ ਨੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਰੋਡ ਸੂਚਕ ਬੋਰਡਾਂ ਤੋਂ ਪੰਜਾਬੀ ਹਟਾਏ ਜਾਣ ਕਰਕੇ ਪੰਜਾਬੀਆਂ ਨੂੰ ਪਰੇਸ਼ਾਨੀ ਹੋਣ ਦਾ ਵੀ ਦਾਅਵਾ ਕੀਤਾ। ਉੱਤਰ ਭਾਰਤ ਦੇ ਬਾਕੀ ਕਿਸੇ ਹੋਰ ਸੂਬੇ 'ਚ ਅੰਗਰੇਜ਼ੀ ਭਾਸ਼ਾ ਨੂੰ ਅਧਿਕਾਰਿਕਤ ਭਾਸ਼ਾ ਨਾ ਬਣਾਏ ਜਾਣ ਦੀ ਜਾਣਕਾਰੀ ਦਿੰਦੇ ਹੋਏ ਚੰਦੂਮਾਜਰਾ ਨੇ ਪ੍ਰਸ਼ਾਸਨ ਦੇ ਫੈਸਲੇ ਨੂੰ ਚੰਡੀਗੜ੍ਹ 'ਚ ਰਹਿੰਦੇ 11 ਲੱਖ ਪੰਜਾਬੀ ਬੋਲਣ ਵਾਲੇ ਲੋਕਾਂ ਨਾਲ ਧੱਕਾ ਕਰਾਰ ਦਿੱਤਾ। ਚੰਦੂਮਾਜਰਾ ਨੇ ਭਾਸ਼ਾ ਵਿਗਿਆਨ ਅਧਿਕਾਰ ਦੀ ਰਾਖੀ

ਲਈ ਤੁਰੰਤ ਪੰਜਾਬੀ ਨੂੰ ਚੰਡੀਗੜ੍ਹ ਦੀ ਅਧਿਕਾਰਿਕਤ ਭਾਸ਼ਾ ਬਣਾਉਣ ਅਤੇ ਕਰਮਚਾਰੀਆਂ ਦੀ ਨਿਯੁਕਤੀ ਪੰਜਾਬ ਅਤੇ ਹਰਿਆਣਾ ਤੋਂ 60:40 ਦੇ ਅਨੁਪਾਤ 'ਚ ਕਰਨ ਦੀ ਮੰਗ ਕੀਤੀ।

## ਜੀ.ਐਸ.ਟੀ. ਛੋਟ ਲਈ ਕੇਂਦਰ ਅਤੇ ਦਿੱਲੀ ਸਰਕਾਰ ਤੱਕ ਪਹੁੰਚ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੀ.ਐਸ.ਟੀ. ਲਾਗੂ ਹੋਣ ਉਪਰੰਤ ਗੁਰਦੁਆਰਿਆਂ ਦੇ ਲੰਗਰ ਅਤੇ ਪ੍ਰਸ਼ਾਦ 'ਤੇ ਪਏ ਵੱਡੇ ਅਸਰ ਨੂੰ ਦੂਰ ਕਰਨ ਲਈ ਕੇਂਦਰ ਅਤੇ ਦਿੱਲੀ ਸਰਕਾਰ ਨੂੰ ਪੱਤਰ ਲਿਖਿਆ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਕੇਂਦਰੀ ਖਜਾਨਾ ਮੰਤਰੀ ਅਰੁਣ ਜੇਟਲੀ ਅਤੇ ਦਿੱਲੀ ਦੇ ਮੁਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਲਿਖੇ ਗਏ ਪੱਤਰ ਵਿਚ ਜੀ.ਐਸ.ਟੀ. ਕੌਂਸਿਲ ਵੱਲੋਂ ਜੀ.ਐਸ.ਟੀ. ਰਹਿਤ ਕੀਤੇ ਗਏ 83 ਮਦਾਂ ਵਿੱਚੋਂ ਕੁਝ ਮਦਾ ਤਹਿਤ ਕਮੇਟੀ ਨੂੰ ਛੋਟ ਪ੍ਰਮਾਣ ਪੱਤਰ ਜਾਰੀ ਕਰਨ ਦੀ ਮੰਗ ਕੀਤੀ ਹੈ। ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਕਮੇਟੀ ਦਫ਼ਤਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜੀ.ਕੇ. ਨੇ ਜੀ.ਐਸ.ਟੀ. ਤੋਂ ਛੋਟ ਦੀ ਲੋੜ ਅਤੇ ਪਾਤਰਤਾ ਦਾ ਬਿਓਰਾ ਸਾਂਝਾ ਕੀਤਾ। ਕਮੇਟੀ ਵੱਲੋਂ ਸਮਾਜ ਭਲਾਈ ਦੇ ਕੀਤੇ ਜਾ ਰਹੇ ਕਾਰਜਾਂ ਦਾ ਜ਼ਿਕਰ ਕਰਦੇ ਹੋਏ ਜੀ.ਕੇ. ਨੇ ਦਾਅਵਾ ਕੀਤਾ ਕਿ ਭੁੱਖਮਰੀ ਅਤੇ ਕੁਪੋਸ਼ਣ ਨਾਲ ਜਨਤਾ ਨੂੰ ਬਚਾਉਣ ਦੀ ਜਿੰਮੇਵਾਰੀ ਸੰਵਿਧਾਨ ਸਰਕਾਰ ਨੂੰ ਦਿੰਦਾ ਹੈ ਪਰ ਸਿੱਖ ਗੁਰੂਆਂ ਦੀ ਪਰੰਪਰਾਵਾਂ ਪੁਰ ਪਹਿਰਾ ਦਿੰਦਿਆਂ ਦਿੱਲੀ ਕਮੇਟੀ ਰੋਜ਼ਾਨਾ ਹਜਾਰਾਂ ਲੋਕਾਂ ਦਾ ਢਿੱਡ ਲੰਗਰ ਦੇ ਸਹਾਰੇ ਭਰਦੀ ਹੈ। ਇਸ ਤਰ੍ਹਾਂ ਗੁਰਦੁਆਰਾ ਕਮੇਟੀ ਸਰਕਾਰ ਦੀ ਜਿੰਮੇਵਾਰੀ ਖੁੱਦ ਨਿਭਾ



ਰਹੀ ਹੈ। ਜੀ.ਕੇ. ਨੇ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ ਹੱਜ, ਅਜਮੇਰ ਉਰਸ, ਅਮਰਨਾਥ ਯਾਤਰਾ ਤੇ ਕਾਂਵੜ ਕੈਂਪਾਂ ਨੂੰ ਮਾਇਕ ਸਹਾਇਤਾ ਦਿੰਦੀ ਹੈ ਪਰ ਅਸੀਂ ਸਹਾਇਤਾ ਦੀ ਥਾਂ ਸਿਰਫ਼ ਟੈਕਸ ਛੋਟ ਦੀ ਮੰਗ ਕਰ ਰਹੇ ਹਨ। ਦੇਸ਼ ਦਾ ਸੰਵਿਧਾਨ ਸਾਨੂੰ ਭੋਜਨ ਤੇ ਧਰਮ ਚੁਣਨ ਦੀ ਆਜ਼ਾਦੀ ਦਿੰਦਾ ਹੈ ਪਰ ਜੀ.ਐਸ.ਟੀ. ਦਾ ਟੈਕਸ ਢਾਂਚਾ ਇਸ 'ਤੇ ਭਿਆਨਕ ਸੱਟ ਮਾਰ ਰਿਹਾ ਹੈ। ਸੰਸਦ ਵੱਲੋਂ ਪਾਸ ਦਿੱਲੀ ਕਮੇਟੀ ਐਕਟ ਅਤੇ ਕਮੇਟੀ 'ਤੇ ਆਰ.ਟੀ.ਆਈ. ਲਾਗੂ ਹੋਣ ਦੇ ਕਾਰਨ ਕਮੇਟੀ ਨੂੰ ਸਥਾਨਿਕ ਅਥਾਰਿਟੀ ਦੱਸ ਕੇ ਮਦ 1,45 ਅਤੇ 81 ਦੇ ਤਹਿਤ ਟੈਕਸ ਛੋਟ ਦੀ ਮੰਗ ਕਰਦੇ ਹੋਏ ਜੀ.ਕੇ. ਨੇ ਸ਼ਿਮਲਾ ਸਮਝੌਤਾ ਤਹਿਤ ਭਾਰਤ ਤੇ ਪਾਕਿਸਤਾਨ ਵਿਚ ਸਿੱਖ ਯਾਤਰੀਆਂ ਨੂੰ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੇ ਦਰਸ਼ਨਾਂ ਦੇ ਲਈ ਹੋਏ ਦੁਵੱਲੇ ਸਮਝੌਤੇ ਨੂੰ ਮਦ 14 ਤਹਿਤ ਟੈਕਸ ਛੋਟ ਦਾ ਆਧਾਰ ਦੱਸਿਆ। ਕਮੇਟੀ ਵੱਲੋਂ ਹਰਿਆਣਾ ਵਿਖੇ ਲਗਭਗ 283 ਏਕੜ ਜਮੀਨ ਤੇ ਕੀਤੇ ਜਾਂਦੇ ਕਿਸਾਨੀ ਕਾਰਜ, ਕਿਸਾਨੀ ਮਾਲ ਢੁਲਾਈ, ਗੈਰ ਵਪਾਰਕ ਕਾਰਜ, ਸਕੂਲਾਂ ਤੇ ਕਾਲਜਾਂ ਦੀ ਲੜੀ ਦਾ ਪ੍ਰਬੰਧ ਅਤੇ ਕਾਨੂੰਨ ਵੱਲੋਂ ਸਥਾਪਿਤ ਗੈਰ ਲਾਭਕਾਰੀ ਸੰਸਥਾਂ ਦੇ ਦਰਜੇ ਦਾ ਵੀ ਜੀ.ਕੇ. ਨੇ ਸਰਕਾਰ ਨੂੰ ਟੈਕਸ ਛੋਟ ਦੇਣ ਲਈ ਕ੍ਰਮਵਾਰ ਮਦ 4, 75, 15, 16, 26 ਦੇ ਤਹਿਤ ਹਵਾਲਾ ਦਿੱਤਾ। ਧਾਰਮਿਕ ਸਮਾਗਮਾਂ ਤੇ ਸਭਿਆਚਾਰ ਨੂੰ ਮਦ 73 ਤੇ 61 ਦੇ ਤਹਿਤ ਮਿਲੀ ਜੀ.ਐਸ.ਟੀ. ਛੋਟ ਦਾ ਜਿਕਰ ਕਰਦੇ ਹੋਏ ਜੀ.ਕੇ. ਨੇ ਗੁਰਦੁਆਰਿਆਂ, ਸਕੂਲਾਂ ਅਤੇ ਹੋਰ ਸੰਸਥਾਵਾਂ ਵਿਚ ਲਗਾਏ ਜਾਂਦੇ ਲੰਗਰਾਂ ਅਤੇ ਗੁਰਬਾਣੀ ਕੀਰਤਨ ਤੇ ਗਤਕਾ ਸਿਖਲਾਈ ਨੂੰ ਸਿੱਖ ਧਰਮ ਤੇ ਸਭਿਆਚਾਰ ਨੂੰ ਬਚਾਉਣ ਅਤੇ ਪ੍ਰਸਾਰ  ਨਾਲ ਜੋੜਿਆ। ਦੁਚਿੱਤੀ ਦੀ ਸਥਿਤੀ ਤੋਂ ਨਿਕਲਣ ਲਈ ਜੀ.ਕੇ. ਨੇ ਸਰਕਾਰੀ ਅਤੇ ਅਰਧ ਸਰਕਾਰੀ ਏਜੰਸੀ ਦੇ ਜਰੀਏ ਰਾਸ਼ਨ ਖਰੀਦਣ ਦੀ ਰਾਹ ਸਰਕਾਰਾਂ ਨੂੰ ਦਿੰਦੇ ਹੋਏ ਟੈਕਸ ਛੋਟ ਮਿਲਣ 'ਤੇ ਨੇਫੈਡ, ਕੇਂਦਰੀ ਭੰਡਾਰ, ਸੁਪਰ ਬਾਜਾਰ, ਅਮੂਲ, ਮਦਰ ਡੇਅਰੀ, ਡੀ.ਐਮ.ਐਸ., ਵੇਰਕਾ ਤੇ ਵੀਟਾ ਤੋਂ ਰਾਸ਼ਨ ਅਤੇ ਡੇਅਰੀ ਪ੍ਰੋਡਕਟ ਖਰੀਦਣ ਦਾ ਭਰੋਸ਼ਾ ਦਿੱਤਾ ਹੈ। ਜੀ.ਕੇ. ਨੇ ਜੀ.ਐਸ.ਟੀ. ਦੇ ਕਾਰਨ ਕਮੇਟੀ 'ਤੇ ਲਗਭਗ 2.5 ਕਰੋੜ ਦਾ ਆਰਥਿਕ ਬੋਝ ਪੈਣ ਦਾ ਦਾਅਵਾ ਕਰਦੇ ਹੋਏ ਟੈਕਸ ਛੂਟ ਨੂੰ ਕਮੇਟੀ ਦਾ ਹੱਕ ਦੱਸਿਆ ਹੈ।

## ਗੁਰਦੁਆਰਾ ਗਿਆਨ ਗੋਦੜੀ ਪ੍ਰਚਾਰ ਮੁਹਿੰਮ ਤਹਿਤ ਅਲਵਰ ਵਿਖੇ ਸਮਾਗਮ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਲਵਰ ਵਿਖੇ ਕਿੱਤਾ ਮੁੱਖੀ ਕੋਰਸਾਂ ਦੀ ਸਿਖਲਾਈ ਲਈ ਛੇਤੀ ਹੀ ਕੇਂਦਰ ਖੋਲ੍ਹੇਗੀ। ਇਸ ਗੱਲ ਦਾ ਐਲਾਨ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੁਲਮੋਹਨ ਸਿੰਘ ਨੇ ਗੁਰਦੁਆਰਾ ਗਿਆਨ ਗੋਦੜੀ ਪ੍ਰਚਾਰ ਮੁਹਿੰਮ ਤਹਿਤ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸੇਵਾ ਸਮਿਤੀ, ਐਨ.ਈ.ਬੀ. ਅਲਵਰ ਵਿਖੇ ਹੋਏ ਮਹਾਨ ਗੁਰਮਤਿ ਸਮਾਗਮ ਦੌਰਾਨ ਕੀਤਾ। ਦਿੱਲੀ ਕਮੇਟੀ ਦੇ ਘੁਮੰਤਰੂ ਸਿੱਖ ਸਮਾਜ ਸੈਲ ਵੱਲੋਂ ਆਯੋਜਿਤ ਕੀਤੇ ਗਏ ਇਸ ਪ੍ਰੋਗਰਾਮ 'ਚ ਅਲਵਰ ਜਿਲ੍ਹੇ ਦੀ ਸਿੱਖ ਸੰਗਤ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਅਲਵਰ ਵਿੱਖੇ ਕਮੇਟੀ ਦੇ ਚਲਦੇ ਗੁਰਮਤਿ ਪ੍ਰਚਾਰ ਕੇਂਦਰ ਦੀ ਦੇਖ ਰੇਖ ਵਿਚ ਹੋਏ ਸਮਾਗਮ 'ਚ ਰਾਗੀ ਜਥਿਆਂ ਨੇ ਕੀਰਤਨ ਅਤੇ ਕਥਾਵਾਚਕਾਂ ਨੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਕੁਲਮੋਹਨ ਸਿੰਘ ਨੇ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਹਿਤ ਦੇ ਕਾਰਜਕਾਲ ਦੌਰਾਨ ਆਪਣੇ ਵੱਲੋਂ ਜਨਰਲ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਸਥਾਪਿਤ ਕੀਤੇ ਗਏ ਗੁਰਮਤਿ ਪ੍ਰਚਾਰ ਕੇਂਦਰ ਲਈ ਵਿਸ਼ੇਸ਼ ਸਹਿਯੋਗ ਦੇਣ ਵਾਲੇ



ਇੰਦਰਪਾਲ ਸਿੰਘ ਖਾਲਸਾ ਨੂੰ ਇਸ ਮੌਕੇ ਯਾਦ ਕੀਤਾ। 1ਹਜਾਰ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਕੇਂਦਰ ਵੱਲੋਂ ਦਿੱਤੇ ਜਾਣ ਨੂੰ ਸਿੱਖ ਕੌਮ ਲਈ ਉਸਾਰੂ ਪੱਖ ਦੱਸਦੇ ਹੋਏ ਕੁਲਮੋਹਨ ਸਿੰਘ ਨੇ ਕੇਂਦਰ ਨਾਲ ਜੁੜੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਇਸ ਸਮਾਗਮ 'ਚ ਹਾਜਰੀ ਭਰਨ 'ਤੇ ਖੁਸ਼ੀ ਜਤਾਈ। ਉਨ੍ਹਾਂ ਕਿਹਾ ਕਿ ਸੰਗਤਾਂ ਦੀ ਮੰਗ ਅਤੇ ਲੋੜ ਨੂੰ ਸਮਝਦੇ ਹੋਏ ਛੇਤੀ ਹੀ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਤਹਿਤ ਸਕਿੱਲ ਟ੍ਰੇਨਿੰਗ ਸੈਂਟਰ ਖੋਲਿਆ ਜਾਵੇਗਾ ਤਾਂਕਿ ਸਥਾਨਕ ਸਿੱਖ ਬੱਚੇ ਵੱਖ-ਵੱਖ ਕਿੱਤਾ ਮੁੱਖੀ ਕੋਰਸਾਂ ਰਾਹੀਂ ਹੁਨਰਮੰਦ ਹੋ ਕੇ ਰਾਜਸਥਾਨ 'ਚ ਹੀ ਨੌਕਰੀਆਂ ਦੇ ਮੌਕੇ ਤਲਾਸ਼ ਕਰ ਸਕਣ, ਕਿਉਂਕਿ ਟ੍ਰੇਨਿੰਗ ਅਤੇ ਨੌਕਰੀ ਲਈ ਦਿੱਲੀ ਜਾਣਾ ਆਸਾਨ ਕਾਰਜ ਨਹੀਂ ਹੈ। ਕੁਲਮੋਹਨ ਸਿੰਘ ਨੇ ਕਮੇਟੀ ਵੱਲੋਂ ਧਰਮ, ਰੋਜ਼ਗਾਰ ਅਤੇ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਲਈ ਕੀਤੇ ਜਾ ਰਹੇ ਕਾਰਜਾਂ ਲਈ ਸੰਗਤਾਂ ਨੂੰ ਜਾਣਕਾਰੀ ਦਿੱਤੀ। ਦਿੱਲੀ ਕਮੇਟੀ ਦੇ ਮੈਂਬਰ ਆਤਮਾ ਸਿੰਘ ਲੁਬਾਣਾ ਨੇ ਵੀ ਇਸ ਮੌਕੇ ਤੇ ਆਪਣੇ ਵਿਚਾਰ ਰੱਖਦੇ ਹੋਏ ਕਮੇਟੀ ਵੱਲੋਂ ਸਿਕਲੀਘਰ, ਲੁਬਾਣਾ ਅਤੇ ਹੋਰ ਘੁਮੰਤਰੂ ਭਾਈਚਾਰੇ ਦੇ ਲੋਕਾਂ ਲਈ ਕੀਤੇ ਜਾ ਰਹੇ ਕਾਰਜਾਂ ਦਾ ਵੇਰਵਾ ਦਿੱਤਾ। ਸੈਲ ਦੇ ਕੋਆਰਡੀਨੈਟਰ ਬਬੇਕ ਸਿੰਘ ਮਾਟਾ, ਆੱਲ ਇੰਡੀਆ ਸਿਕਲੀਘਰ ਸਮਾਜ ਦੇ ਪ੍ਰਧਾਨ ਸਲੋਕ ਸਿੰਘ, ਆੱਲ ਇੰਡੀਆ ਸਿੱਖ ਸਮਾਜ ਧਰਮ ਪ੍ਰਚਾਰ ਸੈਂਟਰ ਦੇ ਚੇਅਰਮੈਨ ਹਰਜੀਤ ਸਿੰਘ, ਦਿੱਲੀ ਕਮੇਟੀ ਕੇਂਦਰ ਦੇ ਚੇਅਰਮੈਨ ਕੁਲਵੰਤ ਸਿੰਘ, ਐਨ.ਈ.ਬੀ. ਗੁਰਦੁਆਰੇ ਦੇ ਪ੍ਰਧਾਨ ਤਜਿੰਦਰ ਸਿੰਘ ਅਤੇ ਪਤਵੰਤੇ ਸੱਜਣ ਨਾਨਕ ਸਿੰਘ ਲੁਬਾਣਾ ਕਿਸ਼ਨਗੜ੍ਹ, ਬਲਬੀਰ ਸਿੰਘ ਲੁਬਾਣਾ ਫਤਹਿਗੜ੍ਹ, ਧਰਮੇਂਦਰ ਸਿੰਘ ਸਿਕਲੀਘਰ, ਨਸੀਬ ਸਿੰਘ ਜੈਪੁਰ ਤੇ ਜੈ ਸਿੰਘ ਸਿਕਲੀਘਰ ਮੌਜੂਦ ਸਨ।

## ਵਿਸ਼ਵ ਦੀਆਂ ਮੋਹਰੀ ਕੰਪਨੀਆਂ ਦੇ ਸਹਿਯੋਗ ਨਾਲ ਲਗਾਇਆ ਜਾਗਰੂਕਤਾ ਮੇਲਾ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਨ ਦੀ ਪ੍ਰੇਰਣਾ ਕੀਤੀ ਹੈ। ਕਮੇਟੀ ਵੱਲੋਂ ਰਯਾਤ ਬਹਾਰਾ ਯੂਨੀਵਰਸਿਟੀ, ਚੰਡੀਗੜ੍ਹ ਦੇ ਸਹਿਯੋਗ ਨਾਲ ਮਾਤਾ ਸੁੰਦਰੀ ਕਾਲਜ ਵਿਖੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਉਸਾਰੀ ਲਈ ਲਗਾਏ ਗਏ ਜਾਗਰੂਕਤਾ ਮੇਲੇ ਦੌਰਾਨ ਬੋਲਦੇ ਹੋਏ ਜੀ.ਕੇ. ਨੇ ਤਕਨੀਕ ਦਾ ਇਸਤੇਮਾਲ ਉਸਾਰੂ ਕੰਮਾਂ ਵਿਚ ਕਰਨ ਦੀ ਵਿਦਿਆਰਥੀਆਂ ਨੂੰ ਨਸੀਹਤ ਦਿੱਤੀ। ਵਿਸ਼ਵ ਦੀਆਂ ਮੋਹਰੀ ਕੰਪਨੀਆਂ ਜਿਵੇਂ ਗੂਗਲ, ਸਿਮਨਸ, ਆਈ.ਬੀ.ਐਮ., ਓਰੈਕਲ ਅਤੇ ਆਈ.ਆਰ.ਐਸ.ਈ. ਦੀ ਨਿਵੇਕਲੀ ਤਕਨੀਕ ਦੀ ਵਰਤੋਂ ਕਰਕੇ ਤਿਆਰ ਕੀਤੇ ਗਏ ਖ਼ਾਸ ਡਿੱਗਰੀ ਕੋਰਸਾਂ 'ਚ ਵਿਦਿਆਰਥੀਆਂ ਨੂੰ ਦਾਖਲੇ ਲੈਣ ਲਈ ਉਤਸਾਹਿਤ ਕਰਨ ਵਾਸਤੇ ਕਮੇਟੀ ਨੇ ਉਕਤ ਪ੍ਰੋਗਰਾਮ ਦਾ ਆਯੋਜਨ ਕੀਤਾ ਸੀ। ਸ਼ਮ੍ਹਾਂ ਰੌਸ਼ਨ ਕਰਨ ਉਪਰੰਤ ਬੋਲਦੇ ਹੋਏ ਜੀ.ਕੇ. ਨੇ ਤਕਨੀਕ ਦੇ ਬਿਹਤਰ ਇਸਤੇਮਾਲ ਨੂੰ ਅੱਜ ਦੇ ਸਮੇਂ ਦੀ ਲੋੜ ਦੱਸਿਆ। ਵਿਦਿਆਰਥੀਆਂ ਨੂੰ ਉਦਾਹਰਣ ਦੇ ਕੇ ਸਮਝਾਉਂਦੇ ਹੋਏ ਉਨ੍ਹਾਂ ਕਿਹਾ ਕਿ ਚੁੱਲ੍ਹੇ ਦੀ ਮੱਠੀ ਅੱਗ ਨੂੰ ਭਖਾਉਣ ਲਈ ਅਕਸਰ ਬੀਬੀਆਂ ਪਾਈਪ ਰਾਹੀਂ ਫੂਕ ਮਾਰ ਕੇ ਅੱਗ ਨੂੰ ਭੜਕਾਉਂਦੀਆਂ ਅਸੀਂ ਆਮ ਦੇਖੀਆਂ ਹਨ। ਪੇਂਡੂ ਭਾਸ਼ਾ ਵਿਚ ਅਸੀਂ ਇਸਨੂੰ ਜੁਗਾੜ ਕਹਿ ਸਕਦੇ ਹਾਂ ਪਰ ਸ਼ਹਿਰੀ ਭਾਸ਼ਾ ਵਿਚ ਇਹ ਐਪ ਹੈ। ਛੋਟੀਆਂ-ਛੋਟੀਆਂ ਲੋੜਾਂ ਵੱਡੀਆਂ ਖੋਜਾਂ ਦਾ ਕਾਰਨ ਬਣਦੀਆਂ ਹਨ। ਆਪਣੀ ਗੱਲ ਨੂੰ ਸਾਫ਼ ਕਰਦੇ ਹੋਏ ਉਨ੍ਹਾਂ ਕਿਹਾ ਕਿ ਕਾਰ ਨੂੰ ਚਲਾਉਣ ਵਾਸਤੇ ਪਹਿਲੇ ਤੋਂ 5ਵੇਂ ਗਿਅਰ ਤਕ ਜਾਣ ਲਈ ਗਤੀ ਦੇ ਹਿਸਾਬ ਨਾਲ ਜਿਵੇਂ ਅਸੀਂ ਗਰਾਰੀ ਬਦਲਦੇ ਹਾਂ ਉਵੇਂ ਹੀ ਜਿੰਦਗੀ ਦੀ ਗੱਡੀ ਨੂੰ ਸਿੱਧੇ ਰਾਸਤੇ ਪਾਉਣ ਲਈ ਦਿਮਾਗ ਦੀ ਗਰਾਰੀ ਨੂੰ ਚਲਾਉਣਾ ਪਵੇਗਾ। ਤੁਸੀਂ ਸਾਰੇ ਵਾਤਾਵਰਣ ਤੋਂ ਭਲੀ ਪ੍ਰਕਾਰ



ਜਾਣੂੰ ਹੋ। ਜਿਥੇ ਰਾਹ ਦਿਖੇ ਉਥੇ ਦਿਮਾਗ ਚਲਾਉਣਾ ਸ਼ੁਰੂ ਕਰ ਦਿਓ। ਕੋਈ ਵਿਸ਼ਾ ਜਾਂ ਕੋਈ ਕਿਤਾਬ ਤੁਹਾਨੂੰ ਤਦ ਤਕ ਕੁਝ ਨਹੀਂ ਸਿਖਾ ਸਕਦਾ ਜਦ ਤਕ ਸਮਾਂ ਤੇ ਲੋੜ ਤੁਹਾਡੇ 'ਤੇ ਹਾਵੀ ਨਹੀਂ ਹੋਣਗੇ। ਜੀ.ਕੇ. ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਖ ਸੇਵਾਦਾਰ ਹੋਣ ਦੇ ਨਾਤੇ ਕੌਮ ਦੇ ਬੱਚਿਆਂ ਨੂੰ ਬਿਹਤਰ ਸਿੱਖਿਆ ਦੇ ਮੌਕੇ ਉਪਬਲਧ ਕਰਾਉਣਾ ਮੇਰਾ ਇੱਕ ਪਿਤਾ ਵਾਂਗ ਫਰਜ਼ ਹੈ। ਸਾਡੇ ਸਮੇਂ ਐਪ ਦਾ ਚਲਣ ਨਹੀਂ ਸੀ, ਤੁਹਾਡੇ ਕੋਲ ਸਭ ਕੁਝ ਹੈ। ਇਸ ਲਈ ਚੰਗੀ ਸੋਚ ਦੇ ਨਾਲ ਤੁਸੀਂ ਵਿਗਿਆਨ ਦਾ ਇਸਤੇਮਾਲ ਉਸਾਰੂ ਸਮਾਜ ਸਿਰਜਣ ਵੱਲ ਲਗਾਓ। ਤੁਸੀਂ ਗੁਰੂ ਦੇ ਬੱਚੇ ਹੋ, ਇਸ ਲਈ ਸਮਾਜ ਨੂੰ ਨੁਕਸਾਨ ਪਹੁੰਚਾਉਣ ਦੀ ਥਾਂ ਸਮਾਜ ਨੂੰ ਸਿਰਜਣ ਲਈ ਵਿਗਿਆਨ ਦੀ ਵਰਤੋਂ ਕਰੋ। ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਆਏ ਸਾਰੇ ਪਤਵੰਤਿਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਕਲ ਤਕਨੀਕ ਦਾ ਜ਼ਮਾਨਾ ਹੈ ਤੇ ਅਗਾਂਹਵਧੂ ਜੀਵਨ ਜੀਉਣ ਲਈ ਬਿਹਤਰ ਤਕਨੀਕ ਦੀ ਉਸਾਰੀ ਜਰੂਰੀ ਹੈ। ਜਿਸ ਕਰਕੇ ਦਿੱਲੀ ਕਮੇਟੀ ਨੇ ਭਵਿੱਖ ਦੇ ਵਿਗਿਆਨਿਕ ਪੈਦਾ ਕਰਨ ਲਈ ਦੂਰ-ਅੰਦੇਸ਼ੀ ਸੋਚ ਸਦਕਾ ਉਕਤ ਸਲਾਹ ਮੇਲਾ ਲਗਾਇਆ ਹੈ। ਕਿਉਂਕਿ ਅਸੀਂ ਘੱਟਗਿਣਤੀ ਕੌਮ ਹਾਂ ਇਸ ਕਰਕੇ ਬਿਹਤਰ ਰੋਜ਼ਗਾਰ ਦੇ ਮੌਕੇ ਕੌਮਾਂਤਰੀ ਪੱਧਰ 'ਤੇ ਪ੍ਰਾਪਤ ਕਰਨ ਲਈ ਕੌਮਾਂਤਰੀ ਕੰਪਨੀਆਂ ਨਾਲ ਜੁੜਨਾ ਸਮੇਂ ਦੀ ਮੰਗ ਹੈ। ਇਸ ਮੌਕੇ ਮੋਹਰੀ ਕੰਪਨੀਆਂ ਦੇ ਆਗੂਆਂ ਦੇ ਨਾਲ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਤੇ ਉੱਚ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੁਲਮੋਹਨ ਸਿੰਘ, ਕਮੇਟੀ ਮੈਂਬਰ ਵਿਕਰਮ ਸਿੰਘ ਅਤੇ ਉੱਚ ਸਿੱਖਿਆ ਕਮੇਟੀ ਨਾਲ ਜੁੜੀ ਡਾ. ਮਨਿੰਦਰ ਕੌਰ ਨੇ ਆਏ ਹੋਏ ਪਤਵੰਤਿਆਂ ਦਾ ਸੁਆਗਤ ਅਤੇ ਧੰਨਵਾਦ ਕੀਤਾ।

## ਕਾਨਪੁਰ 'ਚ ਮਾਰੇ ਗਏ 127 ਸਿੱਖਾਂ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਸਰਕਾਰ ਨੂੰ ਨੋਟਿਸ ਕੀਤਾ ਜਾਰੀ

ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ 1984 ਸਿੱਖ ਕਤਲੇਆਮ ਦੌਰਾਨ ਯੂ.ਪੀ. ਦੇ ਕਾਨਪੁਰ ਵਿਖੇ ਮਾਰੇ ਗਏ 127 ਸਿੱਖਾਂ ਦੇ ਮਾਮਲੇ 'ਚ ਕੇਂਦਰ ਅਤੇ ਯੂ.ਪੀ. ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਅਖਿਲ ਭਾਰਤੀ ਦੰਗਾ ਪੀੜਤ ਰਾਹਤ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਭੋਗਲ ਵੱਲੋਂ ਦਾਇਰ ਕੀਤੀ ਗਈ ਲੋਕਹਿਤ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਦੀ ਤਿੰਨ ਮੈਂਬਰੀ ਬੈਂਚ ਨੇ ਉਕਤ ਆਦੇਸ਼ ਦਿੱਤਾ ਹੈ। ਜਸਟਿਸ ਦੀਪਕ ਮਿਸ਼ਰਾ, ਜਸਟਿਸ ਅਮਿਤਾਵਾ ਰਾਇ ਅਤੇ ਜਸਟਿਸ ਏ.ਐਮ. ਖਨਵਿਲਕਰ ਨੇ ਸਿੱਖ ਕਤਲੇਆਮ ਨਾਲ ਸਬੰਧਿਤ ਤਿੰਨ ਮਾਮਲਿਆਂ 'ਤੇ ਸੁਣਵਾਈ ਕਰਨ ਦੌਰਾਨ ਪੀੜਤ ਪੱਖ ਦੇ ਵਕੀਲਾਂ ਦੀ ਦਲੀਲਾਂ ਨੂੰ ਧਿਆਨ ਨਾਲ ਸੁਣਿਆ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਮੇਟੀ ਪ੍ਰਧਾਨ ਜੀ.ਕੇ. ਨੇ. ਦਸਿਆ ਕਿ 1984 ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿੱਖੇ ਮਾਰੇ ਗਏ 127 ਸਿੱਖਾਂ ਸਣੇ ਲੁੱਟ ਅਤੇ ਅੱਗਜਨੀ ਦੇ ਹਜ਼ਾਰਾਂ ਮਾਮਲਿਆਂ 'ਚ 2800 ਤੋਂ ਵੱਧ ਐਫ.ਆਈ.ਆਰ. ਯੂ.ਪੀ. 'ਚ ਦਰਜ ਹੋਈਆਂ ਸਨ ਪਰ ਜਿਆਦਾਤਰ ਐਫ.ਆਈ.ਆਰ. ਨੂੰ ਯੂ.ਪੀ. ਪੁਲਿਸ ਨੇ ਖੁਦ ਹੀ ਬੰਦ ਕਰ ਦਿੱਤਾ ਸੀ। ਜੀ.ਕੇ. ਨੇ ਦੱਸਿਆ ਕਿ ਥਾਣਾ ਬਜਰਿਆਂ ਅਤੇ ਨਜ਼ੀਰਾਬਾਦ 'ਚ ਦਰਜ਼ ਹੋਈਆਂ ਕੁਝ ਐਫ.ਆਈ.ਆਰ.ਨੂੰ ਮੁੜ੍ਹ ਖੋਲਣ ਅਤੇ ਮਾਮਲਿਆਂ ਦੀ ਪੜਤਾਲ ਐਸ.ਆਈ.ਟੀ. ਜਾਂ

ਸੀ.ਬੀ.ਆਈ. ਤੋਂ ਕਰਵਾਉਣ ਦੀ ਕਮੇਟੀ ਨੇ ਸੁਪਰੀਮ ਕੋਰਟ ਤੋਂ ਮੰਗ ਕੀਤੀ ਸੀ। ਯੂ.ਪੀ. ਪੁਲਿਸ ਦੀ ਇਸ ਮਸਲੇ ’ਤੇ ਢਿੱਲੀ ਕਾਰਗੁਜਾਰੀ ਦਾ ਹਵਾਲਾ ਦਿੰਦੇ ਹੋਏ ਕਮੇਟੀ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮਤਰੀ, ਅਤੇ ਯੂ.ਪੀ. ਦੇ ਮੁਖ ਮੰਤਰੀ ਨੂੰ ਅਕਾਲੀ ਦਲ ਦੇ ਸਾਂਸਦ ਸੁਖਦੇਵ ਸਿੰਘ ਢੀਂਡਸਾ ਦੇ ਮਾਰਫ਼ਤ ਪੱਤਰ ਵੀ ਭੇਜੇ ਗਏ ਸਨ ਪਰ ਕੋਈ ਕਾਰਵਾਈ ਨਾ ਹੋਣ ਕਰਕੇ ਸਾਨੂੰ ਸੁਪਰੀਮ ਕੋਰਟ ਜਾਣਾ ਪਿਆ। ਜੀ.ਕੇ. ਨੇ ਅਫ਼ਸੋਸ ਪ੍ਰਗਟਾਇਆ ਕਿ 33 ਸਾਲ ਬਾਅਦ ਵੀ ਅਸੀਂ ਸਰਕਾਰਾਂ ਤੇ ਨਿਆਂਪਾਲਿਕਾ ਅੱਗੇ ਕਾਤਲਾਂ ਨੂੰ ਕਾਨੂੰਨੀ ਘੇਰੇ ਵਿਚ ਲਿਆਉਣ ਵਾਸਤੇ ਸਮਝਾਉਣ ਦੀਆਂ ਅਰਜੀਆਂ ਲਗਾਉਣ ਦਾ ਮਾਧਿਯਮ ਬਣੇ ਹੋਏ ਹਾਂ। ਜਦਕਿ ਗੈਰਮਨੁੱਖੀ ਤਰੀਕੇ ਨਾਲ ਨਿਰਦੋਸ਼ ਮਾਰੇ ਗਏ ਸਿੱਖਾਂ ਦਾ ਕੋਈ ਕਸੂਰ ਨਹੀਂ ਸੀ। ਜੀ.ਕੇ. ਨੇ ਹਰ ਹਾਲਤ ਵਿਚ ਕਾਤਲਾਂ ਦੇ ਖਿਲਾਫ਼ ਲੜਾਈ ਜਾਰੀ ਰੱਖਣ ਦਾ ਆਪਣਾ ਟੀਚਾ ਦੋਹਰਾਉਂਦੇ ਹੋਏ ਕਾਨਪੁਰ ਦੇ ਕਾਤਲਾਂ ਨੂੰ ਛੇਤੀ ਸਜ਼ਾਵਾਂ ਮਿਲਣ ਦੀ ਆਸ਼ ਜਤਾਈ। ਇਸ ਮੌਕੇ ਕਮੇਟੀ ਵੱਲੋਂ ਅਦਾਲਤ ’ਚ ਭੋਗਲ, ਕਾਨੂੰਨੀ ਵਿਭਾਗ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਅਤੇ ਐਡਵੋਕੇਟ ਪ੍ਰਸੁੰਨ ਕੁਮਾਰ ਪੇਸ਼ ਹੋਏ।



## ਸਮੇਂ ਦਾ ਹਾਣੀ ਬਣੇ 64 ਉੱਤਮ ਟੀਚਰਾਂ ਨੂੰ ਉਸਤਾਦ ਵੱਜੋਂ ਪ੍ਰਮਾਣ ਪੱਤਰ

ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ’ਚ ਵਿੱਦਿਆ ਦੇ ਪੱਧਰ ਨੂੰ ਉੱਚਾ ਚੁੱਕਣ ਵਾਸਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਨੇ ਅੱਜ ਨਵੀਂ ਛੋਹ ਪ੍ਰਾਪਤ ਕੀਤੀ। ਬਰਤਾਨੀਆਂ ਦੀ ਹੇਲਗਾ ਟੋਡ ਟੀਚਰ ਐਜੂਕੇਸ਼ਨ ਫਾਉਂਡੇਸ਼ਨ ਦੇ ਸਹਿਯੋਗ ਨਾਲ 2014 ਤੋਂ ਸਕੂਲੀ ਟੀਚਰਾਂ ਨੂੰ ਸਮੇਂ ਦਾ ਹਾਣੀ ਬਣਾਉਣ ਵਾਸਤੇ ਕਰਵਾਈ ਜਾ ਰਹੀ ਸਿਖਲਾਈ ਤਹਿਤ 60 ਟੀਚਰਾਂ ਨੂੰ ਉਸਤਾਦ ਦੇ ਤਗਮੇ ਨਾਲ ਨਿਵਾਜਿਆ ਗਿਆ ਹੈ। ਦਰਅਸਲ ਕੁਲ 900 ਟੀਚਰਾਂ ਨੇ ਫਾਉਂਡੇਸ਼ਨ ਪਾਸੋਂ ਸਿਖਲਾਈ ਪ੍ਰਾਪਤ ਕੀਤੀ ਸੀ। ਜਿਸ ਵਿਚੋਂ ਫਾਉਂਡੇਸ਼ਨ ਵੱਲੋਂ ਚੁਣੇ ਗਏ 64 ਉੱਤਮ ਟੀਚਰਾਂ ਨੂੰ ਉਸਤਾਦ ਵੱਜੋਂ ਪ੍ਰਮਾਣ ਪੱਤਰ ਦਿੱਤਾ ਗਿਆ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਸੀਨੀਅਰ ਮੀਤ ਪ੍ਰਧਾਨ ਤੇ ਸਕੂਲੀ ਸਿੱਖਿਆ ਕਮੇਟੀ ਦੇ ਚੇਅਰਮੈਨ ਹਰਮੀਤ ਸਿੰਘ ਕਾਲਕਾ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੁਲਮੋਹਨ ਸਿੰਘ, ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ, ਪਰਮਜੀਤ ਸਿੰਘ ਚੰਢੋਕ, ਹਰਜੀਤ ਸਿੰਘ ਜੀ.ਕੇ. ਅਤੇ ਵਿਕਰਮ ਸਿੰਘ ਰੋਹਿਣੀ ਨੇ ਟੀਚਰਾਂ ਨੂੰ ਪ੍ਰਮਾਣ ਪੱਤਰ ਪ੍ਰਾਪਤ ਕਰਨ ’ਤੇ ਵਧਾਈ ਦਿੱਤੀ। ਸਿਖਲਾਈ ਦੌਰਾਨ ਟੀਚਰਾਂ ਨੂੰ ਮੁੱਢਲੀ ਜਾਣਕਾਰੀ, ਵਿਦਿਆਰਥੀ ਟੀਚਰ ਸੰਬੰਧ, ਨਤੀਜਿਆਂ ਦੀ ਘੋਖ, ਪੜ੍ਹਾਉਣ ਦਾ ਢੰਗ ਅਤੇ ਆਤਮਵਿਸ਼ਵਾਸ ਦੀ ਬਹਾਲੀ ਸਬੰਧੀ ਗੁਰ ਫਾਉਂਡੇਸ਼ਨ ਵੱਲੋਂ ਸਾਂਝੇ ਕੀਤੇ ਗਏ। ਕੁਲ ਟੀਚਰਾਂ ਦਾ ਬ੍ਰਾਂਚ ਅਨੁਸਾਰ ਵੇਰਵਾ: ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਢੱਕਾ ਧੀਰਪੁਰ 4, ਫਤਹਿ ਨਗਰ 4, ਹਰਿਗੋਬਿੰਦ ਐਨਕਲੇਵ 6, ਹੇਮਕੁੰਟ ਕਾਲੋਨੀ 5, ਇੰਡੀਆ ਗੇਟ 6, ਕਰੋਲ ਬਾਗ 4, ਕਾਲਕਾਜੀ 6, ਲੋਨੀ ਰੋਡ 5, ਨਾਨਕ ਪਿਆਊ 3, ਪੰਜਾਬੀ ਬਾਗ 5, ਤਿਲਕ ਨਗਰ 4 ਅਤੇ ਵਸੰਤ ਵਿਹਾਰ ਬ੍ਰਾਂਚ ਦੇ 8 ਟੀਚਰ ਇਸ ਸੂਚੀ ਵਿਚ ਸ਼ਾਮਿਲ ਹਨ। ਇਸ ਮੌਕੇ ਬੋਲਦੇ ਹੋਏ ਜੀ.ਕੇ. ਨੇ ਟੀਚਰਾਂ ਨੂੰ ਜਰੂਰੀ ਸਲਾਹਾਂ ਦੇਣ ਦੇ ਨਾਲ ਹੀ ਬੱਚਿਆਂ ਦੀ ਵਿੱਦਿਅਕ ਤਕਦੀਰ ਬਦਲਣ ਵਾਸਤੇ ਗੁਰ ਵੀ ਸਾਂਝੇ ਕੀਤੇ। ਜੀ.ਕੇ. ਨੇ ਕਿਹਾ ਕਿ ਟੀਚਰਾਂ ਨੂੰ ਚੰਗਾ ਟੀਚਰ ਬਣਨ ਤੋਂ ਪਹਿਲਾਂ ਚੰਗਾ ਸਿੱਖਣ ਵਾਲਾ ਇਨਸਾਨ ਬਣਨ ਦੀ ਲੋੜ ਹੈ। ਤੁਸੀਂ ਹਰ ਘੜੀ ਹਰ ਦਿਨ ਕੋਈ ਨਾ ਕੋਈ ਨਵੀਂ ਗੱਲ ਸਿੱਖਦੇ ਹੋ। ਇਸ ਕਰਕੇ ਇਹ ਤੁਹਾਡੇ ਤੇ ਨਿਰਭਰ ਕਰਦਾ ਹੈ ਕਿ ਉਸ ਵਿਚੋਂ ਕਿਨੀਆਂ ਉਸਾਰੂ ਗੱਲਾਂ ਦਾ ਇਸਤੇਮਾਲ ਤੁਸੀਂ ਆਪਣੇ ਵਿਦਿਆਰਥੀਆਂ ਨਾਲ ਕਰਦੇ ਹੋ। ਤੁਹਾਡੇ ਮੋਢਿਆਂ ’ਤੇ ਹੁਣ ਜਿੰਮੇਵਾਰੀ ਦਾ ਵੱਡਾ ਬੋਝ ਹੈ। ਇਸ ਲਈ ਤੁਸੀਂ 60 ਉਸਤਾਦ ਆਪਣੀ ਕਾਬਲੀਅਤ ਅਤੇ ਤਜ਼ਰਬੇ ਨੂੰ ਬਾਕੀ ਸਾਥੀ ਟੀਚਰਾਂ ਨਾਲ ਵੰਡ ਕੇ ਇਸ ਅੰਕੜੇ ਨੂੰ ਦੁੱਗਣਾ ਕਰਨ ਦਾ ਯਤਨ ਕਰੋ। ਜੀ.ਕੇ. ਨੇ ਗੁਰੂ ਨਾਨਕ ਦੇਵ ਜੀ ਵੱਲੋਂ ਸਿਧਾਂ ਨਾਲ ਕੀਤੀ ਗਈ ਗੋਸ਼ਟ ਦਾ ਹਵਾਲਾ ਦਿੰਦੇ ਹੋਏ ਟੀਚਰਾਂ ਨੂੰ ਆਪਣੀ ਵਿਚਾਰਕ ਖਮਤਾ ਨੂੰ ਸੁਰਜੀਤ ਰੱਖਣ





ਦਾ ਵੀ ਸਦਾ ਦਿੱਤਾ। ਫਾਉਂਡੇਸ਼ਨ ਵੱਲੋਂ ਦਿੱਤੀ ਗਈ ਸਿਖਲਾਈ ਭੇਟਾ ਮੁਕਤ ਹੋਣ ਦੀ ਜਾਣਕਾਰੀ ਦਿੰਦੇ ਹੋਏ ਜੀ.ਕੇ. ਨੇ ਫਾਉਡੇਂਸ਼ਨ ਦੇ ਮੈਂਬਰ ਬੈਂਨ ਟੱਕਮੈਨ ਦੀ ਸ਼ਲਾਘਾ ਵੀ ਕੀਤੀ। ਆਪਣੇ ਵਿਦਿਆਰਥੀ ਜੀਵਨ ਦਾ ਜਿਕਰ ਕਰਦੇ ਹੋਏ ਜੀ.ਕੇ. ਨੇ ਕਿਹਾ ਕਿ ਪੜ੍ਹਾਈ ਦੌਰਾਨ ਮੈਂ ਆਪਣੇ ਟੀਚਰਾਂ ਦੇ ਪੈਰੀ ਹੱਥ ਨਹੀਂ ਲਗਾਉਂਦਾ ਸੀ ਪਰ ਵੱਡੇ ਹੋਣ ਉਪਰੰਤ ਉਨ੍ਹਾਂ ਵੱਲੋਂ ਸਾਨੂੰ ਦਿੱਤੀ ਗਈ ਸਿਖਲਾਈ ਅਤੇ ਕਾਬਲੀਅਤ ਨੇ ਬਾਅਦ 'ਚ ਮੇਰੀ ਸੋਚ ਨੂੰ ਬਦਲ ਦਿੱਤਾ। ਜਿਸ ਕਰਕੇ ਹੁਣ ਆਪਣੇ ਟੀਚਰਾਂ ਦੇ ਪੈਰੀ ਹੱਥ ਲਾਉਣਾ ਉਨ੍ਹਾਂ ਦੇ ਅਹਿਸਾਨ ਬਦਲੇ ਇੱਜ਼ਤ ਮੋੜਨ ਵਰਗਾ ਲਗਦਾ ਹੈ। ਕਮੇਟੀ ਦੀ ਸਿੱਖਿਆ ਨੀਤੀ 'ਚ ਅੱਜੇ ਵੀ ਕਮੀਆਂ ਹੋਣ ਦੀ ਗੱਲ ਸਵੀਕਾਰ ਕਰਦੇ ਹੋਏ ਜੀ.ਕੇ. ਨੇ ਕਿਹਾ ਕਿ ਪ੍ਰਬੰਧ ਤਾਂ ਕਾਮਯਾਬ ਹੋਵੇਗਾ ਜਦੋਂ ਸਾਰੇ ਟੀਚਰ ਉਸਤਾਦ ਬਣਨਗੇ। ਅਸੀਂ ਹੁਣ ਪਰੇਸ਼ਾਨੀਆਂ ਤੋਂ ਬਾਹਰ ਨਿਕਲਣਾ ਸ਼ੁਰੂ ਕੀਤਾ ਹੈ ਪਰ ਯਾਤਰਾ ਅੱਜੇ ਲੰਮੀ ਹੈ। ਇਸ ਮੌਕੇ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨਾਂ ਦੇ ਨਾਲ ਕਮੇਟੀ ਦੇ ਐਜੂਕੇਸ਼ਨ ਡਾਈਰੈਕਟਰ ਕਰਨਲ ਜਸਬੀਰ ਸਿੰਘ ਨਿਰਮਲ ਵੀ ਮੌਜੂਦ ਸਨ।

## ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਹਾਈਕੋਰਟ ਪਹੁੰਚ

ਦਿੱਲੀ ਦੇ ਸਰਕਾਰੀ ਸਕੂਲਾਂ ਵਿਚ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਮਤਰੇਏ ਵਿਵਹਾਰ 'ਤੇ ਦਿੱਲੀ ਹਾਈ ਕੋਰਟ ਨੇ ਸਖ਼ਤ ਰੁਖ ਅਖਤਿਆਰ ਕਰ ਲਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਪੰਜਾਬੀ ਭਾਸ਼ਾ ਦੀ ਬਦਹਾਲੀ ਦੇ ਖਿਲਾਫ਼ ਦਿੱਲੀ ਹਾਈ ਕੋਰਟ 'ਚ ਦਾਇਰ ਕੀਤੀ ਗਈ ਲੋਕਹਿੱਤ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਕਾਰਜਕਾਰੀ ਚੀਫ਼ ਜਸਟਿਸ ਗੀਤਾ ਮਿੱਤਲ ਅਤੇ ਜਸਟਿਸ ਸ੍ਰੀ ਹਰਿਸ਼ੰਕਰ ਦੀ ਬੈਂਚ ਨੇ ਦਿੱਲੀ ਸਰਕਾਰ, ਪੰਜਾਬੀ ਅਕਾਦਮੀ, ਉਰਦੂ ਅਕਾਦਮੀ,ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਅਤੇ ਸੀ.ਬੀ.ਐਸ.ਈ. ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਦਰਅਸਲ ਦਿੱਲੀ 'ਚ ਪੰਜਾਬੀ ਭਾਸ਼ਾ ਨੂੰ ਦੂਜੀ ਰਾਜ ਭਾਸ਼ਾ ਦਾ ਦਰਜ਼ਾ ਪ੍ਰਾਪਤ ਹੈ। ਜਿਸ ਕਰਕੇ ਦਿੱਲੀ ਸਕੂਲ ਸਿੱਖਿਆ ਨਿਯਮ 1973 ਦੀ ਧਾਰਾ 9 ਦੇ ਮੁਤਾਬਿਕ ਤਿੰਨ ਭਾਸ਼ਾ ਫਾਰਮੂਲੇ ਤਹਿਤ ਸਰਕਾਰੀ ਸਕੂਲਾਂ 'ਚ ਪੰਜਾਬੀ ਭਾਸ਼ਾ ਨੂੰ ਪੜ੍ਹਾਉਣਾ ਲਾਜ਼ਮੀ ਹੈ। ਪਰ ਦਿੱਲੀ ਸਰਕਾਰ ਵੱਲੋਂ ਕੁਝ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਥਾਂ ਕਿੱਤਾ ਮੁੱਖੀ ਕੋਰਸਾਂ ਨੂੰ ਲਾਗੂ ਕਰਨ ਅਤੇ ਪੰਜਾਬੀ ਅਧਿਆਪਕਾਂ ਦੀ ਪੱਕੀ ਭਰਤੀ ਤੋਂ ਪਾਸਾ ਵਟਣ ਨੂੰ ਤਿੰਨ ਭਾਸ਼ਾ ਫਾਰਮੂਲੇ ਦੀ ਉਲੰਘਣਾ ਕਰਾਰ ਦਿੰਦੇ ਹੋਏ ਦਿੱਲੀ ਕਮੇਟੀ ਨੇ ਹਾਈ ਕੋਰਟ ਦਾ ਰੁੱਖ ਕੀਤਾ ਹੈ। ਸੁਣਵਾਈ ਦੌਰਾਨ ਹਾਈ ਕੋਰਟ ਨੇ ਇਸਤੋਂ ਪਹਿਲਾਂ ਕੋਰਟ 'ਚ ਚਲ ਰਹੇ ਸੰਸਕ੍ਰਿਤ ਟੀਚਰਾਂ ਦੇ ਕੇਸ ਨਾਲ ਇਸ ਕੇਸ ਨੂੰ ਨੱਥੀ ਕਰਦੇ ਹੋਏ ਅਗਲੀ ਸੁਣਵਾਈ 14 ਸਤੰਬਰ 2017 ਨੂੰ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜੀ.ਕੇ. ਨੇ ਦੋਸ਼ ਲਗਾਇਆ ਕਿ ਦਿੱਲੀ ਸਰਕਾਰ ਲਗਾਤਾਰ ਪੰਜਾਬੀ ਭਾਸ਼ਾ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਖਜ਼ਲ-ਖੁਆਰ ਕਰਨ 'ਤੇ ਲੱਗੀ ਹੋਈ ਹੈ। ਦਿੱਲੀ 'ਚ ਪੰਜਾਬੀ ਭਾਸ਼ਾ ਪੜਾਉਣਾ ਲਾਜ਼ਮੀ ਹੋਣ ਦੇ ਬਾਵਜੂਦ ਸਕੂਲਾਂ ਵਿਚੋਂ ਪੰਜਾਬੀ ਨੂੰ ਬਾਹਰ ਕੱਢਣ ਦੀ ਸਾਜਿਸ਼ ਕੀਤੀ ਜਾ ਰਹੀ ਹੈ। ਜੀ.ਕੇ. ਨੇ ਜਾਣਕਾਰੀ ਦਿੱਤੀ ਕਿ ਦਿੱਲੀ ਕਮੇਟੀ ਇਸ ਲੜਾਈ ਨੂੰ ਕਾਨੂੰਨੀ ਵਿਭਾਗ ਦੇ ਮੁਖੀ ਜਸਵਿੰਦਰ ਸਿੰਘ ਜੌਲੀ ਦੀ ਮਾਰਫ਼ਤ ਕੌਮੀ ਘੱਟਗਿਣਤੀ ਵਿੱਦਿਅਕ ਅਦਾਰਾ ਕਮਿਸ਼ਨ 'ਚ ਲੰਮੇ ਸਮੇਂ ਤੋਂ ਲੜ ਰਹੀ ਹੈ। ਏ.ਐਸ. ਬਰਾੜ ਵੱਲੋਂ ਦਰਜ਼ ਕੀਤੇ ਗਏ ਉਕਤ ਕੇਸ 'ਚ ਕਮਿਸ਼ਨ ਦੇ ਆਦੇਸ਼ 'ਤੇ ਦਿੱਲੀ ਕਮੇਟੀ ਨੇ ਦਿੱਲੀ ਦੇ ਸਰਕਾਰੀ ਸਕੂਲਾਂ 'ਚ ਪੰਜਾਬੀ ਅਤੇ ਉਰਦੂ ਟੀਚਰਾਂ ਦੀ ਲੋੜ ਦਾ ਪਤਾ ਲਗਾਉਣ ਲਈ ਸਰਵੇ ਵੀ ਕੀਤਾ ਸੀ। ਜੀ.ਕੇ. ਨੇ ਦੱਸਿਆ ਕਿ ਸਰਵੇ ਤੋਂ ਬਾਅਦ 600 ਤੋਂ ਵੱਧ ਪੰਜਾਬੀ ਟੀਚਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਦਾ ਦਿੱਲੀ ਸਰਕਾਰ ਦੇ ਸਿੱਖਿਆ ਵਿਭਾਗ

ਨੇ ਕਮਿਸ਼ਨ ਨੂੰ ਭਰੋਸਾ ਦਿੱਤਾ ਸੀ। ਪਰ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਿੱਲੀ ਸਰਕਾਰ ਨੇ ਪੰਜਾਬੀਆਂ ਨਾਲ ਝੂਠੀ ਹਮਦਰਦੀ ਪ੍ਰਗਟਾਉਣ ਦੌਰਾਨ ਅਖ਼ਬਾਰੀ ਇਸਤਿਹਾਰਾਂ ਰਾਹੀਂ ਪੰਜਾਬੀ ਮਾਂ-ਬੋਲੀ ਦਾ ਰਹਿਬਰ ਹੋਣ ਦਾ ਸਵਾਂਗ ਰਚਦੇ ਹੋਏ ਪੰਜਾਬੀਆਂ ਨਾਲ ਧੋਖਾ ਕੀਤਾ। ਜੀ.ਕੇ. ਨੇ ਕਿਹਾ ਕਿ ਭਰਤੀ ਦੇ ਮੌਕਿਆਂ ਨੂੰ ਘਟਾਉਣ ਦੀ ਨੀਅਤ ਨਾਲ ਸਰਕਾਰ ਨੇ ਗੈਸਟ ਟੀਚਰਾਂ ਦੀ ਭਰਤੀ ਲਈ ਸੀ.ਟੀ.ਈ. ਟੈਸਟ ਪਾਸ ਕਰਨਾ ਜਰੂਰੀ ਕਰ ਦਿੱਤਾ। ਜੋ ਕਿ ਭਰਤੀ ਨਿਯਮਾਂ ਨਾਲ ਕੋਝਾ ਮਜ਼ਾਕ ਸੀ। ਜਿਸ ਕਰਕੇ ਪੰਜਾਬੀ ਟੀਚਰ ਬਣਨ ਦੇ ਦਾਅਵੇਦਾਰ ਵੱਡੀ ਗਿਣਤੀ ਵਿਚ ਸਾਹਮਣੇ ਨਹੀਂ ਆ ਪਾਏ। ਜੀ.ਕੇ. ਨੇ ਪੰਜਾਬੀ ਭਾਸ਼ਾ ਦੇ ਮਾਨ ਸਨਮਾਨ ਦੀ ਬਹਾਲੀ ਤਕ ਲੜਾਈ ਜਾਰੀ ਰੱਖਣ ਦਾ ਐਲਾਨ ਕੀਤਾ।

## ਗੁਰੂ ਸਾਹਿਬ ਨੇ ਰਹੱਸਵਾਦ ਅਤੇ ਅੰਧਵਿਸ਼ਵਾਸ ਨੂੰ ਛੱਡ ਕੇ ਅਧਿਆਤਮਵਾਦ ਵੱਲ ਤੋਰਿਆ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖੋਜ ਅਦਾਰੇ 'ਇੰਟਰਨੈਸ਼ਨਲ ਸੈਂਟਰ ਫ਼ਾਰ ਸਿੱਖ ਸਟੱਡੀਜ਼' ਵੱਲੋਂ ਸਿੱਖ ਵਿਚਾਰਧਾਰਾ ਨਾਲ ਸਬੰਧਿਤ ਮਹੀਨਾਵਾਰੀ ਸੈਮੀਨਾਰ ਆਯੋਜਿਤ ਕੀਤੇ ਜਾਂਦੇ ਹਨ। ਸਿੱਖੀ ਦੇ ਸਮੁੱਚੇ ਸੰਕਲਪ ਨੂੰ ਸਮਰਪਿਤ ਉਕਤ ਲੜੀਵਾਰ ਲੈਕਚਰਾਂ ਦੀ ਕੜੀ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਮਹਾਨ ਚਿੰਤਕ ਅਤੇ ਬੁੱਧੀਜੀਵੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖੀ ਦੇ ਸੰਕਲਪ ਨਾਲ ਸਬੰਧਿਤ ਅਨੰਤ ਸੰਭਾਵਨਾਵਾਂ ਨੂੰ ਉਜਾਗਰ ਕਰਕੇ, ਵੱਖ-ਵੱਖ ਵਿਸ਼ਿਆਂ ਉਪਰ ਆਪਣੇ ਵਿਚਾਰ ਰਖਦੇ ਹਨ, ਜਿਸ ਨਾਲ ਇਕ ਭਰਪੂਰ ਸੰਵਾਦ ਦੀ ਅਵਸਥਾ ਪੈਦਾ ਹੁੰਦੀ ਹੈ। ਇਸ ਵਾਰ ਦਿੱਲੀ ਦੇ ਸਿੱਖ-ਚਿੰਤਕ ਡਾ. ਅਮਰਜੀਤ ਸਿੰਘ ਨਾਰੰਗ ਨੇ ''ਅਜੋਕੇ ਯੁਗ ਵਿਚ ਗੁਰੂ




ਨਾਨਕ ਨੂੰ ਸਮਝਣ ਦੀ ਲੋੜ'' ਵਿਸ਼ੇ ਉਪਰ ਆਪਣਾ ਪਰਚਾ ਪੇਸ਼ ਕੀਤਾ। ਨਾਰੰਗ ਨੇ ਆਪਣੀ ਗੱਲ ਦੀ ਸ਼ੁਰੂਆਤ ਵਿਸ਼ਵੀਕਰਨ ਦੇ ਸੰਕਲਪ ਤੇ ਚਾਨਣਾ ਪਾਉਂਦੇ ਹੋਏ ਸ਼ੁਰੂ ਕੀਤੀ। ਨਾਰੰਗ ਨੇ ਦੱਸਿਆ ਕਿ ਸਿੱਖ ਧਰਮ ਦੁਨੀਆਂ ਦਾ ਸਭ ਤੋਂ ਵੱਧ ਆਧੁਨਿਕ ਧਰਮ ਹੈ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਸਿੱਖ ਧਰਮ ਦੇ ਬਹੁਪੱਖੀ ਅਤੇ ਮਾਨਵੀ ਚਰਿੱਤਰ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਇੱਕ ਧਰਮ 'ਚ ਲੋੜੀਂਦੀ ਨੈਤਿਕ ਅਤੇ ਧਾਰਮਿਕ ਪੱਧਰ 'ਤੇ ਜੋ ਵਿਚਾਰਧਾਰਕ ਜਰੂਰਤ ਹੁੰਦੀ ਹੈ, ਉਹ ਗੁਰੂ ਨਾਨਕ ਦੇਵ ਵੱਲੋਂ ਚਲਾਏ ਧਰਮ 'ਚ ਬਾਖੂਬੀ ਹੈ। ਗੁਰੂ ਸਾਹਿਬ ਨੇ ਅਜੋਕੇ ਯੁੱਗ ਵਿਚ ਰਹੱਸਵਾਦ ਅਤੇ ਅੰਧਵਿਸ਼ਵਾਸ ਨੂੰ ਛੱਡ ਕੇ ਅਧਿਆਤਮਵਾਦ ਵੱਲ ਤੁਰਨ ਦਾ ਇਸ਼ਾਰਾ ਕੀਤਾ। ਇਸ ਪੂਰੇ ਪ੍ਰਕਰਣ ਵਿਚ ਗੁਰੂ ਨਾਨਕ ਦੇਵ ਜੀ ਵਿਚਾਰਧਾਰਾ ਵਿਚ ਵਿਗਿਆਨਕ ਸੋਚ, ਆਸਥਾ ਅਤੇ ਅੰਤਿਮ ਸੱਚ ਦਾ ਅਦੁੱਤੀ ਸੁਮੇਲ ਮਿਲਦਾ ਹੈ। ਗੁਰੂ ਨਾਨਕ ਦੇਵ ਵੱਲੋਂ ਰਚਿਤ 'ਜਪੁਜੀ' ਪੂਰੇ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੈ ਅਤੇ ਧਰਮ ਹੀ ਸੱਚ ਪ੍ਰਾਪਤੀ ਲਈ ਸਹੀ ਮਾਰਗ ਹੈ। ਸਭਾ ਦੀ ਪ੍ਰਧਾਨਗੀ ਡਾ. ਜਸਪਾਲ ਸਿੰਘ ਸਾਬਕਾ ਵਾਇਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਨੇ ਕਰਦੇ ਹੋਏ ਡਾ. ਨਾਰੰਗ ਵੱਲੋਂ ਉਠਾਏ ਵਿਸ਼ਵੀਕਰਨ ਦੇ ਮੁੱਦੇ 'ਤੇ ਗੁਰੂ ਸਾਹਿਬ ਦੀ ਅੰਤਰ ਦ੍ਰਿਸ਼ਟੀ ਦਾ ਹਵਾਲਾ ਦਿੱਤਾ। ਉਨ੍ਹਾਂ ਨੇ ਗੁਰੂ ਸਾਹਿਬ ਦੇ ਅੰਤਰ ਧਰਮਾਂ ਨਾਲ ਜੁੜੇ ਵਿਚਾਰਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਨਾ ਸਿਰਫ ਦੇਸ਼ ਵਿਚ ਸਗੋਂ ਸਾਰੇ ਵਿਸ਼ਵ ਵਿਚ ਮਾਨਵਤਾਵਾਦੀ ਸੰਵੇਦਨਾ ਦਾ ਸੰਚਾਰ ਕਰਨ 'ਚ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਇਆ ਸਿੱਖ ਪੰਥ ਮੂਹਰੇ ਹੈ। ਗੁਰੂ ਨਾਨਕ ਦੇਵ ਜੀ ਪੂਰੇ ਸੰਸਾਰ ਵਿਚ ਸੰਵਾਦ ਦੀ ਅਵਸਥਾ ਦਾ ਸੰਚਾਰ ਕਰਦਿਆਂ ਪੂਰੇ ਮਾਨਵ ਜਗਤ ਨੂੰ ਸੰਵੇਦਨਾ ਦੀ ਰਾਹ ਤੇ ਤੋਰਦੇ ਹਨ। ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੁਲਮੋਹਨ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਵਿਦਿਵਾਨਾਂ ਵੱਲੋਂ ਰੱਖੀ ਗਈ ਰਾਇ ਨੂੰ ਸਿੱਖ ਧਰਮ ਦੇ ਬੁਨੀਆਦੀ ਸਿਧਾਤਾਂ ਵੱਜੋਂ ਪੇਸ਼ ਕੀਤਾ। ਅਦਾਰੇ ਦੀ ਡਾਇਰੈਕਟਰ ਡਾ. ਹਰਬੰਸ ਕੌਰ ਸਾਗੂ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਮੌਕੇ ਦਿੱਲੀ ਕਮੇਟੀ ਦੇ ਮੈਂਬਰ ਹਰਿੰਦਰ ਪਾਲ ਸਿੰਘ, ਉੱਘੇ ਵਿਦਿਵਾਨ ਡਾ. ਹਰਮੀਤ ਸਿੰਘ ਸਣੇ ਕਈ ਸ਼ਖਸੀਅਤਾਂ ਮੌਜੂਦ ਸਨ।

## ਪੰਜਾਬੀ ਭਾਸ਼ਾ ਦੇ ਅਧਿਆਪਕਾਂ ਦੀ ਲਗਾਈ ਕਾਰਜਸ਼ਾਲਾ

ਸੀ.ਬੀ.ਐਸ.ਈ. ਵੱਲੋਂ ਪੰਜਾਬੀ ਭਾਸ਼ਾ ਦੇ ਨੌਵੀਂ ਅਤੇ ਦਸਵੀਂ ਜਮਾਤ ਦੇ ਨਵੇਂ ਬਣਾਏ ਗਏ ਸਿਲੇਬਸ ਦੀ ਜਾਣਕਾਰੀ ਟੀ.ਜੀ.ਟੀ. ਪੰਜਾਬੀ ਅਧਿਆਪਕਾਂ ਨੂੰ ਦੇਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰਜਸ਼ਾਲਾ ਦਾ ਆਯੋਜਨ ਕੀਤਾ ਗਿਆ। ਦਿੱਲੀ ਕਮੇਟੀ ਦੀ ਪੰਜਾਬੀ ਵਿਕਾਸ ਕਮੇਟੀ ਦੇ ਵੱਲੋਂ ਲਗਾਈ ਗਈ ਇਸ ਕਾਰਜਸ਼ਾਲਾ 'ਚ ਸਮੂਹ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ, ਖਾਲਸਾ ਸਕੂਲ ਅਤੇ ਸਰਕਾਰੀ ਸਕੂਲਾਂ ਦੇ ਜਿਆਦਾਤਰ ਪੰਜਾਬੀ ਅਧਿਆਪਕਾਂ ਨੇ ਭਾਗ ਲਿਆ। ਕਾਰਜਸ਼ਾਲਾ 'ਚ ਅਧਿਆਪਕਾਂ ਨੂੰ ਏ.ਐਸ.ਐਲ., ਇਸ਼ਤਿਹਾਰ, ਤਸਵੀਰ, ਕਹਾਣੀਆਂ, ਵਿਆਕਰਣ ਤੇ ਇਕਾਂਗੀ ਪੜਾਉਣ ਦਾ ਢੰਗ ਸਿਖਾਉਣ ਦੇ ਨਾਲ ਹੀ ਕਵਿਤਾ ਦੇ ਗੁਣਾਂ ਅਤੇ ਬਾਲ ਮਨੋਵਿਗਿਆਨ ਨੂੰ ਸਮਝਾਉਣ 'ਤੇ ਜ਼ੋਰ ਦਿੱਤਾ ਗਿਆ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਕੁਲਮੋਹਨ ਸਿੰਘ ਅਤੇ ਪੰਜਾਬੀ ਵਿਕਾਸ ਕਮੇਟੀ ਦੇ ਕਨਵੀਨਰ ਡਾ. ਹਰਮੀਤ ਸਿੰਘ ਵੱਲੋਂ ਇਸ ਮੌਕੇ ''ਚੁੱਪ ਦੀ ਚੀਖ਼'' ਪੁਸਤਕ ਤੇ ਸਿਲੇਬਸ ਦੀ ਜਾਣਕਾਰੀ ਦੇਣ ਵਾਲੀ ਆਡੀਓ ਸੀਡੀ ਜਾਰੀ ਕੀਤੀ ਗਈ। ਕਾਰਜਸ਼ਾਲਾ 'ਚ ਭਾਗ ਲੈਣ ਵਾਲੇ ਅਧਿਆਪਕਾਂ ਨੂੰ ਪ੍ਰਮਾਣ ਪੱਤਰ ਵੀ ਦਿੱਤੇ ਗਏ। ਇਸ ਮੌਕੇ ਬੋਲਦੇ ਹੋਏ ਜੀ.ਕੇ. ਨੇ ਕਿਹਾ



ਕਿ ਪੰਜਾਬੀ ਭਾਸ਼ਾ ਕੇਵਲ ਸਿੱਖ ਧਰਮ ਅਤੇ ਵਿਰਸੇ ਨੂੰ ਬਚਾਉਣ ਅਤੇ ਅੱਗੇ ਲੈ ਜਾਣ ਦਾ ਹੀ ਮਾਧਿਅਮ ਨਹੀਂ, ਸਗੋਂ ਸਮੁੱਚੇ ਪੰਜਾਬੀ ਸਭਿਆਚਰਕ ਵਿਰਸੇ ਨੂੰ ਸੁਰੱਖਿਅਤ ਰੱਖਣ ਦਾ ਸਾਧਨ ਵੀ ਹੈ। ਇਸ ਲਈ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਪੰਜਾਬੀ ਪੜਾਉਣ ਨੂੰ ਵਿਰਸੇ ਦੀ ਰਾਖੀ ਵੱਜੋਂ ਦੇਖਣਾ ਚਾਹੀਦਾ ਹੈ। ਆਪਣੇ ਵਿਦਿਆਰਥੀ ਜੀਵਨ ਦਾ ਹਵਾਲਾ ਦਿੰਦੇ ਹੋਏ ਜੀ.ਕੇ. ਨੇ ਆਪਣੇ ਅਧਿਆਪਕਾਂ ਦੀ ਕਾਬਲੀਅਤ ਅਤੇ ਆਪਣੀ ਮਿਹਨਤ 'ਚ ਉਨ੍ਹਾਂ ਵੱਲੋਂ ਬਿਠਾਏ ਗਏ ਤਾਲਮੇਲ ਦਾ ਜਿਕਰ ਕੀਤਾ। ਕਮੇਟੀ ਵੱਲੋਂ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਦਿੱਲੀ ਹਾਈ ਕੋਰਟ ਤਕ ਕੀਤੀ ਗਈ ਪਹੁੰਚ ਦੀ ਜਾਣਕਾਰੀ ਦਿੰਦੇ ਹੋਏ ਜੀ.ਕੇ. ਨੇ ਸਾਫ਼ ਕੀਤਾ ਕਿ ਪੰਜਾਬੀ ਇੱਕਲੇ ਸਿੱਖਾਂ ਦੀ ਹੀ ਭਾਸ਼ਾ ਨਹੀਂ ਹੈ। ਪਾਕਿਸਤਾਨ ਤੋਂ ਹਿੰਦੁਸਤਾਨ ਤਕ ਪੰਜਾਬੀ ਭਾਸ਼ਾ ਨੂੰ ਪੜ੍ਹਨ ਅਤੇ ਸਮਝਣ 'ਚ ਸਮੂਹ ਧਰਮਾਂ ਅਤੇ ਫਿਰਕਿਆਂ ਦੇ ਲੋਕ ਆਪਣਾਪਨ ਮਹਿਸੂਸ ਕਰਦੇ ਹਨ। ਪੰਜਾਬੀ ਭਾਸ਼ਾ ਨੂੰ ਨਜ਼ਰਅੰਦਾਜ ਕਰਨ ਦੀਆਂ ਸਰਕਾਰੀ ਨੀਤੀਆਂ ਪਿੱਛੇ ਪੰਜਾਬੀ ਭਾਸ਼ਾ ਨੂੰ ਸਿੱਖਾਂ ਦੀ ਭਾਸ਼ਾ ਸਮਝਣ ਨੂੰ ਜੀ.ਕੇ. ਨੇ ਮੁਖ ਕਾਰਨ ਦੱਸਿਆ। ਕੁਲਮੋਹਨ ਸਿੰਘ ਨੇ ਬੜੇ ਹੀ ਦਾਰਸ਼ਨਿਕ ਅੰਦਾਜ਼ ਵਿਚ ਦਾਅਵਾ ਕੀਤਾ ਕਿ ਮਾਂ-ਬੋਲੀ ਪੰਜਾਬੀ ਤੱਦ ਤਕ ਨਹੀਂ ਮਰ ਸਕਦੀ ਜਦ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਂਦ ਹੈ ਅਤੇ ਪੰਜਾਬੀਆਂ ਵਿੱਚ ਆਪਣੇ ਵਿਰਸੇ ਨੂੰ ਸੰਭਾਲਣ ਦੀ ਚਾਹਤ ਹੈ। ਉਨ੍ਹਾਂ ਕਿਹਾ ਕਿ ਜਿਵੇਂ ਲੋਕ ਗੀਤਾਂ ਦੀ ਲੰਬੀ ਉਮਰ ਹੁੰਦੀ ਹੈ ਉਵੇਂ ਹੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਰੋਚਕ ਅਤੇ ਮਨੋਰੰਜਕ ਤਰੀਕਿਆਂ ਦੇ ਸਹਾਰੇ ਸਾਨੂੰ ਵਿਦਿਆਰਥੀਆਂ ਨੂੰ ਭਾਸ਼ਾ ਦੇ ਲੜ ਲਾਉਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਅਧਿਆਪਕਾਂ ਨੂੰ ਪੰਜਾਬੀ ਪੜ੍ਹਾਉਣ ਵੇਲੇ ਬੱਚਿਆਂ ਨਾਲ ਆਪਣੇਪਨ ਦਾ ਮਾਹੌਲ ਸਿਰਜਣ ਦੀ ਅਪੀਲ ਕਰਦੇ ਹੋਏ ਭਾਸ਼ਾ ਨੂੰ ਬੱਚੇ ਦੇ ਵਿਦਿਆਰਥੀ ਜੀਵਨ ਨੂੰ ਤਰੱਕੀ ਤੇ ਲੈ ਜਾਣ ਦਾ ਮਾਧਿਅਮ ਬਣਾਉਣ ਦਾ ਸੱਦਾ ਦਿੱਤਾ। ਇਸ ਮੌਕੇ ਪੰਜਾਬੀ ਵਿਸ਼ੇ ਦੇ ਮਾਹਿਰ ਤੇ ਭਾਸ਼ਾ ਪ੍ਰੇਮੀ ਪ੍ਰਕਾਸ਼ ਸਿੰਘ ਗਿੱਲ, ਸਾਹਿਤਕਾਰ ਡਾ. ਦਰਸ਼ਨ ਸਿੰਘ ਆਸ਼ਟ, ਡਾ. ਇੰਦਰਪ੍ਰੀਤ ਕੌਰ, ਬਾਲ ਮਨੋਵਿਗਿਆਨ ਦੀ ਮਾਹਿਰ ਡਾ. ਹਰਸ਼ਿੰਦਰ ਕੌਰ, ਦਿਆਲ ਸਿੰਘ ਕਾਲਜ ਦੇ ਪ੍ਰੋਫੈਸਰ ਡਾ. ਪ੍ਰਿਥਵੀ ਰਾਜ ਥਾਪਰ ਅਤੇ ਸਹਾਇਕ ਪ੍ਰੋਫੈਸਰ ਸੁਦਰਸ਼ਨ ਗਾਸੋ ਨੇ ਅਧਿਆਪਕਾਂ ਨੂੰ ਭਾਸ਼ਾ ਪੜ੍ਹਾਉਣ ਦੇ ਨਿਵੇਕਲੇ ਢੰਗਾਂ ਦੀ ਜਾਣਕਾਰੀ ਦਿੱਤੀ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜੁਲਾਈ 2017 (*ਆਮਦਨ ਭਾਗ)

| ਖਾਤਾ | ਚੜ੍ਹਤ | ਪ੍ਰਸਾਦਿ | ਪਿੰਨੀ ਪ੍ਰਸਾਦਿ | ਲੰਗਰ | ਪਾਠ | ਸ਼ਬਦ ਭੇਟ | ਇਮਾਰਤ | ਕਿਊ.ਐਮ.ਸੀ. | ਫੁਟਕਲ | ਜੋੜ |
|---|---|---|---|---|---|---|---|---|---|---|
| ਗੁਰਦੁਆਰਾ ਸੀਸ ਗੰਜ ਸਾਹਿਬ | 13923144.00 | 3358576.00 | --- | 1136264.00 | 698700.00 | --- | --- | 22500.00 | 671475.00 | 19810659.00 |
| ਗੁਰਦੁਆਰਾ ਬੰਗਲਾ ਸਾਹਿਬ | 27755240.00 | 10412296.00 | --- | 9108713.86 | 1412700.00 | --- | --- | --- | 1350300.00 | 50039249.86 |
| ਗੁਰਦੁਆਰਾ ਰਕਾਬ ਗੰਜ ਸਾਹਿਬ | 2602500.00 | 808700.00 | --- | 1583767.00 | 102000.00 | --- | 151500.00 | 37419.00 | 237950.00 | 5523836.00 |
| ਗੁਰਦੁਆਰਾ ਨਾਨਕ ਪਿਆਉ ਸਾਹਿਬ | 3683336.00 | 1149870.00 | --- | 691832.00 | 260100.00 | --- | --- | 15987.00 | 65500.00 | 5866625.00 |
| ਗੁਰਦੁਆਰਾ ਬਾਲਾ ਸਾਹਿਬ | 611970.00 | 206106.00 | --- | 31151.00 | 102000.00 | --- | 1000.00 | 14500.00 | 313.00 | 967040.00 |
| ਗੁਰਦੁਆਰਾ ਦਮਦਮਾ ਸਾਹਿਬ | 306601.00 | 93226.00 | --- | 92321.00 | 20400.00 | --- | 21300.00 | 2307.00 | 53000.00 | 589155.00 |
| ਗੁਰਦੁਆਰਾ ਮਜਨੂੰ ਟਿੱਲਾ ਸਾਹਿਬ | 105525.00 | 225872.00 | --- | 151402.00 | 35700.00 | --- | --- | 10130.00 | 104218.00 | 632847.00 |
| ਗੁਰਦੁਆਰਾ ਮਾਤਾ ਸੁੰਦਰੀ ਜੀ | 810.00 | 79593.00 | --- | 42033.00 | 5100.00 | --- | 10650.00 | 14844.00 | 1243.00 | 154273.00 |
| ਗੁਰਦੁਆਰਾ ਮੋਤੀ ਬਾਗ ਸਾਹਿਬ | 2040186.00 | 435047.00 | --- | 413835.00 | 96900.00 | --- | --- | 7600.00 | 78475.00 | 3072043.00 |
| ਗੁਰਦੁਆਰਾ ਦਰੀਆ ਗੰਜ | --- | --- | --- | --- | --- | --- | --- | 550.00 | --- | 550.00 |
| ਗੁਰਦੁਆਰਾ ਢੱਕਾ ਧੀਰਪੁਰ | --- | --- | --- | 3237.00 | --- | --- | --- | 780.00 | --- | 4017.00 |
| ਗੁਰਦੁਆਰਾ ਕਰੋਲ ਬਾਗ | 540400.00 | 16750.00 | --- | 2100.00 | 10200.00 | --- | --- | 1455.00 | --- | 570905.00 |
| ਗੁਰਦੁਆਰਾ ਬਦਰਪੁਰ | 1903.00 | 112179.00 | --- | 11945.00 | 5100.00 | --- | 1100.00 | 875.00 | --- | 133102.00 |
| ਗੁਰਦੁਆਰਾ ਬੰਦਾ ਸਿੰਘ ਬਹਾਦਰ ਜੀ | 36880.00 | 100316.00 | --- | 19689.00 | 25500.00 | --- | 1100.00 | 645.00 | --- | 184130.00 |
| ਗੁਰਦੁਆਰਾ ਭਾਈ ਲਾਲੋ ਜੀ | 4990.00 | 5410.00 | --- | 32200.00 | 20400.00 | --- | 4000.00 | 690.00 | 450.00 | 68140.00 |
| ਗੁਰਦੁਆਰਾ ਰਣਜੀਤ ਨਗਰ | --- | --- | --- | --- | --- | --- | --- | 750.00 | --- | 750.00 |
| ਗੁਰਦੁਆਰਾ ਪਹਾੜੀ ਧੀਰਜ / ਪਿੱਪਲ ਮਹਾਂਦੇਵ | --- | --- | --- | --- | --- | --- | --- | --- | 700.00 | 700.00 |
| ਹਰੀ ਨਗਰ ਡਿਸਪੈਂਸਰੀ | --- | --- | --- | --- | --- | --- | --- | --- | 233210.00 | 233210.00 |
| ਗੁਰਦੁਆਰਾ ਸੀਸ ਗੰਜ ਡਿਸਪੈਂਸਰੀ | --- | --- | --- | --- | --- | --- | --- | --- | 12195.00 | 12195.00 |
| ਗੁਰਦੁਆਰਾ ਬੰਗਲਾ ਸਾਹਿਬ ਹਸਪਤਾਲ | --- | --- | --- | --- | --- | --- | --- | --- | 165781.00 | 165781.00 |
| ਡਿਸਪੈਂਸਰੀ ਰਮੇਸ਼ ਨਗਰ | --- | --- | --- | --- | --- | --- | --- | --- | 6130.00 | 6130.00 |
| ਗੁਰੂ ਨਾਨਕ ਪੋਲੀਕਲੀਨਿਕ, ਗੁਰਦੁਆਰਾ ਨਾਨਕ ਪਿਆਓ | --- | --- | --- | --- | --- | --- | --- | --- | 305064.00 | 305064.00 |
| ਪਿੰਨੀ ਪ੍ਰਸ਼ਾਦਿ | --- | --- | 600500.00 | --- | --- | --- | --- | --- | --- | 600500.00 |
| ਸ਼ਬਦ ਭੇਟ | --- | --- | --- | --- | --- | 79550.00 | --- | --- | --- | 79550.00 |
| ਜਾਇਦਾਦ ਉਤਮ ਨਗਰ, ਮਹਾਵੀਰ ਨਗਰ, ਰਾਜ ਨਗਰ, ਪਾਲਮ, ਸਰਿਤਾ ਵਿਹਾਰ, ਝੰਡੇਵਾਲਾਨ, ਗੁ. ਬੈਕੁੰਠ ਧਾਮ, ਗੁ: ਮੰਗੋਲ ਪੁਰੀ | | | --- | --- | --- | --- | --- | --- | 118844.00 | 118844.00 |
| ਜਾਇਦਾਦ ਬੀਘੜ, ਅੰਮ੍ਰਿਤਸਰ, ਸ੍ਰੀ ਹਜ਼ੂਰ ਸਾਹਿਬ ਨਾਂਦੇੜ, ਗੁਰਦੁਆਰਾ ਸੀਸ ਗੰਜ ਸਾਹਿਬ, ਗੁ: ਮੋਰੀ ਗੇਟ | | --- | --- | --- | --- | --- | --- | --- | 521053.00 | 521053.00 |
| ਜਾਇਦਾਦ ਦੁਕਾਨ ਓਲਡ ਮਹਾਵੀਰ ਨਗਰ | --- | --- | --- | --- | --- | --- | --- | --- | 4000.00 | 4000.00 |
| ਗੁਰਦੁਆਰਾ ਅਤੇ ਹੋਰ | --- | --- | --- | --- | --- | --- | --- | --- | 789280.00 | 789280.00 |
| ਜੁਰਮਾਨਾ | --- | --- | --- | --- | --- | --- | --- | --- | 7000.00 | 7000.00 |
| ਪ੍ਰਚਾਰ ਬੁੱਕ | --- | --- | --- | --- | --- | --- | --- | --- | 75591.00 | 75591.00 |
| ਪ੍ਰਚਾਰ ਸੀਸ ਗੰਜ | --- | --- | --- | --- | --- | --- | --- | --- | 6600.00 | 6600.00 |
| ਸੂਦ | --- | --- | --- | --- | --- | --- | --- | --- | 3260828.05 | 3260828.05 |
| ਸਟਾਫ ਅਬਰੋਡ ਰਿਟਰਨ | --- | --- | --- | --- | --- | --- | --- | --- | 59000.00 | 59000.00 |
| ਐਜੂਕੇਸ਼ਨ ਫੰਡ | --- | --- | --- | --- | --- | --- | --- | --- | 3056500.00 | 3056500.00 |
| ਡਿਸਪੈਂਸਰੀ ਹਰਗੋਬਿੰਦ ਇਨਕਲੇਵ | --- | --- | --- | --- | --- | --- | --- | --- | 26150.00 | 26150.00 |
| ਡਿਸਪੈਂਸਰੀ ਪੰਜਾਬੀ ਬਾਗ | --- | --- | --- | --- | --- | --- | --- | --- | 5290.00 | 5290.00 |
| ਬਾਲਾ ਸਾਹਿਬ ਹਸਪਤਾਲ | --- | --- | --- | --- | --- | --- | --- | --- | 65000.00 | 65000.00 |
| ਗੁਰੂ ਨਾਨਕ ਸੁਖਸ਼ਾਲਾ | --- | --- | --- | --- | --- | --- | --- | --- | 2155.00 | 2155.00 |
| ਗੁਰਪੁਰਬ ਫੁਟਕਲ | --- | --- | --- | 17461.00 | --- | --- | --- | --- | --- | 17461.00 |
| ਪ੍ਰਚਾਰ ਫੁਟਕਲ | --- | --- | --- | --- | --- | --- | --- | --- | 148215.00 | 148215.00 |
| 300 ਸਾਲਾ ਸ਼ਹੀਦੀ ਸ਼ਤਾਬਦੀ ਬਾਬਾ ਬੰਦਾ ਸਿੰਘ ਜੀ ਬਹਾਦਰ | --- | --- | --- | --- | --- | --- | --- | --- | 488250.00 | 488250.00 |
| ਆਈ.ਟੀ.ਸੀ. ਤਿਲਕ ਨਗਰ | --- | --- | --- | --- | --- | --- | | --- | 64823.00 | 64823.00 |
| ਪ੍ਰੋਪਰਟੀ ਬੀਘੜ | --- | --- | --- | --- | --- | --- | | --- | | --- |
| ਆਈ.ਟੀ.ਆਈ. ਮੰਗੋਲਪੁਰੀ | --- | --- | --- | --- | --- | --- | | --- | 39801.00 | 39801.00 |
| ਮੋਟਰ ਇਨਸੋਰੈਂਸ | --- | --- | --- | --- | --- | --- | | --- | 401000.00 | 401000.00 |
| ਜੋੜ : ਜੁਲਾਈ 2017 | 51613485.00 | 17003941.00 | 600500.00 | 13337950.86 | 2794800.00 | 79550.00 | 190650.00 | 131032.00 | 12425384.05 | 98177292.91 |
| ਅਪ੍ਰੈਲ 2017 ਤੋਂ ਜੂਨ 2017 | 149220378.00 | 48006523.00 | 1508000.00 | 32669129.59 | 9382049.00 | 322800.00 | 274400.00 | 357717.00 | 24227722.02 | 266017057.61 |
| ਅਪ੍ਰੈਲ 2017 ਤੋਂ ਜੁਲਾਈ 2017 | 200833863.00 | 65010464.00 | 2108500.00 | 46007080.45 | 12176849.00 | 402350.00 | 465050.00 | 488749.00 | 36653106.07 | 364194350.52 |

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜੁਲਾਈ 2017 (*ਖਰਚ ਭਾਗ)

| ਖਾਤਾ | ਪਿੰਨੀ ਪ੍ਰਸ਼ਾਦਿ | ਪ੍ਰਸ਼ਾਦਿ | ਲੰਗਰ | ਪਾਠ | ਬਿਲਡਿੰਗ | ਤਨਖਾਹ | ਬਿਜਲੀ ਤੇ ਪਾਣੀ | ਟੈਲੀਫੋਨ | ਇਮਾ. ਮੁਰੰਮਤ | ਫੁਟਕਲ | ਜੋੜ |
|---|---|---|---|---|---|---|---|---|---|---|---|
| ਗੁਰਦੁਆਰਾ ਸੀਸ ਗੰਜ ਸਾਹਿਬ | --- | 2944795.00 | 4045231.00 | 627923.00 | --- | --- | 1824757.00 | 3717.00 | --- | 753817.00 | 10200240.00 |
| ਗੁਰਦੁਆਰਾ ਬੰਗਲਾ ਸਾਹਿਬ | --- | 4271287.00 | 8317223.00 | 1280846.00 | 329513.00 | --- | 2666611.00 | 6975.00 | --- | 2082183.00 | 18954638.00 |
| ਗੁਰਦੁਆਰਾ ਰਕਾਬ ਗੰਜ ਸਾਹਿਬ | --- | 230575.00 | 1051477.00 | 90239.00 | 1069597.00 | --- | 1608592.00 | --- | --- | 518857.00 | 4569337.00 |
| ਗੁਰਦੁਆਰਾ ਨਾਨਕ ਪਿਆਉ ਸਾਹਿਬ | --- | 1218000.00 | 1722389.00 | 178815.00 | 110125.00 | --- | 918690.00 | 2156.00 | --- | 283142.00 | 4433317.00 |
| ਗੁਰਦੁਆਰਾ ਬਾਲਾ ਸਾਹਿਬ | --- | 123120.00 | 583575.00 | 123723.00 | --- | --- | 606639.00 | --- | --- | 189195.00 | 1626252.00 |
| ਗੁਰਦੁਆਰਾ ਦਮਦਮਾ ਸਾਹਿਬ | --- | --- | 167272.00 | 26585.00 | 1913.00 | --- | 129740.00 | 694.00 | --- | 223369.00 | 549573.00 |
| ਗੁਰਦੁਆਰਾ ਮਜਨੂੰ ਟਿੱਲਾ | --- | 148084.00 | 541809.00 | 37154.00 | 83625.00 | --- | 402680.00 | --- | --- | 187625.00 | 1400977.00 |
| ਗੁਰਦੁਆਰਾ ਮਾਤਾ ਸੁੰਦਰੀ ਜੀ | --- | 39720.00 | 169602.00 | 7200.00 | 34400.00 | --- | 106069.00 | 1950.00 | --- | 71215.00 | 430156.00 |
| ਗੁਰਦੁਆਰਾ ਮੋਤੀ ਬਾਗ | --- | 227765.00 | 997375.00 | 118369.00 | 21570.00 | --- | 343210.00 | 650.00 | --- | 318947.00 | 2027886.00 |
| ਗੁਰਦੁਆਰਾ ਦਰੀਆ ਗੰਜ | --- | 6510.00 | 2431.00 | --- | --- | --- | 14700.00 | --- | --- | 9850.00 | 33491.00 |
| ਗੁਰਦੁਆਰਾ ਢੱਕਾ ਧੀਰਪੁਰ | --- | 26040.00 | 41114.00 | 3600.00 | --- | --- | 19230.00 | --- | --- | 8817.00 | 98801.00 |
| ਗੁਰਦੁਆਰਾ ਕਰੋਲ ਬਾਗ | --- | --- | 45101.00 | --- | --- | --- | 77020.00 | --- | --- | 23100.00 | 145221.00 |
| ਗੁਰਦੁਆਰਾ ਬਦਰਪੁਰ | --- | --- | 12429.00 | --- | --- | --- | 11150.00 | 1794.00 | --- | 116684.00 | 142057.00 |
| ਗੁਰਦੁਆਰਾ ਬੰਦਾ ਸਿੰਘ ਬਹਾਦਰ ਜੀ | --- | 69298.00 | 21062.00 | 7200.00 | --- | --- | 37800.00 | --- | --- | 181763.00 | 317123.00 |
| ਗੁਰਦੁਆਰਾ ਭਾਈ ਲਾਲੋ ਜੀ | --- | --- | --- | 14400.00 | --- | --- | --- | --- | --- | 34328.00 | 48728.00 |
| ਗੁਰਦੁਆਰਾ ਰਣਜੀਤ ਨਗਰ | --- | 20025.00 | 18099.00 | --- | --- | --- | 27390.00 | --- | --- | 28414.00 | 93928.00 |
| ਗੁਰਪੁਰਬ ਫੁਟਕਲ | --- | --- | --- | --- | --- | --- | --- | --- | --- | 1451743.00 | 1451743.00 |
| ਡਿਸਪੈਂਸਰੀ ਜੀ.ਐਚ.ਕੇ. ਹਰਿਗੋਬਿੰਦ ਐਨਕਲੇਵ | --- | --- | --- | --- | --- | --- | --- | --- | --- | 21483.00 | 21483.00 |
| ਡਿਸਪੈਂਸਰੀ ਹਰੀ ਨਗਰ | --- | --- | --- | --- | 34513.00 | --- | --- | --- | --- | 533483.00 | 567996.00 |
| ਡਿਸਪੈਂਸਰੀ ਰਮੇਸ਼ ਨਗਰ | --- | --- | --- | --- | --- | --- | --- | --- | --- | 67376.00 | 67376.00 |
| ਗੁਰਦੁਆਰਾ ਬਾਲਾ ਸਾਹਿਬ ਹਸਪਤਾਲ | --- | --- | --- | --- | --- | --- | --- | --- | --- | 103931.00 | 103931.00 |
| ਗੁਰਦੁਆਰਾ ਬੰਗਲਾ ਸਾਹਿਬ ਹਸਪਤਾਲ | --- | --- | --- | --- | --- | --- | --- | --- | --- | 179431.00 | 179431.00 |
| ਗੁਰੂ ਨਾਨਕ ਹਸਪਤਾਲ, ਗੁ. ਨਾਨਕ ਪਿਆਉ | --- | --- | --- | --- | --- | --- | --- | --- | --- | 242849.00 | 242849.00 |
| ਗ੍ਰੈਚੁਟੀ | --- | --- | --- | --- | --- | --- | --- | --- | --- | 264743.00 | 264743.00 |
| ਕੰਪਿਊਟਰ ਸਾਫਟਵੇਅਰ ਅਤੇ ਹਾਰਡਵੇਅਰ ਫੁਟਕਲ | --- | --- | --- | --- | --- | --- | --- | --- | --- | 72219.00 | 72219.00 |
| ਰਾਗੀ ਭੇਟਾ | --- | --- | --- | --- | --- | --- | --- | --- | --- | 428361.00 | 428361.00 |
| ਸਟਾਫ਼ ਵਰਦੀਆਂ | --- | --- | --- | --- | --- | --- | --- | --- | --- | --- | --- |
| ਗੁਰੂ ਨਾਨਕ ਸੁਖਸ਼ਾਲਾ, ਰਜਿੰਦਰ ਨਗਰ | --- | --- | --- | --- | --- | --- | --- | --- | --- | 31842.00 | 31842.00 |
| 300 ਸਾਲਾ ਸ਼ਹੀਦੀ ਸ਼ਤਾਬਦੀ ਬਾਬਾ ਬੰਦਾ ਸਿੰਘ ਬਹਾਦਰ | --- | --- | --- | --- | --- | --- | --- | --- | --- | --- | --- |
| ਗੁਰਮਤਿ ਕਾਲਜ ਗੁਰਦੁਆਰਾ ਮਾਤਾ ਸੁੰਦਰੀ ਜੀ | --- | --- | --- | --- | --- | --- | --- | --- | --- | 172882.00 | 172882.00 |
| ਸਹਾਇਤਾ | --- | --- | --- | --- | --- | --- | --- | --- | --- | 4156640.00 | 4156640.00 |
| ਲੀਗਲ ਚਾਰਜ | --- | --- | --- | --- | --- | --- | --- | --- | --- | 1010519.00 | 1010519.00 |
| ਐਜੂਕੈਸ਼ਨ ਕੌਂਸਿਲ | --- | --- | --- | --- | --- | --- | --- | --- | --- | 27004.00 | 27004.00 |
| ਪੈਟਰੋਲ, ਡੀਜ਼ਲ ਅਤੇ ਸੀ.ਐਨ.ਜੀ. | --- | --- | --- | --- | --- | --- | --- | --- | --- | 884431.00 | 884431.00 |

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜੁਲਾਈ 2017 (*ਖਰਚ ਭਾਗ)

| ਖਾਤਾ | ਪਿੰਨੀ ਪ੍ਰਸ਼ਾਦਿ | ਪ੍ਰਸ਼ਾਦਿ | ਲੰਗਰ | ਪਾਠ | ਬਿਲਡਿੰਗ | ਤਨਖਾਹ | ਬਿਜਲੀ ਤੇ ਪਾਣੀ | ਟੈਲੀਫੋਨ | ਇਮਾ. ਮੁਰੰਮਤ | ਫੁਟਕਲ | ਜੋੜ |
|---|---|---|---|---|---|---|---|---|---|---|---|
| ਪਿੰਨੀ ਪ੍ਰਸ਼ਾਦਿ | 436263.00 | --- | --- | --- | --- | --- | --- | --- | --- | --- | 436263.00 |
| ਪ੍ਰਿੰਟਿੰਗ ਪ੍ਰੈਸ ਫੁਟਕਲ | --- | --- | --- | --- | --- | --- | --- | --- | --- | 46280.00 | 46280.00 |
| ਮੁਰੰਮਤ ਗੁਰਦੁਆਰੇ | --- | --- | --- | --- | --- | --- | --- | --- | --- | 20859.00 | 20859.00 |
| ਮੁਰੰਮਤ ਅਤੇ ਰੱਖ-ਰਖਾਵ ਗੱਡੀਆਂ | --- | --- | --- | --- | --- | --- | --- | --- | --- | 87859.00 | 87859.00 |
| ਜਾਇਦਾਦ ਗੁਰਦੁਆਰਾ ਮੰਗੋਲ ਪੁਰੀ | --- | --- | --- | --- | --- | --- | --- | --- | --- | 48121.00 | 48121.00 |
| ਐਡਵਰਟਾਈਜ਼ਮੈਂਟ | --- | --- | --- | --- | --- | --- | --- | --- | --- | 562550.00 | 562550.00 |
| ਸਕੋਲਰਸ਼ਿਪ | --- | --- | --- | --- | --- | --- | --- | --- | --- | --- | --- |
| ਆਫਿਸ ਖਰਚੇ ਅਤੇ ਤਨਖਾਹ | --- | --- | --- | --- | --- | 27582405.00 | --- | 58042.00 | --- | 1626953.00 | 29267400.00 |
| ਪ੍ਰਚਾਰ ਫੁਟਕਲ | --- | --- | --- | --- | --- | --- | --- | --- | --- | 2480117.00 | 2480117.00 |
| ਪ੍ਰਚਾਰ ਅਲਵਰ | --- | --- | --- | --- | --- | --- | --- | --- | --- | 71333.00 | 71333.00 |
| ਪ੍ਰਚਾਰ ਕਿਤਾਬਾਂ | --- | --- | --- | --- | --- | --- | --- | --- | --- | 6944.00 | 6944.00 |
| ਸਟਾਫ ਸਗਨ ਸਕੀਮ | --- | --- | --- | --- | --- | --- | --- | --- | --- | --- | --- |
| ਪ੍ਰੋਵੀਡੈਂਟ ਫੰਡ | --- | --- | --- | --- | --- | --- | --- | --- | --- | --- | --- |
| ਪ੍ਰਚਾਰ ਸੀਸ ਗੰਜ | --- | --- | --- | --- | --- | --- | --- | --- | --- | 10933.00 | 10933.00 |
| ਪ੍ਰੋਪਰਟੀ ਅੰਮ੍ਰਿਤਸਰ (ਪੰਜਾਬ) | --- | --- | --- | --- | --- | --- | --- | --- | --- | 574975.00 | 574975.00 |
| ਪ੍ਰੋਪਰਟੀ ਝੰਡੇਵਾਲਾ | --- | --- | --- | --- | --- | --- | --- | --- | --- | 1966.00 | 1966.00 |
| ਪ੍ਰੋਪਰਟੀ ਰਾਜ ਨਗਰ, ਪਾਲਮ | --- | --- | --- | --- | --- | --- | --- | --- | --- | 51181.00 | 51181.00 |
| ਗੁਰਦੁਆਰਾ ਬੈਕੁੰਠ ਧਾਮ, ਪੰਜਾਬ ਖੋੜ | --- | --- | --- | --- | --- | --- | --- | --- | --- | 7245.00 | 7245.00 |
| ਪ੍ਰਾਪਰਟੀ ਮਿਲਾਪ ਨਗਰ/ਉਤਮ ਨਗਰ | --- | --- | --- | --- | --- | --- | --- | --- | --- | 45638.00 | 45638.00 |
| ਲੀਵ ਅਤੇ ਕੈਸ਼ ਪੇਡ ਅਕਾਊਂਟ | --- | --- | --- | --- | --- | --- | --- | --- | --- | 210100.00 | 210100.00 |
| ਗੱਡੀਆਂ, ਕਾਰ, ਬੱਸ, ਸਵਰਾਜ ਮਾਜਦਾ ਟੈਂਪੂ | --- | --- | --- | --- | --- | --- | --- | --- | --- | 107047.00 | 107047.00 |
| ਫਰਨੀਚਰ ਅਤੇ ਫਿਕਸਚਰ | --- | --- | --- | --- | --- | --- | --- | --- | --- | 5775.00 | 5775.00 |
| ਜ਼ਮੀਨ ਗੁਰਮਤਿ ਪ੍ਰਚਾਰ, ਮੋਰੀ ਗੇਟ | --- | --- | --- | --- | --- | --- | --- | --- | --- | 108854.00 | 108854.00 |
| ਆਈ.ਟੀ.ਸੀ. ਬਦਰਪੁਰ | --- | --- | --- | --- | --- | --- | --- | --- | --- | 167316.00 | 167316.00 |
| ਵਸਤੂਆਂ ਫੁਟਕਲ | --- | --- | --- | --- | --- | --- | --- | --- | --- | 158794.00 | 158794.00 |
| ਸਕੂਲ/ਕਾਲਜ ਬਿਲਡਿੰਗ ਅਕਾਊਂਟ | --- | --- | --- | --- | --- | --- | --- | --- | --- | --- | --- |
| ਸਕੂਲ/ਕਾਲਜ ਫੁਟਕਲ ਅਕਾਊਂਟ | --- | --- | --- | --- | --- | --- | --- | --- | --- | 1209524.00 | 1209524.00 |
| ਸਕੂਲ/ਕਾਲਜ ਡੈਫੀਸੀਏਟ | --- | --- | --- | --- | --- | --- | --- | --- | --- | 845245.00 | 845245.00 |
| ਐਸ.ਜੀ.ਐਚ.ਆਈ.ਟੀ. ਸੈਂਟਰ ਤਿਲਕ ਨਗਰ | --- | --- | --- | --- | --- | --- | --- | --- | --- | 121431.00 | 121431.00 |
| ਟੀ.ਏ.ਡੀ.ਏ. | --- | --- | --- | --- | --- | --- | --- | --- | --- | 20050.00 | 20050.00 |
| ਪੁਸਤਕ ਪ੍ਰਦਰਸ਼ਨੀ | --- | --- | --- | --- | --- | --- | --- | --- | --- | --- | --- |
| ਭਾਈ ਘਨ੍ਹਈਆ ਇੰਸਟੀਚਿਊਟ | --- | --- | --- | --- | --- | --- | --- | --- | --- | 73840.00 | 73840.00 |
| ਗੁਰਦੁਆਰਾ ਅਤੇ ਹੋਰ | --- | --- | --- | --- | --- | --- | --- | --- | --- | 164735.00 | 164735.00 |
| ਬੈਂਕ ਚਾਰਜਿਸ | --- | --- | --- | --- | --- | --- | --- | --- | --- | --- | --- |

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚਿੱਠਾ ਆਮਦਨ-ਖਰਚ ਮਹੀਨਾ ਜੁਲਾਈ 2017 (*ਖਰਚ ਭਾਗ)

| ਖਾਤਾ | ਪਿੰਨੀ ਪ੍ਰਸ਼ਾਦਿ | ਪ੍ਰਸ਼ਾਦਿ | ਲੰਗਰ | ਪਾਠ | ਬਿਲਡਿੰਗ | ਤਨਖਾਹ | ਬਿਜਲੀ ਤੇ ਪਾਣੀ | ਟੈਲੀਫੋਨ | ਇਮਾ. ਮੁਰੰਮਤ | ਫੁਟਕਲ | ਜੋੜ |
|---|---|---|---|---|---|---|---|---|---|---|---|
| ਫਤਿਹ ਮਾਰਚ | --- | --- | --- | --- | --- | --- | --- | --- | --- | 30964.00 | 30964.00 |
| ਕਨਵੈਂਨਸ (ਰਾਗੀਆਂ) | --- | --- | --- | --- | --- | --- | --- | --- | --- | --- | --- |
| ਆਫਿਸ ਸਟੇਸ਼ਨਰੀ | --- | --- | --- | --- | --- | --- | --- | --- | --- | 15392.00 | 15392.00 |
| ਹਾਲ ਬੁਕਿੰਗ, ਗੁਰਦੁਆਰਾ ਰਕਾਬ ਗੰਜ ਸਾਹਿਬ | --- | --- | --- | --- | --- | --- | --- | --- | --- | --- | --- |
| ਪ੍ਰੋਪਰਟੀ ਬੀਘੜ | --- | --- | --- | --- | --- | --- | --- | --- | --- | 25840.00 | 25840.00 |
| 1984 ਦੰਗਾ ਪੀੜ੍ਰਤ | --- | --- | --- | --- | --- | --- | --- | --- | --- | 3944.00 | 3944.00 |
| ਆਡਿਟ ਫੀਸ | --- | --- | --- | --- | --- | --- | --- | --- | --- | --- | --- |
| ਗੁਰਬਾਣੀ ਸੰਗੀਤ ਅਕੈਡਮੀ | --- | --- | --- | --- | --- | --- | --- | --- | --- | --- | --- |
| ਮੋਟਰ ਇੰਸੋਰੈਂਸ | --- | --- | --- | --- | --- | --- | --- | --- | --- | 62249.00 | 62249.00 |
| ਗੁਰਦੁਆਰਾ ਸਰਿਤਾ ਵਿਹਾਰ | --- | --- | --- | --- | --- | --- | --- | --- | --- | --- | --- |
| ਗੁਰਦੁਆਰਾ ਜੈਤ ਪੁਰ | --- | --- | --- | --- | --- | --- | --- | --- | --- | --- | --- |
| ਡਿਸਪੈਂਸਰੀ ਸੀਸ ਗੰਜ | --- | --- | --- | --- | --- | --- | --- | --- | --- | 593.00 | 593.00 |
| ਪ੍ਰੋਪਰਟੀ ਨਾਂਦੇੜ | --- | --- | --- | --- | --- | --- | --- | --- | --- | --- | --- |
| ਸ੍ਰੀ ਅਨੰਦਪੁਰ ਵਾਈਟ ਵਾਸ | --- | --- | --- | --- | --- | --- | --- | --- | --- | --- | --- |
| ਸੂਦ | --- | --- | --- | --- | --- | --- | --- | --- | --- | --- | --- |
| ਜਸਟਿਸ ਉਂਕਾਰ ਸਿੰਘ ਲਾਅ ਟਰੱਸਟ | --- | --- | --- | --- | --- | --- | --- | --- | --- | 650.00 | 650.00 |
| ਸਟਾਫ ਇੰਸੋਰੈਂਸ ਐਕਸੀਡੈਂਟਲ | --- | --- | --- | --- | --- | --- | --- | --- | --- | --- | --- |
| ਗੁਰਦੁਆਰਾ ਰਕਾਬ ਗੰਜ ਸਾਹਿਬ ਕਨਸਟਰੈਕਸ਼ਨ ਅਤੇ ਡਿਵੈਲਮੈਂਟ | | --- | --- | --- | --- | --- | --- | --- | --- | --- | --- |
| ਐਲ.ਟੀ.ਸੀ. | --- | --- | --- | --- | --- | --- | --- | --- | --- | 13020.00 | 13020.00 |
| ਕੈਰੀਅਰ ਗਾਇਡੈਂਸ ਕੈਂਪ | --- | --- | --- | --- | --- | --- | --- | --- | --- | 93370.00 | 93370.00 |
| ਘੁਮਾਂਤਰੂ ਸਮਾਜ | --- | --- | --- | --- | --- | --- | --- | --- | --- | 2659.00 | 2659.00 |
| ਜਥੇਦਾਰ ਸੰਤੋਖ ਸਿੰਘ ਖਾਲਸਾ ਸਕੂਲ | --- | --- | --- | --- | --- | --- | --- | --- | --- | 331672.00 | 331672.00 |
| ਗੁਰਪੁਰਬ ਕੀਰਤਨ ਭੇਟਾ | --- | --- | --- | --- | --- | --- | --- | --- | --- | 227000.00 | 227000.00 |
| 350ਵਾਂ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | --- | --- | --- | --- | --- | --- | --- | --- | --- | 16244.00 | 16244.00 |
| ਗੁਰਦੁਆਰਾ ਟੀ.ਡੀ.ਆਈ ਸਿਟੀ ਫੁਟਕਲ | --- | --- | --- | --- | --- | --- | --- | --- | --- | 76913.00 | 76913.00 |
| ਆਈ.ਟੀ.ਆਈ ਮੰਗੋਲਪੁਰੀ | --- | --- | --- | --- | --- | --- | --- | --- | --- | 64098.00 | 64098.00 |
| ਨਵੰਬਰ 1984 ਸਿੱਖ ਕਤਲੇਆਮ ਮੈਮੋਰੀਅਲ (ਫੁਟਕਲ) | --- | --- | --- | --- | --- | --- | --- | --- | --- | 30950.00 | 30950.00 |
| ਪ੍ਰੋਪਰਟੀ ਸਰਾਂਏ ਭੁਲਾਨਾ (ਫੁਟਕਲ) | --- | --- | --- | --- | --- | --- | --- | --- | --- | 39550.00 | 39550.00 |
| ਜੋੜ : ਜੁਲਾਈ 2017 | 436263.00 | 9325219.00 | 17736189.00 | 2516054.00 | 1685256.00 | 27582405.00 | 8794278.00 | 75978.00 | 0.00 | 24551016.00 | 92702658.00 |
| ਅਪ੍ਰੈਲ 2017 ਤੋਂ ਜੂਨ 2017 | 1086970.00 | 25179116.00 | 45362262.00 | 9477707.00 | 13990293.00 | 83617325.00 | 19687949.50 | 423957.00 | 0.00 | 96112256.50 | 295228236.00 |
| ਅਪ੍ਰੈਲ 2017 ਤੋਂ ਜੁਲਾਈ 2017 | 1523233.00 | 34504335.00 | 63098451.00 | 11993761.00 | 15675549.00 | 111199730.00 | 28482227.50 | 499935.00 | 0.00 | 120663272.50 | 387930894.00 |

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਅਜਮੇਰ ਸਿੰਘ ਚੀਫ ਐਡਮਨਿਸਟ੍ਰੇਟਰ, ਪ੍ਰਿੰਟਰ ਤੇ ਪਬਲੀਸ਼ਰ ਨੇ ਗੁਰ ਉਪਦੇਸ਼ ਪ੍ਰਿੰਟਰਜ਼, ਗੁਰੂ ਗ੍ਰੰਥ ਸਾਹਿਬ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ ਤੋਂ ਕੰਪੋਜ਼ ਕਰਵਾ ਅਤੇ ਛਪਵਾ ਕੇ ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001 ਤੋਂ ਪ੍ਰਕਾਸ਼ਤ ਕੀਤਾ।

*All figures are Provisional only and Subject to Change.

"SIS GANJ" Monthly, New Delhi
Date of Publishing : 24 AUGUST 2017
Date of Posting : 1-2 SEPTEMBER 2017
Posted at NEW DELHI, PSO Mkt. Road, New Delhi-110001

# SEPTEMBER 2017

Regd. No. DL (ND)-11/6040/2015-16-17
Licensed to post without Pre-Payment vide U(c) 224/2015-2017
Regd. No. R.N.I. 10622/64



ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਹਸਨ ਅਬਦਾਲ (ਪਾਕਿਸਤਾਨ)